Dekhni Oangkaar & Sidh Gost

SRI GURU GRANTH SAHIB JI ACADEMY

1st Edition- 2012

Dekhni Oangkaar

A SRI GURU GRANTH SAHIB JI ACADEMY PUBLICATION

ਉਥਾਨਕਾ : ਗੁਰੂ ਨਾਨਕ ਦੇਵ ਜੀ ਜਦ ਉਦਾਸੀਆਂ ਸਮੇ ਦੱਖਣ ਦੇਸ਼ ਵਿਚ 'ਨਰਬਦਾ' ਨਦੀ ਦੇ ਕਿਨਾਰੇ 'ਓਅੰਕਾਰ' ਨਾਮੇ ਇੱਕ ਮਹਾਂਦੇਵ (ਸ਼ਿਵ ਜੀ) ਦਾ ਮੰਦਰ ਹੈ, ਉਥੇ ਪਹੁੰਚੇ ਤਾਂ ਅੱਗੇ ਇਕ ਪਾਂਧਾ ਲੜਕਿਆਂ ਨੂੰ ਅੱਖਰ ਪੜ੍ਹਾ ਰਿਹਾ ਸੀ, ਗੁਰੂ ਜੀ ਨੇ ਪੁੱਛਿਆ ਹੇ ਭਾਈ! ਨਿਰੇ ਅੱਖਰ ਹੀ ਪੜ੍ਹਾਉਣੇ ਜਾਣਦਾ ਹੈਂ ਕਿ ਇਨ੍ਹਾਂ ਦਾ ਅਰਥ ਵੀ ਜਾਣਦਾ ਹੈਂ। ਪਾਂਧੇ ਨੇ ਕਿਹਾ 'ਇਨ੍ਹਾਂ ਦਾ ਅਰਥ ਕਿਰਪਾ ਕਰਕੇ ਆਪ ਸੁਣਾਓ ਮੈ ਨਹੀ ਜਾਣਦਾ। ਤਿਸ ਵੇਲੇ ਗੁਰੂ ਜੀ ਨੇ ਇਸ ਬਾਣੀ ਦਾ ਉਚਾਰਣ ਕੀਤਾ।

Prologue: Once Guru Nanak Dev Ji visited the south, there was a Shiva's temple at the bank of river Narbeda by the name of Oangkaar. In the temple one teacher was teaching alphabets to number of children, Guru Ji approached and ask 'Dear brother, you only know to teach alphabets or you also understand the meanings of these alphabets'. The teacher answered 'I don't know the meanings of these alphabet, please kindly be graceful and utter the meanings'. Guru Ji then uttered the following hymn.

ਰਾਮਕਲੀ ਮਹਲਾ ੧

ਗੁਰੂ ਨਾਨਕ ਦੇਵ ਜੀ ਦੁਆਰਾ 'ਰਾਮਕਲੀ ਰਾਗਨੀ' ਵਿੱਚ ਉਚਾਰਣ ਕੀਤੀ ਬਾਣੀ।

Guru Nanak Dev Ji uttered the following hymn in Ramkali Ragni.

ਦਖਣੀ ਓਅੰਕਾਰੁ

ਦਖਣੀ ਓਅੰਕਾਰੁ ਇਸ ਬਾਣੀ ਦਾ ਸਿਰਲੇਖ ਹੈ।

Dekhni Oangkaar is the title of the hymn.

੧ਓ ਸਤਿਗੁਰ ਪ੍ਰਸਾਦਿ ॥

ਇੱਕ ਅਦੁੱਤ ਪ੍ਰਮਾਤਮਾ ਹੈ, ਜੋ ਸਾਰਿਆਂ ਦਾ ਪ੍ਰਕਾਸ਼ਕ ਹੈ ਅਤੇ ਉਸ ਨੂੰ ਸੱਚੇ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

There is one without any else (Eak), universal creator (Ongkar), True in all past, present and future (Sat), vanishes the darkness of ignorance with brightness of knowledge (Gur), attainable with such Guru's grace (Persad).

ਓਅੰਕਾਰਿ ; ਬ੍ਰਹਮਾ ਉਤਪਤਿ ॥
ਓਅੰਕਾਰੁ ; ਕੀਆ ਜਿਨਿ ਚਿਤਿ ॥

ਪਦ ਅਰਥ:- ਓਅੰਕਾਰਿ-ਸਰਬ ਵਿਆਪਕ ਪ੍ਰਮਾਤਮਾ, the creator, omnipresent। **ਬ੍ਰਹਮਾ-** Brahma- the constructor। **ਉਤਪਤਿ-ਉਤਪੱਤੀ,** creation। **ਕੀਆ-** did। **ਜਿਨਿ-** who। **ਚਿਤਿ-** remember।

ਸਰਬ ਵਿਆਪਕ ਅਤੇ ਸਾਰਿਆਂ ਦਾ ਪ੍ਰਕਾਸ਼ਕ ਪ੍ਰਮਾਤਮਾ ਤੋ ਬ੍ਰਹਮਾ ਦਾ ਵੀ ਜਨਮ ਹੋਇਆ, ਇਹ ਬ੍ਰਹਮਾ ਕੌਣ ਹੈ? ਜਿਸ ਨੇ ਸਰਬ ਵਿਆਪਕ ਅਤੇ ਪ੍ਰਕਾਸ਼ਕ ਪ੍ਰਮਾਤਮਾ ਦਾ ਸਿਮਰਨ ਕੀਤਾ।

Almighty the universal creator (Oangkar) created Brahma, who is Brahma?

Brahma who remembered Almighty. (Note: Almighty is known as Oangkar when He creates the universe)

ਓਅੰਕਾਰਿ ; ਸੈਲ ਜੁਗ ਭਏ ॥
ਓਅੰਕਾਰਿ ; ਬੇਦ ਨਿਰਮਏ ॥

ਪਦ ਅਰਥ:- ਸੈਲ-ਪਰਬਤ, mountain। **ਜੁਗ-ਚਾਰ ਜੁਗ ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ,** age-Satyug, Tretha, Duapur & Kalyug। **ਬੇਦ-ਚਾਰ ਵੇਦ ਰਿਗਵੇਦ, ਯੁਜਰਵੇਦ, ਸਾਮਵੇਦ, ਅਥਰਵੇਦ,** Vedas। **ਨਿਰਮਏ-ਪੈਦਾ ਹੋਏ,** created।

ਉਸ ਪ੍ਰਮਾਤਮਾ ਤੋਂ ਹੀ ਚਾਰ ਪਰਬਤ ਉਦਿਆਚਲ, ਅਸਥਾਚਲ, ਬਿੰਧਿਆਚਲ, ਮੰਦ੍ਰਾਚਲ ਹੋਏ ਹਨ ਅਤੇ ਸੁਮੇਰ ਪਰਬਤ ਮੱਧ ਵਿਚਕਾਰ ਇਸਥਿਤ ਹੈ। ਉਸ ਤੋਂ ਹੀ ਚਾਰ ਜੁਗ ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ਪੈਦਾ ਹੋਏ। ਉਸ ਪ੍ਰਮਾਤਮਾ ਤੋ ਹੀ ਚਾਰ ਵੇਦ ਰਿਗ ਵੇਦ, ਯੁਜਰ ਵੇਦ, ਸਾਮ ਵੇਦ, ਅਥਰ ਵੇਦ ਪੈਦਾ ਹੋਏ।

It is all from Almighty, the universal creator (Oangkar), four (4) mountains (Udachal, Astachal, Bindyachal and Mundrachal) is created in order to establish the earth code and divided the duration of the creation in four (4) ages (Sat-yug, Thretha-yug, Duapur-yug & Kal-yug).

It is from Almighty, the universal creator (Ongkar) the knowledge (Vedh – there are 4 early scriptures Rig, Yujhar, Sham & Atherban) is created.

ਓਅੰਕਾਰਿ ; ਸਬਦਿ ਉਧਰੇ ॥
ਓਅੰਕਾਰਿ ; ਗੁਰਮੁਖਿ ਤਰੇ ॥

ਪਦ ਅਰਥ:- ਸਬਦਿ- ਸ਼ਬਦ ਵਿੱਚ ਜੁੜ ਕੇ, the Guru's sermons। **ਉਧਰੇ-ਡੁੱਬਣ ਤੋਂ ਬਚਦੇ ਹਨ,** saved from drowning in worldly ocean। **ਗੁਰਮੁਖਿ-ਮੁੱਖੀ ਗੁਰੂ ਦੁਆਰਾ,** through a Guru। **ਤਰੇ-** swim across।

ਜੀਵ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਉਸ ਪ੍ਰਮਾਤਮਾ ਦੀ ਸਹਾਇਤਾ ਨਾਲ ਸੰਸਾਰ ਦੇ ਵਿਕਾਰਾਂ ਵਿੱਚ ਡੁੱਬਣ ਤੋਂ ਬਚਦੇ ਹਨ। ਗੁਰੂ ਦੁਆਰਾ ਉਸ ਪ੍ਰਮਾਤਮਾ ਦੇ ਸਿਮਰਨ ਨਾਲ ਜੀਵ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਦੇ ਹਨ।

It is all from Almighty, the universal creator's (Ongkaar) meditation that jeev (being) obtains salvation and Almighty has saved the divine knowledge from demons (the five vices).

With Almighty's meditation through Guru, jeev (being) swims across this materialistic worldly ocean.

ਓਨਮ ਅਖਰ ; ਸੁਣਹੁ ਬੀਚਾਰੁ ॥

ਪਦ ਅਰਥ:- ਓਨਮ:-ਮੰਗਲ ਸਰੂਪ, ਨਮਸਕਾਰ ਕਰਨੇ ਯੋਗ ਪ੍ਰਮੇਸਵਰ। ਅਖਰ-ਅ= beyond + **ਖਰ=**destruction। **ਸੁਣਹੁ**-listen। **ਬੀਚਾਰ**-contemplation। **ਤ੍ਰਿਭਵਣ-ਤਿੰਨ ਭਵਨ,** three worlds।

ਮੰਗਲ ਸਰੂਪ, ਨਮਸਕਾਰ ਕਰਨੇ ਯੋਗ ਜੋ ਪ੍ਰਮੇਸਰ ਹੈ, ਉਸ ਦਾ ਵਿਚਾਰ ਸੁਣੋ। ਓਨਮ ਜੋ ਨਾਸ ਤੋਂ ਰਹਿਤ ਹੈ ਤਿੰਨਾਂ ਭਵਨਾਂ ਦਾ ਸਾਰ ਸਿਧਾਂਤ ਰੂਪ ਹੈ ॥੧॥

Almighty who is worthy of salutation (namaskar – prostrate in respect) and beyond destruction (Abinasi – imperishable) therefore listen to the contemplation of Almighty who is the principal of all the three worlds.

ਸੁਣਿ ਪਾਡੇ ; ਕਿਆ ਲਿਖਹੁ ਜੰਜਾਲਾ ॥
ਲਿਖੁ , ਰਾਮ ਨਾਮ ; ਗੁਰਮੁਖਿ ਗੋਪਾਲਾ ॥੧॥ ਰਹਾਉ ॥

ਪਦ ਅਰਥ:- ਸੁਣਿ–listen। **ਪਾਡੇ**–Pandit, scholar। **ਕਿਆ**–what। **ਲਿਖਹੁ–ਲਿਖਣਾ,** write, compose। **ਜੰਜਾਲਾ– ਬੰਧਨ, ਸੰਸਾਰਿਕ ਝਬੇਲੇ,** bondage। **ਲਿਖੁ**–write। **ਗੁਰਮੁਖਿ–ਗੁਰੂ ਦੁਆਰਾ,** through the leader Guru। **ਗੋਪਾਲਾ**–Universal Sustainer।

ਹੇ ਪਾਂਡੇ! ਸੁਣ, ਨਿਰੀ ਵਾਦ-ਵਿਵਾਦ ਤੇ ਸੰਸਾਰਿਕ ਝਮੇਲਿਆਂ ਜੋ ਬੰਧਨ ਰੂਪ ਹਨ ਇਨਾਂ ਅਖਰਾਂ ਵਾਲੀ ਲਿਖਾਈ ਲਿਖਣ ਦਾ ਕੋਈ ਆਤਮਿਕ ਲਾਭ ਨਹੀ ਹੋ ਸਕਦਾ। ਗੁਰੂ ਦੁਆਰਾ ਸ੍ਰਿਸਟੀ ਦੇ ਮਾਲਕ ਪ੍ਰਮਾਤਮਾ ਦਾ ਨਾਮ ਹੀ ਆਪਣੇ ਮਨ ਵਿੱਚ ਲਿਖ॥੧॥ ਰਹਾਉ॥

Dear Pandit listen, why are you writing the letters, which creates bondage of deeds (karma). Through Guru write the omnipresent (Ram) universal sustainer (Gopal) Almighty's Name. Pause (Rahao)

ਸਸੈ ਸਭੁ ਜਗੁ ਸਹਜਿ ਉਪਾਇਆ ; ਤੀਨਿ ਭਵਨ ਇਕ ਜੋਤੀ ॥

ਪਦ ਅਰਥ:- ਸਸੈ–ਸੱਸਾ ਅੱਖਰ ਦੁਆਰਾ, the letter '**ਸ**'। **ਸਭੁ**–entire ।**ਸਹਜਿ–ਸਹਜੇ ਹੀ, ਬਿਨਾ ਕਿਸੇ ਉਦਮ ਦੇ,** without any effort, with ease। **ਉਪਾਇਆ**–created। **ਤੀਨਿ ਭਵਨ–ਤਿੰਨਾਂ ਭਵਨਾਂ ਅਕਾਸ਼, ਪਾਤਾਲ, ਮਾਤ ਲੋਕ ਵਿੱਚ,** three worlds।

ਸੱਸੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਇਕ ਜੋਤੀ ਸਰੂਪ ਪ੍ਰਮਾਤਮਾ ਨੇ ਤਿੰਨ ਭਵਨ ਰੂਪ ਸਾਰੇ ਜਗਤ ਨੂੰ ਬਿਨਾਂ ਯਤਨ ਤੋ ਪੈਦਾ ਕੀਤਾ ਹੈ।

The contemplation of the letter Sesa, is that the three world's form of the entire universal is created by the Almighty without any effort (sehaj) means it is created in an instant.

ਗੁਰਮੁਖਿ ਵਸਤੁ ਪਰਾਪਤਿ ਹੋਵੈ ; ਚੁਣਿ ਲੈ ਮਾਣਕ ਮੋਤੀ ॥

ਪਦ ਅਰਥ:- ਵਸਤੁ–material, commodity। **ਪਰਾਪਤਿ**–obtain। **ਚੁਣਿ ਲੈ–ਚੁਣ ਲੈਦਾ ਹੈ,** pick, collect। **ਮਾਣਕ**–Gem। **ਮੋਤੀ**–pearl।

ਜੋ ਮਨੁੱਖ ਗੁਰੂ ਦੇ ਦੱਸੇ ਰਸਤੇ ਤੇ ਚਲਦਾ ਹੈ, ਉਹ ਮਨਨ ਰੂਪੀ ਵੈਰਾਗ, ਮੋਤੀ ਚੁਣ ਲੈਂਦੇ ਹਨ ਭਾਵ ਸਾਧ ਸੰਗਤ ਦੁਆਰਾ ਗੁਣਾਂ ਨੂੰ ਧਾਰਦੇ ਹਨ ਅਤੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਅਤਾਮ ਵਾਸਤੂ ਪ੍ਰਾਪਤ ਹੁੰਦੀ ਭਾਵ ਨਿਜ ਸਰੂਪ ਦੀ ਪ੍ਰਾਪਤੀ।

Those Gurmukh who picks the virtues of believing (Manak- gem) and ascetic (Moti-pearl) means that those who embraces virtues through congregations of those who have control over their mind (Sadh Sangat) obtains the principal (Atam) form of material (vastu) in this world means one who collects the divine virtues is enlightened and unites with the real-self (Almighty).

ਸਮਝੈ ਸੂਝੈ ਪੜਿ ਪੜਿ ਬੂਝੈ ; ਅੰਤਿ ਨਿਰੰਤਰਿ ਸਾਚਾ ॥

ਪਦ ਅਰਥ:- ਸਮਝੈ–to understand। **ਸੂਝੈ**–realise। **ਪੜਿ**–read। **ਬੂਝੈ**–ask, enquire। **ਅੰਤਿ–ਆਖਰ ਨੂੰ,** finally। **ਨਿਰੰਤਰਿ–ਇਕ ਰਸ, ਹਰ ਥਾਂ ਮੌਜੂਦ,** consistent। **ਸਾਚਾ–ਥਿਰ ਰਹਿਣ ਵਾਲਾ,** permenant।

ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਅਤੇ ਪ੍ਰਮਾਤਮਾ ਸਰੂਪ ਸਤਿਗੁਰੂ ਨੂੰ ਪੁਛਣ ਤੋਂ ਉਪਦੇਸ਼ ਸਮਝਣ ਦੁਆਰਾ ਅਭਿਆਸ ਕਰਕੇ ਵਾਹਿਗੁਰੂ ਉਨ੍ਹਾਂ ਨੂੰ ਪ੍ਰਗਟ ਹੋ ਦਿਸਦਾ ਹੈ ਜੋਂ ਸਾਰਿਆਂ ਵਿਚ ਇਕ ਰਸ ਹੋਕੇ ਵਰਤ ਰਿਹਾ ਹੈ।

Upon reading the divine books one who seeks wisdom from the True Guru pertaining Almighty's form and through the understanding of Guru's sermon (instruction) and practices (abhiase) accordingly, the ultimate form of all ages (duration), consistent and true Almighty becomes obvious. Guru Ji explains that mere reading and acquired theoretical knowledge is not enough as self-realisation comes through the wisdom of the true Guru.

ਗੁਰਮੁਖਿ ਦੇਖੈ ਸਾਚੁ ਸਮਾਲੇ ; ਬਿਨੁ ਸਾਚੇ ਜਗੁ ਕਾਚਾ ॥੨॥

ਪਦ ਅਰਥ:- ਦੇਖੈ–see। **ਸਾਚੁ ਸਮਾਲੇ–ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾ ਨੂੰ ਯਾਦ ਕਰਦਾ ਹੈ। ਬਿਨੁ**–without। **ਕਾਚਾ–ਨਾਸਵਾਨ,** unriped, false।

ਗੁਰਮੁਖ ਮਨੁੱਖ ਸਦਾ ਨਾਮ ਨੂੰ ਯਾਦ ਕਰਦੇ ਹਨ ਅਤੇ ਥਿਰ ਰਹਿਣ ਵਾਲੇ ਪ੍ਰਮਾਤਮਾ ਨੂੰ ਹਰ ਥਾਂ ਵੇਖਦੇ ਹਨ ਤੇ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ। ਉਸ ਸੱਚੇ ਪ੍ਰਮਾਤਮਾ ਤੋ ਬਿਨਾਂ ਐਸੇ ਗੁਰਮੁਖਾਂ ਨੂੰ ਸਾਰਾ ਸੰਸਾਰ ਨਾਸਵਾਨ ਦਿਸਦਾ ਹੈ॥੨॥

Those Gurmukh who remember the true Almighty's Name, sees with contemplation (vichar) form of eyes that without the true Almighty, the name sake universe is unriped (kacha) and false (mithia).

ਧਧੈ, ਧਰਮੁ ਧਰੇ ਧਰਮਾ ਪੁਰਿ ; ਗੁਣਕਾਰੀ ਮਨੁ ਧੀਰਾ ॥

ਪਦ ਅਰਥ:- ਧਰਮੁ ਧਰੇ-ਧਰਮ ਉਪਦੇਸ਼ਦਾ ਹੈ। ਧਰਮਾ ਪੁਰਿ-ਧਰਮ ਦੀ ਪੁਰੀ। ਗੁਣਕਾਰੀ-ਗੁਣਾਂ ਨੂੰ ਪੈਦਾ ਕਰਨ ਵਾਲਾ, meritorious। **ਧੀਰਾ-ਧੀਰਜਵਾਨ, ਟਿਕਿਆ ਹੋਇਆ,** fortitude, steadfast।

ਧੱਧੇ ਅੱਖਰ ਦਾ ਇਹ ਵਿਚਾਰ ਹੈ ਕਿ ਮਹਾਤਮਾ ਉਹ ਧਰਮ ਨੂੰ ਧਾਰਦੇ ਹਨ ਜੋ ਪੂਰਨ ਧਰਮ ਹੈ ਅਥਵਾ ਜੋ ਸਾਰੇ ਗੁਣਾਂ ਕਰਕੇ ਪੂਰਨ ਹੈ, ਇਸ ਕਰਕੇ ਇਨ੍ਹਾਂ ਗੁਣਕਾਰੀਂ (ਗੁਣਾਂ ਨੂੰ ਧਾਰਨ ਕਰਨ ਵਾਲੇ) ਦਾ ਜੋ ਮਨ ਹੈ ਧੀਰਜ ਨੂੰ ਧਾਰਦਾ ਹੈ, ਭਾਵ ਉਸ ਪਰਮੇਸ਼ਰ ਦੀ ਪ੍ਰਾਪਤੀ ਦੇ ਧਰਮ ਨੂੰ ਧਾਰਨ ਨਾਲ ਹੀ ਇਹ ਜੀਵ ਧਰਮ ਕਰਕੇ ਪੂਰਨ ਹੈ ਅਤੇ ਸ਼ੁਭ ਗੁਣਾਂ ਦੇ ਧਾਰਨ ਕਰਨ ਵਾਲਾ ਹੀ ਮਨ ਦਾ ਧੀਰਜਵਾਨ ਹੁੰਦਾ ਹੈ।

The contemplation of the alphabet Dhedha (ਧ-Dh) is that only those great ones (Mahatma) embraces the religion (faith) which is perfect (means their practices is pure which does not offend any religion), such virtues (meritorious) ones obtains mind’s fortitude (Dhiraj). Guru Ji defines that a true religious person as the one who adopts the faith with complete virtues (values) means that the virtues are more important then the rituals. Guru Ji clearly defined that the perfect religion leads a person to Almighty’s union only if one practices the religion sincerely without any hypocrisy. Sikh religion respects all the religions and emphasizes that one should be focussed self-improvement instead of arguments.

ਧਧੈ, ਧੂਲਿ ਪੜੈ ਮੁਖਿ ਮਸਤਕਿ ; ਕੰਚਨ ਭਏ ਮਨੂਰਾ ॥

ਪਦ ਅਰਥ:- ਧੂਲਿ-ਚਰਨ ਧੂੜ, dust of the feet। **ਪੜੈ-**flies onto, spreads over, smears। **ਮੁਖਿ ਮਸਤਕਿ-ਮੂੰਹ** (face) **ਉੱਤੇ, ਮੱਥੇ** (forehead) **ਉੱਤੇ। ਕੰਚਨ-ਸੋਨਾ,** Gold। **ਮਨੂਰਾ-ਸੜਿਆ ਲੋਹਾ,** iron dross।

ਧੱਧੇ ਦੁਆਰਾ ਕਹਿੰਦੇ ਹਨ ਜਿਸ ਮਨੁੱਖ ਦੇ ਮੂੰਹ-ਮੱਥੇ ਤੇ ਗੁਰੂ ਦੇ ਚਰਨਾਂ ਦੀ ਧੂੜ ਪੈ ਜਾਵੇ, ਉਹ ਮਨੁੱਖ ਨਕਾਰੇ ਤੇ ਸੜੇ ਹੋਏ ਲੋਹੇ ਤੋਂ ਸੋਨਾ ਬਣ ਜਾਂਦਾ ਹੈ, ਅਰਥਾਤ ਉਹ ਮਨੁੱਖ ਸੋਨੇ ਦੀ ਤਰ੍ਹਾਂ ਸ਼ੁੱਧ ਤੇ ਕੀਮਤੀ ਹੋ ਜਾਂਦਾ ਹੈ ਭਾਵ ਵਾਹਿਗੁਰੂ ਦਾ ਰੂਪ ਹੀ ਬਣ ਜਾਂਦਾ ਹੈ।

Through the Dhedha (ਧ-Dh) alphabet Guru Ji says that when the feet dust of such supreme ones (as describe in the earlier line) touches the forehead one becomes pure although the person was dirty (sinful) means becomes the pure Almighty’s form. Guru Ji describes through an example of metal dross (manur) transforming into pure gold which is impossible but for an human to unite with Almighty is possible by the dust of the feet of those who are united.

ਧਨੁ ਧਰਣੀਧਰੁ ਆਪਿ ਅਜੋਨੀ ; ਤੋਲਿ ਬੋਲਿ ਸਚੁ ਪੂਰਾ ॥

ਪਦ ਅਰਥ:- ਧੰਨ–Great, Praiseful। **ਧਰਣੀਧਰੁ–ਪ੍ਰਿਥਵੀ ਨੂੰ ਧਾਰਨ ਵਾਲਾ**, Universal support। **ਅਜੋਨੀ–ਜਨਮ ਰਹਿਤ,** beyond birth। **ਤੋਲ**–weight but here it means contemplation। **ਬੋਲਿ**–speech but here it means true। **ਪੂਰਾ**–complete, perfect।

ਧਰਤੀ ਨੂੰ ਧਾਰਨੇ (ਧਰਣੀਧਰੁ) ਵਾਲਾ ਪ੍ਰਮਾਤਮਾ ਧੰਨ ਹੈ, ਉਹ ਜੂਨੀਆ ਤੋਂ ਰਹਿਤ ਤੇ ਧੰਨਤਾਂ ਤੇ ਯੋਗ ਹੈ, ਉਸ ਦਾ ਬੀਚਾਰ (ਤੋਲ) ਵੀ ਪੂਰਾ ਤੇ ਬੋਲ ਵੀ ਸੱਚਾ ਹੈ।

The Universal Embracial (Dharni-dhar) means that Almighty who is the One who is the sole support of the Universe, who is beyond birth (Ajuni – unborn) and whose comtemplation is perfect and true;

Second meaning: Those saints whose true wealth is Almighty, their contemplation (vichar) is perfect and their speech is true as well means whatever they utter turns into reality.

ਕਰਤੇ ਕੀ ਮਿਤਿ ਕਰਤਾ ਜਾਣੈ ; ਕੈ ਜਾਣੈ ਗੁਰੁ ਸੂਰਾ ॥੩॥

ਪਦ ਅਰਥ:- ਕਰਤੇ–ਵਾਹਿਗੁਰੂ, Creator means Almighty। **ਮਿਤਿ–ਮਰਯਾਦਾ,** Practice, Code of Conduct। **ਜਾਣੈ**–knows। **ਕੈ–ਜਾਂ,** or। **ਸੂਰਾ**–worrior।

ਕਰਤੇ ਦੀ ਮਰਯਾਦਾ ਨੂੰ ਕਰਤਾ ਆਪ ਜਾਣਦਾ ਹੈ ਜਾਂ ਗੁਰੂ ਜਾਣਦਾ ਹੈ ਜੋ ਸੂਰਮਾ ਹੈ। ਗੁਰੂ ਸੂਰਮਾ ਇਸ ਕਰਕੇ ਹੈ ਕੇ ਉਨਾਂ ਨੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨੂੰ ਜਿਤਿਆ ਹੈ॥੩॥

The rules (practices) of the creator (Karta-Almighty) is known to the creator or the warrior (Surma – brave) Guru. Guru is described as a worrior because He is victorious over all the enemies such as lust, anger, greed, attachment, ego, etc.

ਗਿਆਨੁ ਗਵਾਇਆ ਦੂਜਾ ਭਾਇਆ ; ਗਰਬਿ ਗਲੇ ਬਿਖੁ ਖਾਇਆ ॥

ਪਦ ਅਰਥ:- ਗਿਆਨੁ-ਗੁਰੂ ਦਾ ਦਿੱਤਾ ਉਪਦੇਸ, knowledge। **ਗਵਾਇਆ**-to lose। **ਦੂਜਾ-ਗੁਰ ਉਪਦੇਸ ਤੋਂ ਬਿਨਾਂ ਕੁਝ ਹੋਰ**, other then Almighty (Maya)। **ਭਾਇਆ-ਚੰਗਾ ਲੱਗਾ,** like, prefer। **ਗਰਬਿ-ਅਹੰਕਾਰ ਵਿੱਚ,** in ego। **ਗਲੇ-ਗਲ ਗਏ, ਨਿੱਗਰ ਗਏ,** rotten, putrefied। **ਬਿਖੁ-ਜ਼ਹਿਰ,** poison।

ਜਿਸ ਮਨੁੱਖ ਨੇ ਗੁਰੂ ਦੇ ਦਿੱਤੇ ਉਪਦੇਸ਼ ਤੇ ਗਿਆਨ ਨੂੰ ਗਵਾਇਆ ਹੈ ਅਤੇ ਮਾਯਾ ਵਿਚ ਹੀ ਅਪੁਨਾ ਚਿਤ ਲਾਇਆ ਭਾਵ ਉਸ ਨੇ ਸਾਰਾ ਜੀਵਨ ਹੀ ਝੂਠੀ ਮਾਯਾ ਦੇ ਵਿਸ਼ਿਆਂ ਰੂਪੀ ਬਿਖ ਖਾ ਕੇ ਗੁਜਾਰਿਆ ਹੈ ਤੇ ਇਸ ਦੇ ਅਹੰਕਾਰ ਵਿਚ ਹੀ ਗਲ ਗਏ ਹਨ (ਉਹ ਅਹੰਕਾਰ ਵਿੱਚ ਨਿੱਘਰ ਜਾਂਦੇ ਹਨ ਕਿਉਂ ਕੇ ਆਤਮਕ ਮੌਤ ਦਾ ਮੂਲ ਅਹੰਕਾਰ ਰੂਪ ਜ਼ਹਿਰ ਹੈ।

The jeev (being) who losses knowledge by loving Maya (which is describes as other then Almighty), means that the being (jeev) who did not obtain knowledge will be putrefied (rotten) in ego because Maya creates desires and desires created ego therefore he/she consumes the desires form of poison which has diminished their wisdom and they are totally ignorant about the Almighty's existence.

ਗੁਰ ਰਸੁ ਗੀਤ ਬਾਦ ਨਹੀ ਭਾਵੈ ; ਸੁਣੀਐ ਗਹਿਰ ਗੰਭੀਰੁ ਗਵਾਇਆ ॥

ਪਦ ਅਰਥ:- ਗੁਰ-Guru। **ਰਸੁ- ਅਨੰਦ,** bliss। **ਗੀਤ- ਬਾਣੀ,** song which means here Guru' s Hymn or Sermons। **ਬਾਦ- ਗੁਰੂ ਦਾ ਕਥਨ**, Contemplation which means here Guru's Wisdom। **ਨਹੀ ਭਾਵੈ- ਚੰਗਾ ਨਹੀ ਲਗਦਾ,** dislike। **ਗਹਿਰ- ਅਥਾਹ ਪ੍ਰਮਾਤਮਾ,** profound। **ਗੰਭੀਰ- ਬੇਅੰਤ ਗੁਣਾਂ ਦਾ ਮਾਲਕ ਪ੍ਰਭੂ,** unfathomable (beyond measurements)।

ਜਿਸ ਮਨੁੱਖ ਨੂੰ ਦੂਜੇ ਭਾਵ ਦੇ ਕਾਰਨ ਸਤਿਗੁਰ ਦੀ ਬਾਣੀ ਦਾ ਆਨੰਦ ਤੇ ਗੁਰੂ ਦਾ ਉਪਦੇਸ਼ ਨਹੀ ਭਾਉਂਦਾ, ਉਹ ਮਨੁੱਖ ਅਥਾਹ ਗੁਣਾਂ ਦੇ ਮਾਲਕ ਪਰਮਾਤਮਾ ਤੋਂ ਵਿੱਛੜ ਜਾਂਦਾ ਹੈ।

Those who did not listen to the uttered Guru's ambrosial form of praise means that the ones who have forgotten the Almighty who is Profound and beyond measurements.

ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ; ਮਨਿ ਤਨਿ ਸਾਚੁ ਸੁਖਾਇਆ॥

ਪਦ ਅਰਥ:- ਗੁਰਿ-ਗੁਰੂ। ਸਚ-true। **ਕਹਿਆ-ਉਪਦੇਸ਼,** Sermons। **ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾ ਨੂੰ ਸਿਮਰਿਆ ਹੈ। ਲਹਿਆ-ਲੱਭ ਲਿਆ। ਮਨਿ-ਮਨ ਵਿੱਚ। ਤਨਿ-ਸਰੀਰ ਵਿੱਚ। ਸਾਚੁ-ਸਦਾ ਥਿਰ ਰਹਿਣ ਵਾਲਾ ਪ੍ਰਮਾਤਮਾ। ਸੁਖਾਇਆ-ਪਿਆਰਾ ਲੱਗਾ।**

ਜਿਸ ਮਨੁੱਖ ਨੂੰ ਗੁਰੂ ਨੇ ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾ ਦਾ ਉਪਦੇਸ਼ ਦਿਤਾ ਹੈ, ਉਸ ਨੇ ਉਪਦੇਸ਼ ਰੂਪੀ ਅੰਮ੍ਰਿਤ ਹਾਸਿਲ ਕਰ ਲਿਆ ਹੈ। ਫਿਰ ਉਸ ਨੂੰ ਉਹ ਪ੍ਰਮਾਤਮਾ ਮਨ ਤਨ ਵਿੱਚ ਪਿਆਰਾ ਲਗਦਾ ਹੈ ਭਾਵ ਮਨ ਤਨ ਰਾਹੀਂ ਭਗਤੀ ਕਰਦਾ ਹੈ।

Whomsoever receives the true form (Sach Roop) sermons from Guru obtains the nectar (Amrit) form of sermon, thereafter the truth (Almighty) pleases their mind and body which means that the mind and body meditates.

ਆਪੇ ਗੁਰਮੁਖਿ ਆਪੇ ਦੇਵੈ ; ਆਪੇ ਅੰਮ੍ਰਿਤੁ ਪੀਆਇਆ ॥੪॥

ਪਦ ਅਰਥ:- ਆਪੇ-Himself। **ਗੁਰਮੁਖਿ**-the leader Guru। **ਦੇਵੈ**-gives।

ਉਹ ਪ੍ਰਭੂ ਆਪ ਹੀ ਮੁਖੀ ਗੁਰੂ ਰੂਪ ਹੋ ਕੇ ਆਪ ਹੀ ਨਾਮ ਅੰਮ੍ਰਿਤ ਦਿੰਦਾ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਨਾਮ ਅੰਮ੍ਰਿਤ ਦੇ ਪੀਣੇ ਵਿਖੇ ਆਉਂਦਾ ਹੈ ॥੪॥

Guru Himself makes the other to drink nectar and He Himself becomes the devotee who drinks the nectar means that ultimately Almighty is the only One within all so He is the Giver and He is Receiver. In this manner a person who practices the Guru's sermon becomes free from ego and self-conceit.

ਏਕੋ ਏਕੁ ਕਹੈ ਸਭੁ ਕੋਈ ; ਹਉਮੈ ਗਰਬੁ ਵਿਆਪੈ ॥

ਪਦ ਅਰਥ:- ਏਕੋ ਏਕੁ-ਸਿਰਫ ਇਕ ਪ੍ਰਮਾਤਮਾ ਹੀ, one and only। **ਸਭੁ ਕੋਈ-ਹਰੇਕ ਜੀਵ,** commonly by all। **ਗਰਬੁ-ਹੰਕਾਰ,** ego। **ਵਿਆਪੈ-ਜ਼ੋਰ ਪਾਈ ਰੱਖਦਾ ਹੈ,** subsist, remain।

ਕਹਿਣ ਨੂੰ ਹਰ ਕੋਈ ਆਖਦਾ ਹੈ ਇਕ ਪ੍ਰਮਾਤਮਾ ਹੀ ਪਰਮਾਤਮਾ ਹੈ, ਪਰ ਅੰਦਰੋਂ ਤਾਂ ਸਰੀਰ ਦਾ ਹੰਕਾਰ ਅਤੇ ਪਦਾਰਥਾਂ ਦਾ ਹੰਕਾਰ ਵਿਆਪ ਰਿਹਾ ਹੈ।

For the sake of saying everyone says that Almighty is One but within the self ego of physical body and pride of wealth subsist (exist) means that although it is a common fact known to all that Almighty is the One and Only but truly believing the fact will unite one with Almighty otherwise it is just a say and the self-ego continue to amplify within.

ਅੰਤਰਿ ਬਾਹਰਿ ਏਕੁ ਪਛਾਣੈ ; ਇਉ ਘਰੁ ਮਹਲੁ ਸਿਞਾਪੈ ॥

ਪਦ ਅਰਥ:- ਅੰਤਰਿ–within। **ਬਾਹਰਿ**–externally। **ਪਛਾਣੈ**–recognise। **ਇਉ**–in this manner। **ਘਰੁ ਮਹਲੁ–ਸਰੂਪ,** Real-self, Atma, Almighty। **ਸਿਞਾਪੈ–ਸਿਆਣ ਆ ਜਾਂਦੀ ਹੈ,** recognise।

ਜਿਹੜੇ ਮਨੁੱਖ ਆਪਣੇ ਹਿਰਦੇ ਵਿੱਚ ਅਤੇ ਸਾਰੀ ਸ੍ਰਿਸਟੀ ਵਿੱਚ ਇਕ ਪ੍ਰਮਾਤਮਾ ਦੀ ਪਹਿਚਾਨ ਕਰਦੇ ਹਨ ਉਨ੍ਹਾਂ ਦੇ ਉਪਦੇਸ਼ ਨਾਲ ਹੋਰਨਾਂ ਨੂੰ ਵੀ ਅਪੁਣੇ ਨਿਜ ਸਰੂਪ ਦੀ ਸਿਆਣ ਆ ਜਾਂਦੀ ਹੈ।

Those who recognizes one (Almighty) internally and externally, through them the ones who listens to their sermons recognizes the true form (Almighty). Guru Ji points out the most important point that if One do not see Almighty within and outside will never be able to recognize Almighty at all.

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ; ਏਕੋ ਸ੍ਰਿਸਟਿ ਸਬਾਈ ॥

ਪਦ ਅਰਥ:- ਨੇੜੈ–near। **ਦੂਰਿ ਨ ਜਾਣਹੁ–ਵਾਹਿਗੁਰੂ ਨੂੰ ਕਿਤੇ ਦੂਰ ਨਾ ਸਮਝ, । ਏਕੋ–ਇਕ ਪ੍ਰਭੂ ਹੀ। ਸ੍ਰਿਸਟਿ**–world। **ਸਬਾਈ–ਸਾਰੀ,** entire।

ਪ੍ਰਭੂ ਤੇਰੇ ਨੇੜੇ ਭਾਵ ਤੇਰੇ ਹਿਰਦੇ ਅੰਦਰ ਵੱਸ ਰਿਹਾ ਹੈ। ਤੂੰ ਉਸ ਨੂੰ ਆਪਣੇ ਤੋਂ ਦੂਰ ਨਾ ਸਮਝ। ਇਕ ਪ੍ਰਮਾਤਮਾ ਹੀ ਸਾਰੀ ਸ੍ਰਿਸਟੀ ਵਿੱਚ ਦਿਖਾਈ ਦਿੰਦਾ ਹੈ।

Therefore do not assume Almighty is far away instead he is near as He (Almighty) is the only one seen everywhere in this universe as He is the true observer within.

ਏਕੰਕਾਰੁ ਅਵਰੁ ਨਹੀ ਦੂਜਾ ; ਨਾਨਕ ਏਕੁ ਸਮਾਈ ॥੫॥

ਪਦ ਅਰਥ:- ਏਕੰਕਾਰੁ–ਸਰਬ ਵਿਆਪਕ ਪਰਮਾਤਮਾ, omnipresent । **ਅਵਰ**–other then। **ਸਮਾਈ–ਹਰ ਥਾਂ ਸਮਾਅ ਰਿਹਾ ਹੈ,** immersed within all।

ਉਸ ਇਕ ਓਅੰਕਾਰ ਤੋਂ ਬਿਨਾਂ ਦੂਜਾ ਕੋਈ ਹੋਰ ਨਹੀ ਹੈ। ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ, ਕਿ ਸਾਰਿਆ ਵਿੱਚ ਇਕ ਸਰਬ-ਵਿਆਪਕ ਪ੍ਰਮਾਤਮਾ ਸਮਾਅ ਰਿਹਾ ਹੈ ਅਤੇ ਇਕ ਵਿਚ ਹੀ ਸਾਰੀ ਰਚਨਾ ਸਮਾਅ ਜਾਂਦੀ ਹੈ ॥੫॥

So there is only Almighty and no other, Guru Ji says that the whole universe will be absorbed into the one (Almighty) means that while the creation is in existence Almighty remain within the creation and when the creation vanishes everything is absorbed into Him and He alone remains.

ਇਸੁ ਕਰਤੇ ਕਉ ਕਿਉ ਗਹਿ ਰਾਖਉ ; ਅਫਰਿਓ ਤੁਲਿਓ ਨ ਜਾਈ ॥

ਪਦ ਅਰਥ:- ਇਸ–this (mind)। **ਕਰਤੇ**–creator (of thoughts)। **ਕਿਉ–ਕਿਸ ਤਰ੍ਹਾਂ, ਕਿਵੇ?,** How?। **ਗਹਿ ਰਾਖਉ–ਫੜ ਕੇ ਰੱਖੋਗੇ,** capture or to hold। **ਅਫਰਿਓ– ਅਮੋੜ,** unbendable, stubborn। **ਤੁਲਿਓ ਨ ਜਾਈ–ਤੋਲਿਆ ਨਹੀ ਜਾ ਸਕਦਾ,** unweightable।

ਇਸ ਕਰਤੇ ਭੋਗਦੇ ਮਨ ਨੂੰ ਕਿਸ ਤਰ੍ਹਾਂ ਫੜ ਕੇ ਰੱਖੋਗੇ, ਕਿਉਂਕਿ ਇਸ ਮਨ ਦੇ ਤਰੰਗ ਅਮੋੜ ਇਸ ਲਿਈ ਇਸ ਨੂੰ ਫੜਿਆ ਨਹੀ ਜਾ ਸਕਦਾ ਅਤੇ ਤੋਲਿਆ ਨਹੀ ਜਾ ਸਕਦਾ। ਇਹ ਮਨ ਖਿਨ ਵਿੱਚ ਤੋਲਾ ਤੇ ਖਿਨ ਵਿੱਚ ਮਾਸਾ ਹੋ ਜਾਂਦਾ ਹੈ ਭਾਵ ਬਦਲਦਾ ਰਹਿੰਦਾ ਹੈ।

How to hold this mind who has became the creator and creation itself as this mind is unbendable (stubborn) and immeasurable means that the mind transforms rapidly.

ਮਾਇਆ ਕੇ ਦੇਵਾਨੇ ; ਪ੍ਰਾਣੀ ਝੂਠਿ ਠਗਉਰੀ ਪਾਈ ॥

ਪਦ ਅਰਥ:- ਦੀਵਾਨੇ–ਮਤਵਾਲੇ ਨੂੰ, crazy, fool। **ਪ੍ਰਾਣੀ**–one with life-forces means human, being। **ਝੂਠਿ**–false। **ਠਗਉਰੀ–ਠਗ ਮੂਰੀ, ਠਗ-ਬੂਟੀ, ਖਿੱਚ,** the plant of thug means false desires।

ਇਹ ਪ੍ਰਾਣੀ ਮਾਇਆ ਦੇ ਮਗਰ ਲੱਗ ਕੇ ਝੱਲੇ ਹੋ ਰਹੇ ਹਨ। ਮਾਇਆ ਦੇ ਮਤਵਾਲੇ ਜੀਵ ਨੂੰ ਝੂਠ ਨੇ ਠਗ-ਬੂਟੀ ਚਮੋੜੀ ਹੋਈ ਹੈ।

This human (Prani-one with life-forces) is made foolish by the mammon (maya) by by influencing with deceive (cheat) herb of false desires.

ਲਬਿ ਲੋਭਿ ਮੁਹਤਾਜਿ ਵਿਗੂਤੇ ; ਇਬ ਤਬ ਫਿਰਿ ਪਛੁਤਾਈ ॥

ਪਦ ਅਰਥ:- ਲਬਿ– ਪਦਾਰਥਾਂ ਦੇ ਖਾਣੇ ਦਾ ਚਸਕਾ ਜਾਂ ਲਾਲਚ, the greed of consumption। **ਲੋਭਿ– ਪਦਾਰਥਾਂ ਨੂੰ ਇਕੱਠੇ ਕਰਨ ਦਾ ਲਾਲਚ,** the greed of accumulation। **ਮੁਹਤਾਜਿ–ਮੁਥਾਜੀ ਵਿੱਚ,** in the influence/control। **ਵਿਗੂਤੇ– ਖਰਾਬ ਹੋ ਰਹੇ ਹਨ,** spoiled। **ਇਬ–ਵਰਤਮਾਨ ਸਮਾ,** in present time। **ਫਿਰਿ–ਬਾਰੰਬਾਰ,** again and again। **ਤਬ–ਅੰਤ ਨੂੰ,** At the end।

ਇਹ ਜੀਵ ਪਦਾਰਥਾਂ ਦੇ ਖਾਣੇ ਵਿੱਚ (ਲਬਿ), ਪਦਾਰਥਾਂ ਨੂੰ ਇਕੱਠੇ ਕਰਨ ਵਿੱਚ (ਲੋਭਿ) ਅਤੇ ਪਰਾਏ ਦੀ ਮੁਥਾਜੀ ਵਿੱਚ ਖਰਾਬ ਹੋ ਰਹੇ ਹਨ। ਜੀਵ ਵਰਤਮਾਨ ਸਮੇਂ ਵਿੱਚ ਅਤੇ ਅੰਤ ਨੂੰ ਪ੍ਰਲੋਕ ਵਿੱਚ ਬਾਰੰਬਾਰ (ਫਿਰਿ) ਪਛਤਾਉਂਦੇ ਹਨ।

In the influence of greed of consumption (Lab) and greed of collection (Lob) jeev is being spoiled therefore the jeev regrets in the present time, will regret during death and will continue to grieve again and again.

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ; ਆਵਣੁ ਜਾਣੁ ਰਹਾਈ ॥੬॥

ਪਦ ਅਰਥ:- ਏਕੁ-ਇਕ ਪ੍ਰਮਾਤਮਾ, Almighty। **ਸਰੇਵੈ-ਸਿਮਰਦਾ ਹੈ,** recites। **ਗਤਿ-ਪ੍ਰਮਾਤਮਾ ਦੀ ਗਤਿ। ਮਿਤਿ-ਪ੍ਰਮਾਤਮਾ ਦੀ ਮਿਤਿ, ਪਰਮਾਤਮਾ ਦੀ ਵਡਿਆਈ। ਰਹਾਈ-ਮੁੱਕਦਾ ਹੈ,** ends।

ਜਦੋਂ ਮਨੁੱਖ ਇਕ ਪ੍ਰਮਾਤਮਾ ਨੂੰ ਸਿਮਰਦਾ ਹੈ ਤਦੋਂ ਪਰਮਾਤਮਾ ਨਾਲ ਉਸ ਦੀ ਜਾਣ ਪਹਿਚਾਣ ਹੋ ਜਾਂਦੀ ਹੈ। ਪਰਮਾਤਮਾ ਦੀ ਵਡਿਆਈ ਦੀ ਇਸ ਨੂੰ ਸਮਝ ਪੈਂਦੀ ਹੈ ਤੇ ਇਸ ਦਾ ਜਨਮ-ਮਰਨ ਮੁੱਕ ਜਾਂਦਾ ਹੈ॥੬॥

The jeev who stays obedient to one (Almighty) obtains the true practice leading towards salvation only then the jeev becomes free from the cycle of reincarnation. Guru Ji apparently explains the principal that Almighty is the only one within the entire creation in next lines.

ਏਕੁ ਅਚਾਰੁ ਰੰਗੁ ; ਇਕੁ ਰੂਪੁ ॥

ਪਦ ਅਰਥ:- ਏਕੁ-ਇਕ ਪ੍ਰਮਾਤਮਾ ਹੀ, the one and only Almighty। **ਅਚਾਰੁ-ਕਾਰ-ਵਿਹਾਰ,** deed।

ਇਕ ਪ੍ਰਮਾਤਮਾ ਆਪ ਹੀ ਹਰ ਥਾਂ ਵਿਆਪਕ ਹੋ ਕੇ ਜਗਤ ਦੀ ਇਹ ਸਾਰੀ ਕਿਰਤ ਕਾਰ ਕਰ ਰਿਹਾ ਹੈ। ਇਕ ਆਪ ਹੀ ਸੰਸਾਰ ਦਾ ਸਾਰਾ ਰੰਗ ਰੂਪ ਆਪਣੇ ਆਪ ਤੋਂ ਪ੍ਰਗਟ ਕਰ ਰਿਹਾ ਹੈ।

The one Almighty is the form of all deeds (karma) and form of all colours (Rang-happineess, sadness, richness, poverty, power [rajo], consume[tamo], meditation[sato], peace, troubles, disasters, etc.) is also the sole Master within all and the true form of all.

ਪਉਣ ਪਾਣੀ ਅਗਨੀ ; ਅਸਰੂਪੁ ॥

ਪਦ ਅਰਥ:- ਪਉਣ-air। **ਪਾਣੀ-**water। **ਅਗਨੀ-**fire। **ਅਸਰੂਪੁ-ਸਰੂਪ।**

ਹਵਾ, ਪਾਣੀ, ਅਗਨੀ ਰੂਪ ਵੀ ਇਕ ਪ੍ਰਮਾਤਮਾ ਆਪ ਹੀ ਹੈ।

Almighty alone is also the form of air, water and fire.

ਏਕੋ ਭਵਰੁ ; ਭਵੈ ਤਿਹੁ ਲੋਇ ॥

ਪਦ ਅਰਥ:- ਭਵਰੁ-ਜੀਵ ਰੂਪ ਭੌਰਾ। ਭਵੈ-ਫਿਰ ਰਿਹਾ ਹੈ। ਤਿਹੁ ਲੋਇ-ਤਿੰਨਾਂ ਲੋਕਾਂ ਵਿੱਚ, in all three worlds।

ਇਕ ਪ੍ਰਮਾਤਮਾ ਆਪ ਹੀ ਜੀਵ ਰੂਪ ਭੌਰਾ ਹੋ ਕੇ ਤਿੰਨਾਂ ਲੋਕਾਂ ਵਿੱਚ ਫਿਰ ਰਿਹਾ ਹੈ।

The one Almighty in the form of jeev (being) wanders in all three worlds.

ਏਕੋ ਬੂਝੈ ; ਸੂਝੈ ਪਤਿ ਹੋਇ ॥

ਪਦ ਅਰਥ:– ਏਕੋ–only one। **ਬੂਝੈ–ਸੂਝੈ,** realise, know। **ਪਤਿ–ਆਦਰ, ਸਤਿਕਾਰ,** honour।

ਜੋ ਮਨੁੱਖ ਉਸ ਪ੍ਰਮਾਤਮਾ ਨੂੰ ਹਰ ਥਾਂ ਵਿਆਪਕ ਸਮਝਦਾ ਹੈ, ਜਿਸ ਨੂੰ ਹਰ ਥਾਂ ਪਰਮਾਤਮਾ ਹੀ ਦਿਸਦਾ ਹੈ, ਉਹ ਆਦਰ ਸਤਿਕਾਰ ਹਾਸਲ ਕਰਦਾ ਹੈ।

The honour of those shall remain who understands (Buje) Almighty through a True Guru thereafter Almighty's existence becomes obvious before their sight (Suje).

ਗਿਆਨੁ ਧਿਆਨੁ ਲੇ ; ਸਮਸਰਿ ਰਹੈ ॥

ਪਦ ਅਰਥ:– ਗਿਆਨੁ–ਪ੍ਰਮਾਤਮਾ ਨਾਲ ਜਾਣ–ਪਛਾਣ, knowledge। **ਧਿਆਨੁ–ਪ੍ਰਮਾਤਮਾ ਵਿੱਚ ਟਿਕੀ ਹੋਈ ਸੁਰਤ,** unite with Almighty। **ਸਮਸਰਿ–ਬਰਾਬਰ, ਧੀਰੇ, ਹੰਕਾਰ ਰਹਿਤ।**

ਜੋ ਮਨੁੱਖ ਸਤਿਗੁਰੂ ਦੇ ਗਿਆਨ ਰਾਹੀਂ ਪਰਮਾਤਮਾ ਨਾਲ ਜਾਣ–ਪਛਾਣ ਬਣਾ ਕੇ ਤੇ ਉਸ ਵਿੱਚ ਸੁਰਤ ਟਿਕਾ ਕੇ ਧੀਰੇ ਜੀਵਣ ਵਾਲਾ ਬਣਦਾ ਹੈ, ਅਜਿਹਾ ਮਨੁੱਖ ਉਸ ਪ੍ਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

Through Guru's knowledge those who adopts Almighty's concentration with a consistent state of mind shall remain means that those shall stay united with Almighty and obtain salvation (free from reincarnations cycle).

ਗੁਰਮੁਖਿ ਏਕੁ ; ਵਿਰਲਾ ਕੋ ਲਹੈ ॥

ਪਦ ਅਰਥ:– ਏਕੁ– ਇਕਿ, one। **ਵਿਰਲਾ– ਵਿਰਲਾ,** rare।

ਕੋਈ ਵਿਰਲਾ ਹੀ ਗੁਰਮੁਖ ਮਨੁੱਖ ਇਸ ਗਿਆਨ ਧਿਆਨ ਦੁਆਰਾ ਇਸ ਏਕਤਾ ਨੂੰ ਪ੍ਰਾਪਤ ਕਰਦਾ ਹੈ।

However only Gurmukh attains such union among all there are such rare ones. Guru Ji makes it very clear that there but rare ones who becomes Gurmukh by sacrifing their self to attain the supreme.

ਜਿਸ ਨੋ ਦੇਇ ; ਕਿਰਪਾ ਤੇ ਸੁਖੁ ਪਾਏ ॥

ਪਦ ਅਰਥ:– ਕਰਿਪਾ– ਕਰਿਪਾ, bless।

ਜਿਸ ਮਨੁੱਖ ਨੂੰ ਪ੍ਰਭੂ ਆਪਣੀ ਮਿਹਰ ਦੁਆਰਾ ਇਹ ਦਾਤ ਦਿੰਦਾ ਹੈ, ਉਹ ਸੁਖ ਮਾਣਦਾ ਹੈ।

To whomever the Almighty blesses through his grace, those fortunate ones obtains happiness means the everlasting joy and pleasure.

ਗੁਰੂ ਦੁਆਰੈ ; ਆਖਿ ਸੁਣਾਏ ॥੭॥

ਪਦ ਅਰਥ:- ਦੁਆਰੈ- ਰਾਹੀ, through। **ਸੁਣਾਏ,** giving a sermon।

ਉਹ ਪ੍ਰਮਾਤਮਾ ਗੁਰੂ ਦੇ ਰਾਹੀਂ ਆਪਣਾ ਸਰਬ-ਵਿਆਪਕਤਾ ਦਾ ਉਪਦੇਸ਼ ਸਣਾਉਂਦਾ ਹੈ॥੭॥

However the sermons should be presented in Guru's way means that the disciple should be with the four qualities and ever willing to perform voluntary service only then one becomes qualified to receive Guru's sermons. He, then utter and preaches the True Name, through the Guru.

The four qualities;

1. Bibek - (Bib (two) + Ek (one) means from doubt to knowledge. Almighty is eternal and Maya is illusionary.
2. Veerag – Cessation or dispassionation of worldly materials
3. Memukhta – To have a strong desire of liberation from this world.
4. Khatsemti – the six are as follows;
    a. Sam – To control the mind – to remain in consistent mind state in happiness as well sorrow and remain focussed.
    b. Dam – To control sensory and action sensors
    c. Uparat – To focus the mind in the formless of Almighty.
    d. Tetikhia – To endure heat, cold, hunger, thirst, praise, insult and remain steady during the challenges of life.
    e. Sharda – To have persistent and undoubtful faith in Guru and Almighty.
    f. Samadhaan – To fix the mind on the contemplated subject deeply.

ਊਰਮ ਧੂਰਮ ; ਜੋਤਿ ਉਜਾਲਾ ॥
ਤੀਨਿ ਭਵਣ ਮਹਿ ; ਗੁਰ ਗੋਪਾਲਾ ॥

ਪਦ ਅਰਥ:- ਊਰਮ-ਧਰਤੀ, earth। **ਧੂਰਮ-ਆਕਾਸ਼,** sky। **ਉਜਾਲਾ-ਚਾਨਣ, ਪ੍ਰਕਾਸ਼,** light of knowledge। **ਤੀਨਿ ਭਵਣ-ਤਿੰਨ ਭਵਨ ਧਰਤੀ, ਅਕਾਸ਼ ਤੇ ਪਾਤਾਲ,** worlds above and under। **ਗੁਰ-ਸਭ ਤੋ ਵੱਡਾ,** highest above all। **ਗੋਪਾਲਾ-ਪ੍ਰਿਥਵੀ ਦਾ ਪਾਲਣਹਾਰ,** universal sustainer।

ਧਰਤੀ (ਊਰਮ) ਅਤੇ ਅਕਾਸ਼ (ਧੂਰਮ) ਵਿੱਚ ਉਸ ਪ੍ਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹੋ ਰਿਹਾ ਹੈ। ਉਹ ਸਭ ਤੋਂ ਵੱਡਾ ਗੋਪਾਲ ਹੈ ਜੋ ਧਰਤੀ, ਅਕਾਸ਼ ਅਤੇ ਪਾਤਾਲ ਤਿੰਨਾਂ ਭਵਨਾਂ ਵਿੱਚ ਵਿਆਪਕ ਹੈ।

The light (Jothi-Almighty) illuminates on the earth (Uram) and sky (Dhuram).

Second meaning: Almighty exists within the entire creation.

The universal sustainer (Gopal) and destroyer of ignorant darkness with light of knowledge (Gur), Almighty illuminates all the three worlds.

ਊਗਵਿਆ ; ਅਸਰੂਪੁ ਦਿਖਾਵੈ ॥
ਕਰਿ ਕਿਰਪਾ ; ਅਪੁਨੈ ਘਰਿ ਆਵੈ ॥

ਪਦ ਅਰਥ:- ਊਗਵਿਆ-ਪ੍ਰਗਟ ਹੋ ਕੇ, manifest। **ਅਸਰੂਪੁ-ਆਪਣਾ ਸਰੂਪ,** own form। **ਘਰਿ ਆਵੈ-ਭਟਕਣਾ ਤੋਂ ਬਚ ਜਾਂਦਾ ਹੈ, ਟਿਕ ਜਾਂਦਾ ਹੈ,** come to its own self।

ਉਹ ਗੋਪਾਲ ਆਪਣੀ ਕਿਰਪਾ ਕਰਕੇ ਗੁਰੂ ਦੇ ਰਾਹੀਂ ਪਰਗਟ ਹੋ ਕੇ ਜਿਸ ਨੂੰ ਆਪਣਾ ਸਰਬ-ਵਿਆਪਕ ਸਰੂਪ ਵਿਖਾਂਦਾ ਹੈ, ਉਹ ਮਨੁੱਖ ਭਟਕਣਾ ਤੋਂ ਬਚ ਕੇ ਆਪਣੇ ਆਪ ਵਿੱਚ ਟਿਕ ਜਾਂਦਾ ਹੈ।

Once jeev is illuminated with the light such divine knowledge then Almighty shows himself.

When Almighty blesses his devotee he comes in obvious form within the sight of his devotee which means that the jeev comes to its very own-self.

ਊਨਵਿ ; ਬਰਸੈ ਨੀਝਰ ਧਾਰਾ ॥
ਊਤਮ ; ਸਬਦਿ ਸਵਾਰਣਹਾਰਾ ॥

ਪਦ ਅਰਥ:- ਊਨਵਿ-ਝੁਕ ਕੇ, ਨੇੜੇ ਆ ਕੇ, decending low। **ਬਰਸੈ-**shower । **ਨੀਝਰ ਧਾਰਾ-ਝੜੀ ਲਾ ਕੇ, ਇਕ ਤਾਰ,** incessantly falling। **ਊਤਮ ਸਬਦਿ-ਗੁਰੂ ਦੇ ਸ੍ਰੇਸ਼ਟ ਸ਼ਬਦ ਦੇ ਰਾਹੀਂ,** supreme। **ਸਬਦਿ-**Guru's Sermon। **ਸਵਾਰਣਹਾਰਾ-**the corrector।

ਝੁਕ (ਊਨਵਿ) ਕੇ ਭਾਵ ਦਿਆਲ ਹੋ ਕੇ ਗੁਰੂ ਰੂਪ ਬਦਲ ਵਰਸਦੇ ਹਨ। ਇਕ ਰਸ ਉਪਦੇਸ਼ ਰੂਪ ਅੰਮ੍ਰਿਤ ਧਾਰਾ ਜੋ ਸ੍ਰੇਸ਼ਟ ਗੁਰਸ਼ਬਦ ਉਪਦੇਸ਼ ਹੈ ਸਿਖ ਨੂੰ ਸੋਹਣਾ ਸਵਾਰਣ ਵਾਲਾ ਹੈ ।

Descending low (Unav) means that upon becoming merciful Guru form of clouds, continuous nectar form rain of sermons falls.

The great (Utam) sermons (Updesh) of the Guru are the corrector (swaran-har) of the Sikh.

ਇਸੁ ਏਕੇ ਕਾ ; ਜਾਣੈ ਭੇਉ ॥
ਆਪੇ ਕਰਤਾ ; ਆਪੇ ਦੇਉ ॥੮॥

ਪਦ ਅਰਥ:- ਇਸੁ–this। **ਏਕੇ**–One means Almighty। **ਭੇਉ–ਭੇਤ,** secret । **ਆਪੇ–ਆਪ ਹੀ,** Himself। **ਦੇਉ–ਪ੍ਰਕਾਸ਼ ਰੂਪ,** the form of light means the life form of the entire creation।

ਸ੍ਰੇਸ਼ਟ ਸ਼ਬਦ ਰਾਹੀ ਮਨੁੱਖ ਪਰਮਾਤਮਾ ਦਾ ਇਹ ਭੇਦ ਜਾਣ ਲੈਂਦਾ ਹੈ ਕਿ ਪਰਮਾਤਮਾ ਆਪ ਹੀ ਸਾਰੇ ਜਗਤ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਪ੍ਰਕਾਸ (ਦੇਉ) ਰੂਪ ਹੈ ਭਾਵ ਵਾਹਿਗੁਰੂ ਆਪ ਹੀ ਸਾਰਿਆਂ ਦਾ ਜੀਵਨ ਰੂਪ ਹੈ॥੮॥

The one who knows the secret of One Almighty that He is the creator and the life form of all the creation. Guru Ji explains that Almighty is not only the creator but He lives as the creation itself within numerous forms.

ਉਗਵੈ ਸੂਰੁ ; ਅਸੁਰ ਸੰਘਾਰੈ ॥
ਊਚਉ ਦੇਖਿ ; ਸਬਦਿ ਬੀਚਾਰੈ ॥

ਪਦ ਅਰਥ:- ਸੂਰੁ–ਸੂਰਜ, ਚਾਨਣ, ਗੁਰੂ ਦੇ ਗਿਆਨ ਦੀ ਰੌਸ਼ਨੀ, Sun means the light of knowledge। **ਅਸੁਰ–ਦੈਂਤ, ਕਾਮਾਦਿਕ ਵਿਕਾਰ,** Demons means lust, anger, greed, attachment and ego। **ਸੰਘਾਰੈ–ਮਾਰ ਮੁਕਾਉਂਦਾ ਹੈ,** defeat means vanishes। **ਊਚਉ–ਉੱਚਾ ਪਰਮੇਸ਼ਰ,** Great, Supreme। **ਦੇਖ**–see। **ਸਬਦਿ–ਗੁਰੂ ਦਾ ਸ਼ਬਦ,** Guru's Shabad। **ਬੀਚਾਰੈ**–contemplation।

ਜਿਸ ਮਨੁੱਖ ਦੇ ਅੰਦਰ ਸਤਿਗੁਰੂ ਦੇ ਬਖਸ਼ੇ ਹੋਏ ਗਿਆਨ ਦੀ ਰੌਸ਼ਨੀ ਪੈਦਾ ਹੁੰਦੀ ਹੈ, ਉਹ ਆਪਣੇ ਅੰਦਰੋ ਦੈਂਤਾਂ ਰੂਪੀ ਕਾਮਾਦਿਕ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵਿਕਾਰਾਂ ਨੂੰ ਮਾਰ ਮੁਕਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੀ ਵੀਚਾਰ ਨਾਲ ਉਸ ਉੱਚੇ ਪਰਮੇਸ਼ਰ ਦਾ ਦੀਦਾਰ ਕਰ ਲੈਂਦਾ ਹੈ।

When the divine knowledge sun rises vanishes all the demons (evil desires – lust anger, greed, attachment and ego).

One then contemplates on Guru's hymn through which one is able to see with utmost respect the great Almighty.

Question : Where do one sees Almighty?

ਊਪਰਿ ; ਆਦਿ ਅੰਤਿ ਤਿਹੁ ਲੋਇ ॥
ਆਪੇ ; ਕਰੈ ਕਥੈ ਸੁਣੈ ਸੋਇ ॥

ਪਦ ਅਰਥ:- ਆਦਿ-ਰਚਨਾ ਤੋਂ ਪਹਿਲਾਂ, before creation। **ਅੰਤਿ-ਅੰਤ ਤੋਂ ਬਾਦਿ,** after the end of creation। **ਤਿਹੁ ਲੋਇ-ਤਿੰਨਾਂ ਲੋਕਾਂ ਵਿੱਚ,** the three worlds। **ਆਪੇ-ਆਪ ਹੀ,** Himself। **ਕਰੈ**-creator। **ਕਥੈ**-composer। **ਸੁਣੈ**-listener।

ਆਦਿ ਤੋਂ ਅੰਤ ਤਕ ਭਾਵ ਸਦਾ ਵਸਤੇ ਉਹ ਪ੍ਰਮਾਤਮਾ ਤਿੰਨਾਂ ਲੋਕਾਂ ਦਾ ਜੋ ਪ੍ਰਕਾਸਕ ਹੈ ਬਾਵ ਜਵਿਨ ਰੂਪ ਹੈ। ਉਹ ਆਪ ਹੀ ਗਿਆਨ ਦਾ ਕਰਤਾ ਹੈ, ਆਪ ਹੀ ਕਥਨ ਕਰਦਾ ਹੈ ਅਤੇ ਆਪ ਹੀ ਸ੍ਰੋਤਾ ਹੋ ਕਰਕੇ ਸੁਣਦਾ ਹੈ ਭਾਵ ਵਾਹਿਗੁਰੂ ਆਪ ਹੀ ਗੁਰਬਾਣੀ ਦਾ ਕਰਤਾ ਹੈ, ਆਪ ਹੀ ਸ੍ਰਵਨ ਕਰਾਉਂਦੇ ਅਤੇ ਆਪ ਹੀ ਸਿੱਖ ਹੋ ਕੇ ਸੁਣਦੇ ਹਨ।

Almighty is above all and forever (Aadh-before the beginning & Aant-after the doom) He illuminates (life form) of all the three worlds.

Almighty himself creates the divine knowledge, utters the divine knowledge in the form of scholar and as well as listen to the divine knowledge in the form of audience.

ਓਹੁ ਬਿਧਾਤਾ ; ਮਨੁ ਤਨੁ ਦੇਇ ॥
ਓਹੁ ਬਿਧਾਤਾ ; ਮਨਿ ਮੁਖਿ ਸੋਇ ॥

ਪਦ ਅਰਥ:- ਬਿਧਾਤਾ-ਕਰਮ ਦੇ ਫਲ ਦੇਣ ਵਾਲਾ, the one who assign the returns of deeds। **ਮਨੁ**-mind। **ਤਨੁ**-body। **ਦੇਇ**-giver। **ਮਨਿ-ਮਨ,** mind। **ਮੁਖਿ**-mouth। **ਸੋਇ-ਉਹ ਵਾਹਿਗੁਰੂ,** Almighty।

ਉਹ ਕਰਮਾਂ ਦੇ ਫਲ ਨੂੰ ਦੇਣ ਵਾਲਾ (ਬਿਧਾਤਾ) ਪ੍ਰਭੂ ਸਭ ਜੀਆਂ ਨੂੰ ਮਨ ਤੇ ਸਰੀਰ ਦੇਣ ਵਾਲਾ ਹੈ ਇਸ ਲਈ ਮਨ ਤੇ ਮੁਖ ਰਾਂਹੀ ਉਸੇ ਪ੍ਰਭੂ ਦੇ ਨਾਮ ਨੂੰ ਉਚਾਰਿਆ।

Almighty is the assigner of the deeds returns (Bidata-karam phal perdata) as well as He is the giver of mind and body.

Almighty, the donor of deeds returns is the mind himself and he is uttered through the mouth.

ਪ੍ਰਭੁ ਜਗਜੀਵਨੁ ; ਅਵਰੁ ਨ ਕੋਇ ॥
ਨਾਨਕ , ਨਾਮਿ ਰਤੇ ; ਪਤਿ ਹੋਇ ॥੯॥

ਪਦ ਅਰਥ:– ਜਗਜੀਵਨੁ–ਸਾਰੇ ਜਗਤ ਦਾ ਜਵਿਨ ਦੇਣ ਵਾਲਾ, the giver of life to the entire creation। **ਅਵਰੁ**–other। **ਨਾਮਿ ਰਤੇ–ਨਾਮ ਦੇ ਰੰਗ ਵਿਚ ਰੰਗੇ,** immersed in Almighty's Name। **ਪਤਿ– ਆਦਰ ਸਤਿਕਾਰ,** honour।

ਉਹ ਸਮਰਥ ਪਰਮਾਤਮਾ ਹੀ ਸਾਰੇ ਜਗਤ ਨੂੰ ਜੀਵਾਵਨੇ ਵਾਲਾ ਹੈ, ਉਸ ਤੋਂ ਬਿਨਾਂ ਕੋਈ ਹੋਰ ਨਹੀ ਹੈ। ਗੁਰੂ ਜੀ ਕਹਿੰਦੇ ਹਨ, ਕਿ ਉਸ ਪਰਮਾਤਮਾ ਦੇ ਨਾਮ ਵਿਚ ਰੰਗੀਜ ਕੇ ਹੀ ਆਦਰ ਸਤਿਕਾਰ ਮਿਲਦਾ ਹੈ॥੯॥

Almighty is capable to bring life into all the jeev (being) and there is no one else with such capability.

Guru Ji says that those who are immersed in the Almighty by reciting His name receive honour.

ਰਾਜਨ ਰਾਮ ਰਵੈ ; ਹਿਤਕਾਰਿ ॥
ਰਣ ਮਹਿ ਲੂਝੈ ; ਮਨੂਆ ਮਾਰਿ ॥

ਪਦ ਅਰਥ:–ਰਾਜਨ–ਪ੍ਰਕਾਸ਼–ਸਰੂਪ ਵਾਹਿਗੁਰੂ, Almighty। **ਰਵੈ–ਜਪਨਾ,** to utter। **ਹਿਤਕਾਰਿ–ਪ੍ਰੇਮ ਕਰ ਕੇ,** passionately। **ਰਣ–ਜਗਤ–ਅਖਾੜਾ,** worldly battlefield। **ਮਹਿ**–in, within। **ਲੂਝੈ–ਲੜਦਾ ਹੈ,** fight। **ਮਨੂਆ–ਮਨ,** mind। **ਮਾਰਿ**–kill means to overpower।

ਜੋ ਮਨੁੱਖ ਪ੍ਰਕਾਸ਼ ਸਰੂਪ ਪਰਮੇਸ਼ਰ ਨੂੰ ਪ੍ਰੇਮ ਨਾਲ ਜਪਦਾ ਹੈ, ਇਸ ਜਗਤ–ਅਖਾੜੇ ਵਿਚ ਕਾਮਾਦਿਕ ਵੈਰੀਆ ਨਾਲ ਲੜਦਾ ਹੈ ਅਤੇ ਆਪਣੇ ਮਨ ਨੂੰ ਮਾਰ ਲੈਂਦਾ ਹੈ ਭਾਵ ਆਪਣੇ ਮਨ ਨੂੰ ਵੱਸ ਕਰ ਲੈਂਦਾ ਹੈ।

The ones who recites the name of Almighty (the King) with utmost love, participates as warriors in a battlefield against evil desires (lust, anger, greed, attachment and ego) and in this manner wins over the mind.

ਰਾਤਿ ਦਿਨੰਤਿ ਰਹੈ ; ਰੰਗਿ ਰਾਤਾ ॥
ਤੀਨਿ ਭਵਨ ; ਜੁਗ ਚਾਰੇ ਜਾਤਾ ॥

ਪਦ ਅਰਥ:- ਰਾਤਿ–night। **ਦਿਨੰਤਿ**–day। **ਰਹੈ**–remain। **ਰੰਗਿ- ਪਰਮਾਤਮਾ ਦੇ ਪ੍ਰੇਮ ਵਿਚ,** in Almighty's love। **ਰਾਤਾ–ਰੰਗਿਆ ਹੋਇਆ,** immersed। **ਤੀਨਿ**–three। **ਭਵਨ**–worlds। **ਜੁਗ ਚਾਰੇ**– four ages e.g. Satyug, Treta, Duapur & Kalyug। **ਜਾਤਾ–ਜਾਣਿਆ ਹੈ,** acknowledge, known।

ਉਹ ਮਨੁੱਖ ਦਿਨ ਰਾਤ ਭਾਵ ਮਰਨ ਤਕ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਰਹਿੰਦਾ ਹੈ। ਤਿੰਨਾ ਲੋਕਾਂ (ਭਵਨਾਂ) ਵਿਚ ਵਿਆਪਕ ਅਤੇ ਚਾਰੇ ਜੁਗਾਂ ਵਿਚ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਨੂੰ ਹੀ ਜਾਣਿਆ ਹੈ।

One who is immersed in Almighty's love in the day and night, till death.

Such person has acknowledged Almighty in all the three worlds and in all the four ages (Sat-yug, Thretha-yug, Duapur-yug, Kal-yug).

ਜਿਨਿ ਜਾਤਾ ; ਸੋ ਤਿਸ ਹੀ ਜੇਹਾ ॥
ਅਤਿ ਨਿਰਮਾਇਲੁ ; ਸੀਝਸਿ ਦੇਹਾ ॥

ਪਦ ਅਰਥ:- ਜਿਨਿ–who। **ਜਾਤਾ–ਜਾਣਿਆ,** known। **ਜੇਹਾ**–alike। **ਨਿਰਮਾਇਲੁ–ਨਿਰਮਲ, ਪਵਿੱਤਰ,** pure। **ਸੀਝਸਿ–ਸਫਲ ਹੋ ਜਾਂਦਾ ਹੈ,** liberate। **ਦੇਹਾ–ਸਰੀਰ,** body।

ਜਿਸ ਮਨੁੱਖ ਨੇ ਪਰਮਾਤਮਾ ਨੂੰ ਜਾਣਿਆ ਹੈ, ਉਹ ਉਸ ਵਰਗਾ ਹੀ ਹੋ ਗਿਆ ਹੈ। ਉਹ ਬਹੁਤ ਪਵਿਤਰ ਹੋ ਜਾਂਦਾ ਹੈ ਅਤੇ ਸਰੀਰ ਵਿਚ ਰਹਿਦਿਆਂ ਹੀ ਮੁਕਤ ਰੂਪ ਹਨ।

Whoever knows Almighty, becomes just like Almighty means one becomes Almighty by uniting with Him.

Such person is pure (Ujal-clear from sins) and attains salvation while being in the physical body means that one becomes living-salvation (Jiwan-Mukat)

ਰਹਸੀ ਰਾਮੁ ਰਿਦੈ ; ਇਕ ਭਾਇ ॥
ਅੰਤਰਿ ਸਬਦੁ ; ਸਾਚਿ ਲਿਵ ਲਾਇ ॥੧੦॥

ਪਦ ਅਰਥ:- ਰਹਸੀ-ਆਨੰਦ-ਸਰੂਪ, ਰਹਸ ਵਾਲਾ, bliss form। **ਇਕ ਭਾਇ-ਇਕ ਪ੍ਰੇਮ,** one love। **ਅੰਤਰਿ-ਅੰਦਰ,** within। **ਸਾਚਿ-ਸਦਾ ਥਿਰ ਪ੍ਰਭੂ,** true (Almighty)। **ਲਿਵ ਲਾਇ-ਸੁਰਤ ਜੋੜ ਕੇ,** focussed concentration।

ਆਨੰਦ ਸਰੂਪ ਪਰਮਾਤਮਾ ਦਾ ਪ੍ਰੇਮ ਸਦਾ ਉਸ ਮਨੁੱਖ ਦੇ ਹਿਰਦੇ ਵਿਚ ਟਿਕਿਆ ਰਹਿੰਦਾ ਹੈ। ਉਸ ਮਨੁੱਖ ਦੇ ਮਨ ਵਿੱਚ ਸਤਿਗੁਰੁ ਦਾ ਸ਼ਬਦ ਵੱਸਦਾ ਹੈ ਤੇ ਸਦਾ ਥਿਰ ਪਰਮਾਤਮਾ ਨਾਲ ਸੁਰਤ ਜੋੜੀ ਰੱਖਦਾ ਹੈ॥੧੦॥

Having heartfully love for Almighty alone, one becomes the form of bliss means that one is bliss himself therefore others who comes to his company will be blissful as well. Such person’s concentration within is focused on the Almighty. Guru Ji in the next lines expresses the world as false.

ਰੋਸੁ ਨ ਕੀਜੈ , ਅੰਮ੍ਰਿਤੁ ਪੀਜੈ ; ਰਹਣੁ ਨਹੀ ਸੰਸਾਰੇ ॥

ਪਦ ਅਰਥ:- ਰੋਸੁ-ਗੁਸਾ, anger। **ਪੀਜੈ-** drink। **ਰਹਣੁ-ਰਹਿਣਾ,** stay। **ਸੰਸਾਰੇ-**world।

ਹੇ ਭਾਈ! ਕਿਸੇ ਤੇ ਗੁੱਸਾ ਨਾ ਕਰੋ, ਉਸ ਪ੍ਰਭੂ ਦਾ ਨਾਮ ਅੰਮ੍ਰਿਤ ਪੀਉ। ਇਸ ਸੰਸਾਰ ਵਿੱਚ ਸਦਾ ਕਿਸੇ ਨੇ ਨਹੀ ਰਹਿਣਾ।

Dear brother, never get angry on anyone and drink the nectar of Almighty’s Name as the stay in this world is not forever.

ਰਾਜੇ ਰਾਇ ਰੰਕ ਨਹੀ ਰਹਣਾ ; ਆਇ ਜਾਇ ਜੁਗ ਚਾਰੇ ॥

ਪਦ ਅਰਥ:- ਰਾਜੇ-King। **ਰਾਇ-ਅਮੀਰ,** wealthy। **ਰੰਕ-ਕੰਗਾਲ,** poor। **ਆਇ ਜਾਇ-ਆਉਣਾ ਜਾਨਾ,** to come and go।

ਰਾਜੇ ਹੋਣ, ਅਮੀਰ ਹੋਣ, ਚਾਹੇ ਕੰਗਾਲ ਹੋਣ, ਕੋਈ ਵੀ ਸਦਾ ਨਹੀ ਰਹਿ ਸਕਦਾ। ਜੋ ਜੰਮਿਆ ਹੈ, ਉਸ ਨੇ ਮਰਨਾ ਹੈ। ਚਾਰੇ ਹੀ ਜੁਗਾਂ ਵਿਚ ਜੀਵ ਆਉਂਦੇ ਜਾਂਦੇ ਰਹਿੰਦੇ ਹਨ।

The Kings, Wealthy, and Poor never stayed permanently in this world moreover the jeev (being) has been coming and going ever since the four ages (Sat-yug, Thretha-yug, Duapur-yug & Kal-yug).

ਰਹਣ ਕਹਣ ਤੇ ਰਹੈ ਨ ਕੋਈ ; ਕਿਸੁ ਪਹਿ ਕਰਉ ਬਿਨੰਤੀ ॥
ਏਕੁ ਸਬਦੁ ਰਾਮ ਨਾਮ ਨਿਰੋਧਰੁ ; ਗੁਰੁ ਦੇਵੈ ਪਤਿ ਮਤੀ ॥੧੧॥

ਪਦ ਅਰਥ:–ਰਹਣ–to stay। **ਕਹਣ**–say। **ਕਿਸੁ**–whom। **ਪਹਿ**–to। **ਕਰਉ**–do। **ਬਿਨੰਤੀ–ਬੇਨਤੀ,** request, appeal। **ਨਿਰੋਧਰੁ–ਨਿਰ+ ਉਦਰ=ਨਿਰਨੇ ਕਰਕੇ ਉਧਾਰਨੇ ਵਾਲਾ,** who liberates without doubt। **ਪਤਿ–ਪਤ,** honour। **ਮਤੀ**–remains with Guru's wisdom।

ਇਥੇ ਸਦਾ ਟਿਕੇ ਰਹਿਣ ਲਈ ਤਰਲੇ ਕਰਨ ਨਾਲ ਵੀ ਕੋਈ ਸਦਾ ਟਿਕਿਆ ਨਹੀ ਰਹਿ ਸਕਦਾ। ਸਭ ਮਰ ਜਾਂਦੇ ਹਨ, ਇਸ ਕਰਕੇ ਮੈ ਕਿਸ ਦੇ ਅੱਗੇ ਬੇਨਤੀ ਕਰਾਂ। ਹੇ ਭਾਈ! ਸਤਿਗੁਰੂ ਦੀ ਸ਼ਰਨ ਆਓ। ਸਤਿਗੁਰੂ ਪਰਮਾਤਮਾ ਦੇ ਨਾਮ ਦੀ ਵਡਿਆਈ ਦਾ ਸ਼ਬਦ ਬਖਸ਼ਦਾ ਹੈ, ਜੋ ਵਿਕਾਰਾਂ ਤੋਂ ਬਚਾ ਲੈਂਦਾ ਹੈ ਅਤੇ ਸਤਿਗੁਰੂ ਜੀ ਸਬਦ ਦੁਆਰਾ ਪਤ ਰਹਿ ਜਾਂਦੀ ਹੈ॥੧੧॥

Staying is just for sake saying but no one stays upon saying means that the saying never goes along with the reality therefore before whom shall I plead?

The preaching of one omnipresent's (Ram-Almighty) name is proven to be the saviour but it is attainable if Guru blesses the Almighty's Name together with the intellect (Budhi) to value the precious gift and the honour remains only with Guru's wisdom. Guru Ji explains the condition of those who has adopted Guru's preaching in the next lines.

ਲਾਜ ਮਰੰਤੀ ਮਰਿ ਗਈ ; ਘੂਘਟੁ ਖੋਲਿ ਚਲੀ ॥

ਪਦ ਅਰਥ:– ਲਾਜ–pride। **ਮਰੰਤੀ–ਮਰਨ ਵਾਲੀ,** dying। **ਮਰਿ ਗਈ**–died। **ਘੂਘਟੁ**–veil। **ਖੋਲਿ–ਘੁੰਡ ਲਾਹ ਕੇ,** remove, open।

ਜਿਸ ਸੰਸਾਰਕ ਲੱਜਾ ਕਰਕੇ ਬੁਧੀ ਮਰਦੀ ਸੀ ਹੁਣ ਉਹ ਲੱਜਾ ਮਰ ਗਈ ਹੈ ਅਤੇ ਬੁਧੀ ਰੂਪ ਇਸਤ੍ਰੀ ਭਰਮ ਰੁਪੀ ਘੁੰਡ ਨੂੰ ਖੋਲ ਕੇ ਵਾਹਿਗੁਰੂ ਵਲ ਹੋ ਗਈ ਹੈ ਭਾਵ ਮਾਇਆ ਦਾ ਭਰਮ ਦੂਰ ਹੁੰਦਿਆਂ ਹੀ ਜੀਵ ਰੂਪ ਇਸਤਰੀ ਪਿਆਰੇ ਵਾਹਿਗੁਰੂ ਵੱਲ ਤੁਰਦੀ ਹੈ।

The worldly pride for which the intellect (Budhi) was dying (in ensuring the pride stays high without hesitation in committing sins) but now upon realization the pride dies and intellect form of woman now proceeds towards Almighty path with self-pride face cover (Gung-ghat) unveiled means that now one joins the path of Almighty's union.

ਸਾਸੁ ਦਿਵਾਨੀ ਬਾਵਰੀ ; ਸਿਰ ਤੇ ਸੰਕ ਟਲੀ ॥

ਪਦ ਅਰਥ:- ਸਾਸੁ-ਸੱਸ, mother-in-law। **ਦਿਵਾਨੀ-**crazy। **ਬਾਵਰੀ-ਕਮਲੀ,** mad। **ਸੰਕ-ਸ਼ੰਕਾ, ਸਹਿਮ,** doubt। **ਟਲੀ-ਟਲ ਗਈ, ਹਟ ਗਈ,** removed।

ਅਵਿੱਦਿਆ ਰੂਪੀ ਦਿਵਾਨੀ ਸੱਸ ਜੋ ਬੁਧੀ ਨੂੰ ਝੱਲਿਆ ਕਰਨ ਵਾਲੀ ਸੀ ਅਤੇ ਸਿਰ ਤੋਂ ਜਨਮ ਮਰਨ ਰੂਪੀ ਸ਼ੰਕਾ ਟਲ ਗਈ।

The ignorance form of crazy mother-in-law, influence of which has made the intellect to be crazy as well and now such doubt (of being separate identity from Almighty) has been removed from the head (means the realization of truth made the intellect in acknowledging Almighty as the only one in various forms).

ਪ੍ਰੇਮਿ ਬੁਲਾਈ ਰਲੀ ਸਿਉ ; ਮਨ ਮਹਿ ਸਬਦੁ ਅਨੰਦੁ ॥

ਪਦ ਅਰਥ:- ਪ੍ਰੇਮਿ-ਪਿਆਰ ਨਾਲ, with love। **ਬੁਲਾਈ-**called। **ਰਲੀ ਸਿਉ-ਚਾਉ ਨਾਲ,** delightfully।

ਜੀਵ ਰੂਪ ਇਸਤਰੀ ਨੂੰ ਪ੍ਰਭੂ ਪਤੀ ਪਿਆਰ ਤੇ ਚਾਉ ਨਾਲ ਸੱਦਦਾ ਹੈ, ਭਾਵ ਆਪਣੀ ਯਾਦ ਦੀ ਖਿੱਚ ਬਖਸ਼ਦਾ ਹੈ ਤਾਂ ਉਸ ਦੇ ਮਨ ਵਿੱਚ ਸਤਿਗੁਰੂ ਦਾ ਸ਼ਬਦ ਆ ਵੱਸਦਾ ਹੈ ਤੇ ਉਸ ਦੇ ਮਨ ਵਿੱਚ ਆਨੰਦ ਟਿਕਿਆ ਰਹਿੰਦਾ ਹੈ।

Almighty has call upon with love to bless happiness (also means that Almighty called with joy) and by adopting Guru's sermons one has become blissful.

ਲਾਲਿ ਰਤੀ ਲਾਲੀ ਭਈ ; ਗੁਰਮੁਖਿ ਭਈ ਨਿਚਿੰਦੁ ॥੧੨॥

ਪਦ ਅਰਥ:- ਲਾਲਿ-ਪਿਆਰੇ ਵਿੱਚ, ਪ੍ਰੀਤਮ ਪਤੀ ਵਿੱਚ, beloved, (Almighty) । **ਰਤੀ-ਰਤੀ ਹੋਈ,** immersed। **ਲਾਲੀ-ਦਾਸੀ,** servant। **ਗੁਰਮੁਖਿ-ਉਹ ਜੀਵ ਇਸਤਰੀ ਜੋ ਗੁਰੂ ਦੇ ਉਪਦੇਸ਼ ਨੂੰ ਕਮਾਉਂਦੀ ਹੈ,** the ones who follows Guru's sermons। **ਨਿਚਿੰਦੁ-ਚਿੰਤਾ ਰਹਿਤ,** free from worry।

ਜੋ ਜੀਵ ਇਸਤਰੀ ਗੁਰੂ ਦੀ ਸ਼ਰਨ ਆਉਦੀ ਹੈ, ਉਸ ਨੂੰ ਦੁਨੀਆ ਦੀ ਕੋਈ ਚਿੰਤਾ ਪੋਹ ਨਹੀ ਸਕਦੀ। ਦਾਸੀ ਭਾਵ ਨੂੰ ਧਾਰਕੇ ਪ੍ਰੀਤਮ ਪਤੀ ਦੇ ਪ੍ਰੇਮ ਵਿੱਚ ਰੰਗੀ ਹੋਈ ਦੇ ਮੂੰਹ ਉਤੇ ਲਾਲੀ ਭਖ ਆਉਂਦੀ ਹੈ॥੧੨॥

Immersing in Almighty's love by becoming the servant (Lali) and through Guru I have become worry-less.

ਲਾਹਾ ਨਾਮੁ ਰਤਨੁ ; ਜਪਿ ਸਾਰੁ ॥
ਲਬੁ ਲੋਭੁ ; ਬੁਰਾ ਅਹੰਕਾਰੁ ॥

ਪਦ ਅਰਥ:– ਲਾਹਾ–ਲਾਭ, ਖੱਟੀ, profit। **ਨਾਮੁ ਰਤਨੁ–ਪਰਮਾਤਮਾ ਦਾ ਨਾਮ ਰਤਨ ਜੋ ਦੁਨੀਆਂ ਦੇ ਸਾਰੇ ਪਦਾਰਥਾਂ ਨਾਲੋਂ ਕੀਮਤੀ ਹੈ,** the name of the Almighty is the most valuable jewel। **ਜਪੁ–**chant। **ਸਾਰੁ–ਸ੍ਰੇਸ਼ਟ ਨਾਮ,** supreme। **ਲਬਿ–ਪਦਾਰਥਾਂ ਦੇ ਖਾਣ ਹਨਢਉ ਦਾ ਚਸਕਾ,** the selfishness of consumption। **ਲੋਭਿ–ਪਦਾਰਥਾਂ ਦੇ ਇਕਠੇ ਕਰਨ ਦਾ ਲਾਲਚ,** the greed of accumulating worldly materials।

ਪ੍ਰਮਾਤਮਾ ਦਾ ਰਤਨ ਰੂਪ ਨਾਮ ਜਪਣ ਨਾਲ ਸ੍ਰੇਸ਼ਟ ਲਾਭ ਹੁੰਦਾ ਹੈ। ਪਦਾਰਥਾਂ ਦੇ ਖਾਣ ਦਾ, ਪਦਾਰਥਾਂ ਨੂੰ ਇਕੱਠੇ ਦਾ ਲੋਭ ਅਤੇ ਹੰਕਾਰ ਆਦਿ ਸਭ ਬੁਰੇ ਵਿਕਾਰ ਹਨ। ਇਹਨਾਂ ਵਿਕਾਰਾਂ ਕਰਕੇ ਜੀਵ ਬੁਰਾ ਹੋ ਰਿਹਾ ਹੈ।

The Almighty's Name which is the form of jewel reciting which in return gives supreme profit mean the profit which never be exhausted (finishes) during and after life.

To have consumption greed (Lab), material greed (Lob) and ego is bad means that jeev (being) becomes evil because of these self-created desires.

ਲਾੜੀ ਚਾੜੀ ; ਲਾਇਤਬਾਰੁ ॥
ਮਨਮੁਖੁ ਅੰਧਾ ; ਮੁਗਧੁ ਗਵਾਰੁ ॥

ਪਦ ਅਰਥ:– ਲਾੜੀ–ਨਿੰਦਿਆ, slander। **ਚਾੜੀ–ਉਸਤਤੀ, ਖ਼ੁਸ਼ਾਮਦ,** to praise। **ਲਾਇਤਬਾਰੁ–ਉਹ ਢੰਗ ਜਿਸ ਨਾਲ ਕਿਸੇ ਦਾ ਇਤਬਾਰ ਗਵਾਇਆ ਜਾ ਸਕੇ, ਚੁਗਲੀ,** defame। **ਮਨਮੁਖੁ–ਉਹ ਮਨੁੱਖ ਜਿਸ ਦਾ ਰੁਖ਼ ਆਪਣੇ ਮਨ ਵਲ ਹੁੰਦਾ ਹੈ,** the one who is led by the mind। **ਮੁਗਧੁ–ਮੂਰਖ,** fool।

ਨਿੰਦਿਆ, ਖ਼ੁਸ਼ਾਮਦ ਅਤੇ ਚੁਗਲੀ ਇਹ ਹਰੇਕ ਕੰਮ ਮਾੜਾ ਹੈ। ਜੋ ਮਨੁੱਖ ਪ੍ਰਮਾਤਮਾ ਦਾ ਸਿਮਰਨ ਛੱਡ ਕੇ ਆਪਣੇ ਮਨ ਪਿਛੇ ਤੁਰਦਾ ਹੈ, ਉਹ ਮੂਰਖ, ਮੂੜ੍ਹ ਤੇ ਅੰਨ੍ਹਾ ਹੈ, ਭਾਵ ਉਸ ਨੂੰ ਜੀਵਨ ਦਾ ਸਹੀ ਰਾਹ ਨਹੀ ਦਿਸਦਾ।

Slander (Larre), praise (Chari) and defame (Laitbari, Cugli).

The one who is leaded by the mind (Manmukh) commits the above ill practices by which the manmukh is blinded in ignorance and demoralized by becoming the highest level of fool.

ਲਾਹੇ ਕਾਰਣਿ ; ਆਇਆ ਜਗਿ ॥
ਹੋਇ ਮਜੂਰੁ ; ਗਇਆ ਠਗਾਇ ਠਗਿ ॥

ਪਦ ਅਰਥ:- ਲਾਹੇ–to gain, benefit। **ਕਾਰਣਿ–ਵਾਸਤੇ,** cause। **ਆਇਆ**–came। **ਜਗਿ–ਜਗ ਵਿੱਚ,** in the world। **ਹੋਇ–ਬਣ ਕੇ,** becomes। **ਮਜੂਰੁ**–worker। **ਗਇਆ ਠਗਾਇ–ਠਗਾ ਕੇ ਗਿਆ, ਬਾਜੀ ਹਾਰ ਕੇ ਗਿਆ,** gone cheated। **ਠਗਿ–ਠੱਗ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਰਾਹੀਂ,** fraud, looter।

ਜੀਵ ਜਗਤ ਵਿੱਚ ਕੁਝ ਖੱਟਣ ਦੀ ਖਾਤਰ ਆਉਂਦਾ ਹੈ, ਪਰ ਮਾਇਆ ਦਾ ਗੋਲ਼ਾ ਬਣ ਕੇ ਮੋਹ ਦੇ ਹੱਥੋਂ ਜੀਵਨ–ਖੇਡ ਹਾਰ ਕੇ ਜਾਂਦਾ ਹੈ।

One came to this world to benefit but got entangled with the fraud desires (lust, anger, greed, attachment and ego) by which the faith form of wealth is looted.

ਲਾਹਾ ਨਾਮੁ ; ਪੂੰਜੀ ਵੇਸਾਹੁ ॥
ਨਾਨਕ ਸਚੀ ਪਤਿ ; ਸਚਾ ਪਾਤਿਸਾਹੁ ॥੧੩॥

ਪਦ ਅਰਥ:- ਲਾਹਾ–profit। **ਪੂੰਜੀ**–capital। **ਵੇਸਾਹੁ–ਸਰਧਾ,** faith। **ਸਚੀ–ਸਦਾ ਟਿਕੀ ਰਹਿਣ ਵਾਲੀ,** true। **ਪਤਿ–ਇੱਜ਼ਤ,** honour।

ਗੁਰੂ ਜੀ ਕਹਿੰਦੇ ਹਨ, ਕਿ ਜੋ ਮਨੁੱਖ ਸਰਧਾ ਨੂੰ ਰਾਸ ਪੂੰਜੀ ਬਣਾਉਂਦਾ ਹੈ ਤੇ ਇਸ ਪੂੰਜੀ ਰਾਹੀਂ ਪ੍ਰਮਾਤਮਾ ਦਾ ਨਾਮ ਖੱਟਦਾ–ਕਮਾਂਦਾ ਹੈ, ਉਸ ਨੂੰ ਸਦਾ ਥਿਰ ਪਾਤਿਸ਼ਾਹ ਸਦਾ ਟਿਕੀ ਰਹਿਣ ਵਾਲੀ ਇੱਜ਼ਤ ਬਖ਼ਸ਼ਦਾ ਹੈ॥੧੩॥

One who has obtained profit from the deal by purchasing Almighty's name with the capital of faith.

Guru Ji says that such person's honour is true and he (or she) is the true king.

ਆਇ ਵਿਗੂਤਾ ; ਜਗੁ ਜਮ ਪੰਥੁ ॥
ਆਈ ; ਨ ਮੇਟਣ ਕੋ ਸਮਰਥੁ ॥

ਪਦ ਅਰਥ:- ਆਇ–ਆ ਕੇ, ਜਨਮ ਲੈ ਕੇ, comes into this world। **ਵਿਗੂਤਾ–ਖ਼ੁਆਰ ਹੁੰਦਾ ਹੈ,** ruined। **ਜਮ ਪੰਥੁ–ਮੌਤ ਦਾ ਰਸਤਾ, ਆਤਮਕ ਮੌਤ ਦਾ ਰਸਤਾ,** afterlife path । **ਆਈ–ਮਾਇਆ, ਮਾਇਆ ਦੀ ਤ੍ਰਿਸ਼ਨਾ,** (influence of mammon (maya)) ।

ਜੀਵ ਇਸ ਜਗਤ ਵਿੱਚ ਆ ਕੇ, ਨਾਮ ਜਾਪ ਤੋਂ ਬਿਨਾਂ ਖਰਾਬ ਹੋ ਕੇ ਜਮ ਦੇ ਰਸਤੇ ਜਾਂਦਾ ਹੈ। ਉਹ ਭਗਤੀ ਦੀ ਥਾਂ ਮਾਇਆ ਵਿੱਚ ਖੁਆਰ ਹੁੰਦਾ ਹੈ, ਮਾਇਆ ਦੀ ਤ੍ਰਿਸ਼ਨਾ ਨੂੰ ਮਿਟਾਣ ਜੋਗਾ ਨਹੀ ਹੁੰਦਾ ਤੇ ਆਤਮਕ ਮੌਤ ਦਾ ਰਸਤਾ ਫੜ ਲੈਂਦਾ ਹੈ।

Jeevs (beings) who comes to this world and fail to perform Almighty's meditation are being ruined in this world and hereafter in the death path because of the influence of mammon (maya).

There is no one who is capable to reject the arrival death or there is no one who is capable to escape from the influence of maya (mammon).

ਆਥਿ ਸੈਲ ; ਨੀਚ ਘਰਿ ਹੋਇ ॥
ਆਥਿ ਦੇਖਿ ; ਨਿਵੈ ਜਿਸੁ ਦੋਇ ॥

ਪਦ ਅਰਥ:- ਆਥਿ–ਮਾਯਾ, maya, wealth। **ਸੈਲ–ਅਨੰਦ,** bliss। **ਨੀਚ–ਪਾਪੀ,** evil person। **ਘਰਿ**–house। **ਹੋਇ**–exist। **ਦੇਖਿ–ਵੇਖਣਾ,** observe, watch। **ਨਿਵੈ**–bow। **ਦੋਇ–ਦੋਵੇ,** both।

ਜੇ ਬਹੁਤੀ ਮਾਇਆ ਕਿਸੇ ਨੀਚ ਪੁਰਸ਼ ਦੇ ਘਰ ਵਿੱਚ ਹੋਵੇ ਤਾਂ ਉਸ ਦੀ ਮਾਇਆ ਨੂੰ ਵੇਖ ਕੇ ਗਰੀਬ ਅਮੀਰ ਦੋਵੇ ਉਸ ਨੀਚ ਪੁਰਸ਼ ਦੇ ਅੱਗੇ ਨਿਵਦੇ ਹਨ।

Wealth being in the residence gives bliss to even the most unfortunate one or wealth makes even a sinful person to become great (well respected)

Wealth is such that upon watching everyone bows down means that all bows down to the wealthy person.

Second Meaning: The mediation of form of wealth blesses bliss to even a sinful person and looking at the meditation the whole world bows before him (or her). Guru Ji says Almighty's meditation makes most least to be the greatest.

ਆਥਿ ਹੋਇ ਤਾ ; ਮੁਗਧੁ ਸਿਆਨਾ ॥
ਭਗਤਿ ਬਿਹੂਨਾ ; ਜਗੁ ਬਉਰਾਨਾ ॥

ਪਦ ਅਰਥ:- ਮੁਗਧੁ–ਮੂਰਖ, fool। **ਸਿਆਨਾ**–wise। **ਭਗਤਿ–ਭਗਤੀ,** meditation। **ਬਿਹੂਨਾ–ਬਿਨਾ,** without। **ਜਗੁ**–world। **ਬਉਰਾਨਾ–ਬਾਵਰਾ, ਕਮਲਾ, ਝੱਲਾ,** moron।

ਜੇਕਰ ਮਾਇਆ ਮੂਰਖ ਦੇ ਘਰ ਵਿੱਚ ਹੋਵੇ ਤਾਂ ਉਹ ਮੂਰਖ ਵੀ ਸਿਆਣਾ ਗਿਣਿਆਂ ਜਾਂਦਾ ਹੈ। ਪਰ ਭਗਤੀ ਤੋਂ ਬਿਨਾਂ ਹੋਣ ਕਰਕੇ ਝੂਠੀ ਮਾਇਆ ਦੇ ਮਗਰ ਲਗ ਕੇ ਸਾਰਾ ਜਗਤ ਬਾਵਰਾ ਹੋ ਰਿਹਾ ਹੈ।

If one has wealth at home then even a moron is acknowledged as wise or if a moron has meditation form of wealth at his heart then he is recognized as brilliant (exceptionally clever or talented).

Alternatively, even a smart person who has the knowledge of all the trades is known as moron if he does not possess Almighty's meditation.

ਸਭ ਮਹਿ ਵਰਤੈ ; ਏਕੋ ਸੋਇ ॥
ਜਿਸ ਨੋ ਕਿਰਪਾ ਕਰੇ ; ਤਿਸੁ ਪਰਗਟੁ ਹੋਇ ॥੧੪॥

ਪਦ ਅਰਥ:- ਸਭ–ਸਾਰਿਆਂ, all। **ਮਹਿ–ਅੰਦਰ,** within। **ਵਰਤੈ–ਵਰਤਦਾ ਹੈ,** exist (within), doer। **ਏਕੋ ਸੋਇ–ਉਹ ਵਾਹਿਗੁਰੂ ਆਪ ਹੀ,** only Almighty himself। **ਜਿਸ ਨੋ**–upon whom। **ਕਿਰਪਾ**–blessing। **ਤਿਸ**–to him/her। **ਪਰਗਟੁ**–manifest।

ਸਾਰਿਆ ਵਿੱਚ ਇਕ ਪ੍ਰਮਾਤਮਾ ਆਪ ਵਰਤ ਰਿਹਾ ਹੈ। ਜਿਸ ਉਤੇ ਪ੍ਰਮਾਤਮਾ ਆਪ ਕਿਰਪਾ ਦ੍ਰਿਸ਼ਟੀ ਕਰਦਾ ਹੈ, ਤਿਸ ਨੂੰ ਪਰਗਟ ਹੁੰਦਾ ਹੈ॥੧੪॥

Although only one Almighty is the cause all actions within the entire creation but He manifest himself for only those on whom He shower His grace.

ਜੁਗਿ ਜੁਗਿ ਥਾਪਿ ; ਸਦਾ ਨਿਰਵੈਰੁ ॥
ਜਨਮਿ ਮਰਣਿ , ਨਹੀ ਧੰਧਾ ਧੈਰੁ ॥

ਪਦ ਅਰਥ:- ਜੁਗਿ ਜੁਗਿ–ਹਰੇਕ ਜੁਗ ਵਿੱਚ, in every age। **ਥਾਪਿ–ਥਾਪਿਆ ਹੈ,** instate, ordained। **ਸਦਾ**–forever। **ਨਿਰਵੈਰ**–without enmity। **ਜਨਮਿ–ਜਨਮ ਵਿੱਚ,** in birth । **ਮਰਣਿ–ਮਰਨ ਵਿੱਚ,** in death। **ਨਹੀ**–never। **ਧੰਧਾ**–trade। **ਧੈਰੁ–ਧੀਰਜਵਾਨ,** contented।

ਹਰ ਇਕ ਜੁਗ ਜੁਗ ਵਿੱਚ ਜੀਵਾਂ ਨੂੰ ਪੈਦਾ ਕਰਨ ਵਾਲਾ ਪ੍ਰਮਾਤਮਾ ਆਪ ਨਿਰਵੈਰ ਰਹਿੰਦਾ ਹੈ। ਉਹ ਪ੍ਰਮਾਤਮਾ ਜਨਮ ਮਰਨ ਵਿੱਚ ਨਹੀ ਹੈ ਅਤੇ ਨਾ ਹੀ ਉਸ ਦੇ ਅੰਦਰ ਜਗਤ ਦਾ ਕੋਈ ਧੰਧਾ ਭਟਕਣਾ ਪੈਦਾ ਕਰ ਸਕਦਾ ਹੈ।

Almighty is always without enmity (Nirvair) who have created the practice of all the four ages (Sat-yug, Thretha-yug, Doapur-yug & Kal-yug).

Almighty never involves in the trade of birth and death also never roam around means Almighty is beyond birth and contented.

ਜੋ ਦੀਸੈ ; ਸੋ ਆਪੇ ਆਪਿ ॥
ਆਪਿ ਉਪਾਇ ; ਆਪੇ ਘਟ ਥਾਪਿ ॥

ਪਦ ਅਰਥ:- ਜੋ–whatever। **ਦੀਸੈ**–seen। **ਸੋ**–the one। **ਆਪੇ**–self, He। **ਆਪਿ**–Himself। **ਉਪਾਇ–ਪੈਦਾ ਕਰ ਕੇ,** created। **ਘਟ–ਸਾਰੇ ਸਰੀਰ,** within forms। **ਥਾਪਿ**–instate।

ਉਹ ਪ੍ਰਮਾਤਮਾ ਆਪ ਹੀ ਸ੍ਰਿਸਟੀ ਪੈਦਾ ਕਰਦਾ ਹੈ ਅਤੇ ਆਪ ਹੀ ਸਾਰੇ ਜੀਵ ਪੈਦਾ ਕਰਦਾ ਹੈ। ਜੋ ਕੁਝ ਵੀ ਦਿਖਾਈ ਦੇ ਰਿਹਾ ਹੈ, ਉਹ ਆਪੇ ਆਪ ਪ੍ਰਮਾਤਮਾ ਹੀ ਹੈ, ਭਾਵ ਉਸ ਪ੍ਰਮਾਤਮਾ ਦਾ ਹੀ ਸਰੂਪ ਹੈ।

Whatever that comes within the sight is the form of Almighty himself.

Almighty created the universe himself and then become the form of life within His creation.

ਆਪਿ ਅਗੋਚਰੁ ; ਧੰਧੈ ਲੋਈ ॥
ਜੋਗ ਜੁਗਤਿ ; ਜਗਜੀਵਨੁ ਸੋਈ ॥

ਪਦ ਅਰਥ:- ਆਪਿ–Himself। **ਅਗੋਚਰੁ–ਜਿਸ ਤੱਕ ਮਨੁੱਖ ਦੇ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀ, ਅਪਹੁੰਚ,** (beyond the reach of knowledge sensors। **ਧੰਧੈ**–trades (worldly)। **ਲੋਈ–ਸ੍ਰਿਸ਼ਟੀ, ਜਗਤ, ਲੋਕ,** universe। **ਜੋਗ–ਮਿਲਣ,** unite। **ਜੁਗਤਿ– ਜਾਂਚ,** method। **ਜੋਗ ਜੁਗਤਿ–ਆਪਣੇ ਨਾਲ ਮਿਲਣ ਦੀ ਜਾਂਚ,** the method to reunite। **ਜਗਜੀਵਨੁ–ਜਗਤ ਦਾ ਜੀਵਨ ਵਾਹਿਗੁਰੂ,** the life of Universe (Almighty) । **ਸੋਈ–ਆਪ ਹੀ,** himself।

ਵਾਹਿਗੁਰੂ ਆਪ ਇੰਦ੍ਰਿਆਂ ਤੋਂ ਪਰੇ ਹੈ (ਅਗੋਚਰੁ) ਅਤੇ ਉਸ ਨੇ ਸਾਰੇ ਜਗਤ ਧੰਧਿਆਂ ਦੀ ਭਟਕਣਾ ਵਿੱਚ ਫਸਾਇਆ ਹੋਇਆ ਹੈ ਅਤੇ ਜਗਤ ਦਾ ਸਹਾਰਾ ਉਹ ਅਪਹੁੰਚ ਪ੍ਰਮਾਤਮਾ ਆਪ ਹੀ ਜੀਵ ਨੂੰ ਭਟਕਣਾ ਵਿੱਚੋ ਕੱਢਨ ਵਾਲਾ ਹੈ ਅਤੇ ਗੁਰੂ ਰੂਪ ਹੋ ਕੇ ਆਪਣੇ ਨਾਲ ਮਿਲਣ ਦੀ ਜਾਂਚ ਸਿਖਾਉਂਦਾ ਹੈ।

Almighty is beyond the sensor's (Agocher) limits and He has engaged the whole universe in their respective trades.

The form of Universal Life (Almighty) himself establishes the method for reuniting the jeev (being) with himself

ਕਰਿ ਆਚਾਰੁ ; ਸਚੁ ਸੁਖੁ ਹੋਈ ॥
ਨਾਮ ਵਿਹੂਣਾ ; ਮੁਕਤਿ ਕਿਵ ਹੋਈ ॥੧੫॥

ਪਦ ਅਰਥ:- ਕਰਿ–do। **ਆਚਾਰੁ–ਕਰਤੱਬ,** deeds। **ਸਚੁ–ਨਿਸਚੇ ਕਰਕੇ,** surely, definitely recite। **ਸੁਖੁ**–happy। **ਵਿਹੂਣਾ–ਬਿਨਾ,** without। **ਮੁਕਤਿ–ਧੰਧਿਆਂ ਤੋਂ ਖਲਾਸੀ,** salvation। **ਕਿਵ**–how। **ਹੋਈ**–will। **ਕਿਵ ਹੋਈ–ਕਿਵੇ ਹੋ ਸਕਦੀ ਹੈ? ਨਹੀ ਹੋ ਸਕਦੀ,** means how can it be?।

ਉਸ ਸਦਾ ਥਿਰ ਪ੍ਰਮਾਤਮਾ ਦੀ ਯਾਦ ਨੂੰ ਆਪਣਾ ਕਰਤੱਬ ਬਣਾ ਕੇ ਹੀ ਸੱਚਾ ਸੁੱਖ ਮਿਲਦਾ ਹੈ। ਉਸ ਦੇ ਨਾਮ ਤੋਂ ਵਾਂਜੇ ਰਹਿ ਕੇ ਧੰਧਿਆਂ ਤੋਂ ਮੁਕਤੀ ਨਹੀ ਹੋ ਸਕਦੀ॥੧੫॥

One who performs good deeds will definitely be happy and attain peace in life.

Whereas how can one without Almighty's Name obtain salvation.

ਵਿਣੁ ਨਾਵੈ ; ਵੇਰੋਧੁ ਸਰੀਰ ॥
ਕਿਉ ਨ ਮਿਲਹਿ ; ਕਾਟਹਿ ਮਨ ਪੀਰ ॥

ਪਦ ਅਰਥ:- ਵਿਣ–ਬਿਨਾ, without। **ਨਾਵੈ**–Almighty's Name। **ਵੇਰੋਧੁ ਸਰੀਰ–ਸਰੀਰ** (body) **ਵਿਰੋਧੀ** (against) **ਹੁੰਦਾ ਹੈ,** physical body goes against। **ਕਿਉ ਨ ਮਿਲਹਿ–ਤੂੰ ਕਿਉਂ ਪ੍ਰਮਾਤਮਾ ਨਾਲ ਨਹੀ ਮਿਲਦਾ,** why don't you unite with Almighty? । **ਕਾਟਹਿ**–cut, disengage। **ਮਨ**–mind। **ਪੀਰ**–pain।

ਹੇ ਭਾਈ! ਨਾਮ ਜਪੇ ਤੋਂ ਬਿਨਾਂ ਇਹ ਸਰੀਰ ਦਾ ਆਤਮਿਕ ਜੀਵਨ ਨਾਲ ਵਿਰੋਧ ਪੈ ਜਾਂਦਾ ਹੈ। ਮਨ ਦੀਆਂ ਪੀੜਾਂ ਕੱਟਣ ਵਾਲਾ ਜੋ ਪ੍ਰਮੇਸ਼ਰ ਹੈ, ਤੂੰ ਉਸ ਨਾਲ ਕਿਉਂ ਨਹੀ ਮਿਲਦਾ।

Without reciting Almighty's Name the physical body becomes the cause of all pain and works against the mortal as the world desires becomes self-destructive.

Then the pain of the mind is also caused by self-created thoughts. Therefore, Guru Ji says why don't disengage the mind from all otherworldly thoughts and engage mind in Almighty's rememberance.

ਵਾਟ ਵਟਾਊ ; ਆਵੈ ਜਾਇ ॥
ਕਿਆ ਲੇ ਆਇਆ ; ਕਿਆ ਪਲੈ ਪਾਇ ॥

ਪਦ ਅਰਥ:- ਵਾਟ–ਰਸਤਾ, path। **ਵਟਾਊ–ਰਾਹੀ, ਮੁਸਾਫ਼ਿਰ,** traveller। **ਆਵੈ–ਜਗਤ ਵਿੱਚ ਆਉਂਦਾ ਹੈ,** comes into this world। **ਜਾਇ–ਮਰ ਜਾਂਦਾ ਹੈ, ਤੁਰ ਜਾਂਦਾ ਹੈ,** departs means dies। **ਕਿਆ**–what। **ਲੇ**–brings। **ਆਇਆ–ਲੈ ਕੇ ਆਇਆ,** brings along। **ਕਿਆ ਪਲੈ ਪਾਇ– ਕੀ ਪੱਲੇ ਵਿੱਚ ਪਾ ਕੇ ਲੈ ਜਾਂਦਾ ਹੈ,** what he has accumulated to be taken along?।

ਇਹ ਜੀਵ ਮੁਸਾਫ਼ਿਰ ਵਾਂਗ ਜਗਤ ਵਿੱਚ ਆਉਂਦਾ ਹੈ ਤੇ ਇਥੋਂ ਤੁਰ ਜਾਂਦਾ ਹੈ। ਦੱਸੋ ਖਾਂ ਜੀਵ ਕੀ ਜਗਤ ਵਿੱਚ ਲੈ ਕੇ ਆਇਆ ਸੀ ਤੇ ਕੀ ਪੱਲੇ ਵਿੱਚ ਪਾ ਕੇ ਲੈ ਜਾਂਦਾ ਹੈ, ਭਾਵ ਖਾਲੀ ਆਉਂਦਾ ਹੈ ਤੇ ਖਾਲੀ ਹੀ ਚਲਾ ਜਾਂਦਾ ਹੈ।

This jeev is the traveler who always comes and goes.

What have this jeev brought along and what will he collect to be taken along means that the jeev come to this world because of the balance deeds from previous life and instead of clearing the previous deeds he takes along more deeds.

ਵਿਣੁ ਨਾਵੈ ; ਤੋਟਾ ਸਭ ਥਾਇ ॥
ਲਾਹਾ ਮਿਲੈ ; ਜਾ ਦੇਇ ਬੁਝਾਇ ॥

ਪਦ ਅਰਥ:- ਵਿਣ–without। **ਤੋਟਾ–ਘਾਟਾ,** loss। **ਸਭ**–all, completely। **ਥਾਇ**–place। **ਲਾਹਾ**–profit। **ਮਿਲੈ**–obtain, receive। **ਜਾ–ਜੇ,** if। **ਦੇਇ– ਬਖ਼ਸ਼ੇ,** gives, blesses। **ਬੁਝਾਇ–ਪਰਮਾਤਮਾ ਸੋਝੀ,** Almighty make one to realize the truth, enlightens।

ਪਰਮਾਤਮਾ ਦੇ ਨਾਮ ਤੋਂ ਬਿਨਾਂ ਹਰ ਥਾਂ ਘਾਟਾ ਹੀ ਘਾਟਾ ਹੁੰਦਾ ਹੈ ਤੇ ਲਾਹਾ ਤਾਂ ਮਿਲੇਗਾ ਜੇ ਸਚ ਦੀ ਪਹਿਚਾਨ ਕਰੇਗਾ।ਮਨੁੱਖ ਨੂੰ ਪ੍ਰਭੂ ਦੇ ਨਾਮ ਦਾ ਲਾਹਾ ਤਦੋਂ ਹੀ ਮਿਲਦਾ ਹੈ ਜਦੋਂ ਪਰਮਾਤਮਾ ਆਪ ਇਹ ਸੂਝ ਬਖਸ਼ਦਾ ਹੈ।

Without Almighty's name one will face losses very where.

One will only obtain profit once Almighty's makes one to realize the truth.

ਵਣਜੁ ਵਾਪਾਰੁ ; ਵਣਜੈ ਵਾਪਾਰੀ ॥
ਵਿਣੁ ਨਾਵੈ ; ਕੈਸੀ ਪਤਿ ਸਾਰੀ ॥੧੬॥

ਪਦ ਅਰਥ:- ਵਣਜੁ–trade। **ਵਾਪਾਰ**–business। **ਵਣਜੈ**–trading। **ਵਾਪਾਰੀ**–trader, businessman। **ਵਿਣੁ**–without। **ਨਾਵੈ**–Almighty's Name। **ਕੈਸੀ–ਕਿਵੇਂ,** how। **ਪਤਿ–ਇੱਜਤ,** honour। **ਸਾਰੀ–ਪੂਰੀ,** completely, throughout।

ਨਾਮ ਤੋਂ ਸੱਖਣਾ ਰਹਿ ਕੇ ਜੀਵ ਸੰਸਾਰੀ ਵਣਜਾਰਾ ਬਣ ਕੇ ਹੋਰ ਵਣਜ ਵਾਪਾਰ ਹੀ ਕਰਦਾ ਹੈ। ਹਰੀ ਨਾਮ ਤੋਂ ਬਿਨਾਂ ਵਾਪਾਰੀ ਜਗਿਆਸੂ ਦੀ ਸਾਰੀ ਪਤਿ ਅਰਥਾਤ ਪੂਰੀ ਇੱਜ਼ਤ ਕਿਸ ਤਰ੍ਹਾਂ ਬਣੇਗੀ॥੧੬॥

One becomes trader in lifetime and perform all worldly tradings means that the whole lifetime is spent in earning worldly materials.

How will the honour retain in the whole world without Almighty's Name?

ਗੁਣ ਵੀਚਾਰੇ ; ਗਿਆਨੀ ਸੋਇ ॥
ਗੁਣ ਮਹਿ ; ਗਿਆਨੁ ਪਰਾਪਤਿ ਹੋਇ ॥

ਪਦ ਅਰਥ:– ਗੁਣ (virtues) **ਵੀਚਾਰੇ–ਜੋ ਮਨੁੱਖ ਸੱਤ, ਸੰਤੋਖ ਆਦਿ ਗੁਣਾਂ ਨੂੰ ਵਿਚਾਰਦਾ ਹੈ,** contemplate Almighty's virtues। **ਗਿਆਨੀ–ਅਤਮਾ ਹੀ ਪ੍ਰਮਾਤਮਾ ਹੈ ਇਹ ਜਾਣਨ,** enlightened person who recognises Atma as Almighty Himself।

ਜੋ ਸੱਤ, ਸੰਤੋਖ ਆਦਿ ਗੁਣਾਂ ਨੂੰ ਵਿਚਾਰਦਾ ਹੈ, ਓਹੀ ਪੁਰਸ਼ ਗਿਆਨੀ ਹੈ। ਸੱਤ, ਸੰਤੋਖ ਆਦਿ ਗੁਣਾਂ ਦੇ ਧਾਰਨ ਵਿਚ ਸਰੂਪ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

Those are knowledgeable (Gyani) who contemplates on Almighty's virtues.

The knowledge is obtained from Almighty's virtues, as the source of knowledge is the virtues itself.

ਗੁਣਦਾਤਾ ; ਵਿਰਲਾ ਸੰਸਾਰਿ ॥
ਸਾਚੀ ਕਰਣੀ ; ਗੁਰ ਵੀਚਾਰਿ ॥

ਪਦ ਅਰਥ:– ਗੁਣਦਾਤਾ–ਪ੍ਰਮੇਸ਼ਰ ਦੇ ਗੁਣ ਅਤੇ ਗਿਆਨ ਦਾ ਦਾਤਾ, the bestower of virtue and knowledge। **ਵਿਰਲਾ**–rare। **ਸੰਸਾਰਿ–ਸੰਸਾਰ ਵਿਚ,** in this world। **ਸਾਚੀ ਕਰਣੀ–ਸੱਚੀ ਕਰਨੀ (ਸਦਾ ਥਿਰ ਪ੍ਰਭੂ ਦੇ ਗੁਣ ਚੇਤੇ ਕਰਨ ਦੀ),** the true deed (to remember Amighty's virtues)। **ਗੁਰ–ਗੁਰੂ,** Guru। **ਵੀਚਾਰਿ–ਵਿਚਾਰ ਦੁਆਰਾ,** through wisdom।

ਸੰਸਾਰ ਵਿੱਚ ਸ਼ੁਭ ਗੁਣਾਂ ਦਾ ਦਾਤਾ ਕੋਈ ਵਿਰਲਾ ਪੁਰਸ਼ ਹੀ ਹੈ। ਗੁਰਾਂ ਦੇ ਉਪਦੇਸ਼ ਦਾ ਜਿਹੜਾ ਵੀਚਾਰ ਕਰਨਾ ਹੈ, ਏਹੀ ਇਕ ਸੱਚੀ ਕਰਨੀ ਹੈ।

However the knowledgeable person who donates (teach) knowledge and virtues is rare in this world.

The true (Sachi) practice (Karni) is obtained through Guru's contemplation means that one obtains the true practice in life by listening (Sune-na), accepting (Mane-na) and practice (Nidhyasan) the Guru's Hymns (Gurbani).

ਅਗਮ ਅਗੋਚਰੁ ; ਕੀਮਤਿ ਨਹੀ ਪਾਇ ॥
ਤਾ ਮਿਲੀਐ ; ਜਾ ਲਏ ਮਿਲਾਇ ॥

ਪਦ ਅਰਥ:- ਅਗਮ-ਮਨ ਦੀ ਪਕੜ ਤੋਂ ਪਰੇ, beyond the grasp of mind। **ਅਗੋਚਰੁ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ,** beyond the reach of sensors। **ਕੀਮਤਿ-**worth, value। **ਨਹੀ-**no। **ਪਾਇ-**obtain। **ਕੀਮਤ ਨਹੀ ਪਾਇ-ਉਸ ਦੇ ਗੁਣਾਂ ਦੀ ਕੀਮਤ ਨਹੀ ਪੈ ਸਕਦੀ,** His virtues are priceless। **ਤਾ-**only then। **ਮਿਲੀਐ-ਮਿਲੀਦਾ ਹੈ,** be united। **ਜਾ-**if। **ਮਿਲਾਇ-**unites।

ਉਹ ਪ੍ਰਮਾਤਮਾ ਮਨ ਕਰਕੇ ਅਪਹੁੰਚ ਹੈ (ਅਗਮ) ਅਤੇ ਜੀਵ ਦੇ ਗਿਆਨ ਇੰਦ੍ਰੇ ਉਸ ਤੱਕ ਨਹੀਂ ਅੱਪੜ ਸਕਦੇ (ਅਗੋਚਰ)। ਸਤਿਗੁਰੂ ਦੀ ਦਿੱਤੀ ਸੂਝ ਤੋਂ ਬਿਨਾ ਉਸ ਦੇ ਗੁਣਾਂ ਦੀ ਕੀਮਤ ਨਹੀ ਪੈ ਸਕਦੀ। ਉਸ ਨਾਲ ਮਿਲਾਪ ਤਦ ਹੀ ਹੁੰਦਾ ਹੈ, ਜਦ ਆਪ ਮਿਲਾ ਲਵੇ।

The Almighty's value can never be counted as He his beyond the understanding of the mind (Agam) and also beyond the reach of sensors (Agochar).

Therefore Almighty can only be met if He himself wish to meet (unite).

ਗੁਣਵੰਤੀ ; ਗੁਣ ਸਾਰੇ ਨੀਤ ॥
ਨਾਨਕ ; ਗੁਰਮਤਿ ਮਿਲੀਐ ਮੀਤ ॥੧੭॥

ਪਦ ਅਰਥ:- ਗੁਣਵੰਤੀ-ਉਹ ਜੀਵ ਇਸਤਰੀ ਜਿਸ ਦੇ ਅੰਦਰ ਰਬੀ ਗੁਣ ਹਨ, the one with godly virtues e.g. saint। **ਸਾਰੇ-ਸੰਭਾਲਦੀ ਹੈ, ਯਾਦ ਕਰਦੀ ਹੈ,** remembers, recite। **ਨੀਤ-**daily, all the time। **ਗੁਰਮਤਿ-ਸਤਿਗੁਰੂ ਦੀ ਮੱਤ ਲੈ ਕੇ,** through the Guru's teachings। **ਮਿਲੀਐ-**unite। **ਮੀਤ-ਮਿਤ੍ਰ ਭਾਵ ਵਾਹਿਗੁਰੂ,** friend means Almighty।

ਕੋਈ ਭਾਗਾਂ ਵਾਲੀ ਜੀਵ ਇਸਤਰੀ ਗੋਪਾਲ ਦੇ ਗੁਣ ਸਦਾ ਚੇਤੇ ਰੱਖਦੀ ਹੈ, ਸਤਿਗੁਰੂ ਦੀ ਸਿੱਖਿਆ ਦੀ ਬਰਕਤ ਨਾਲ ਹੀ ਮਿੱਤਰ ਪ੍ਰਭੂ ਨੂੰ ਮਿਲ ਸਕੀਦਾ ਹੈ॥੧੭॥

Those who observes their virtues all the time through the Saint (Gun-Wanti – one who adopts virtues).

Guru Ji says one unites with Almighty as a friend through the Guru's teaching.

ਕਾਮੁ ਕ੍ਰੋਧੁ ; ਕਾਇਆ ਕਉ ਗਾਲੈ ॥
ਜਿਉ ਕੰਚਨ ; ਸੋਹਾਗਾ ਢਾਲੈ ॥

ਪਦ ਅਰਥ:- ਕਾਮ–lust। **ਕ੍ਰੋਧ**–anger। **ਕਾਇਆ–ਸਰੀਰ,** physical body। **ਗਾਲੈ–ਢਾਲਦਾ,** melt, rot। **ਕਉ–ਨੂੰ**। **ਜਿਓ**–like। **ਕੰਚਨ–ਸੋਨਾ,** Gold। **ਸੋਹਾਗਾ**–borax, acid। **ਢਾਲੈ–ਢਾਲ ਦਿੰਦਾ ਹੈ,** melts।

ਕਾਮ ਅਤੇ ਕ੍ਰੋਧ ਮਨੁੱਖ ਦੇ ਸਰੀਰ ਨੂੰ ਇਸ ਤਰਾਂ ਨਿਰਬਲ ਕਰ ਦਿੰਦੇ ਹਨ, ਜਿਵੇਂ ਸੋਹਾਗਾ ਸੋਨੇ ਨੂੰ ਢਾਲ ਦਿੰਦਾ ਹੈ।

Lust and anger is the desires of the intellect (Budhi), the one with interest in uniting with Almighty (Jagiasu) should rot them just like borax (sohaga) melts the gold and burns all the dirt in the same manner one should burn the desires and make the intellect pure.

ਕਸਿ ਕਸਵਟੀ ; ਸਹੈ ਸੁ ਤਾਉ ॥
ਨਦਰਿ ਸਰਾਫ ; ਵੰਨੀ ਸਚੜਾਉ ॥

ਪਦ ਅਰਥ:- ਕਸਿ–ਖੱਸ, tighteness means determination। **ਕਸਵਟੀ**– benchmark। **ਸੁ–ਉਹ,** the। **ਤਾਉ–ਸੇਕ,** heat। **ਨਦਰਿ**–sight। **ਸਰਾਫ–ਸੋਨੇ ਚਾਂਦੀ ਦਾ ਵਾਪਾਰੀ,** assayer। **ਵੰਨੀ–ਸੋਹਣੇ ਰੰਗ ਵਾਲਾ,** the colour cube। **ਸਚੜਾਉ–ਸਚੇ ਰੰਗ ਦਾ ਚੜਾਉ,** the adoption of true colour।

ਉਹ ਢਲਿਆ ਹੋਇਆ ਸੋਨਾ ਕੁਠਾਲੀ ਵਿੱਚ ਸੇਕ ਸਹਿੰਦਾ ਹੈ, ਫਿਰ ਕਸਵੱਟੀ ਤੇ ਘਸਾ ਕੇ ਪਰਖਿਆ ਜਾਂਦਾ ਹੈ, ਤੇ ਸੋਹਣੇ ਰੰਗ ਵਾਲਾ ਉਹ ਸੋਨਾ ਸਰਾਫ਼ ਦੀ ਨਜ਼ਰ ਵਿੱਚ ਕਬੂਲ ਪੈਂਦਾ ਹੈ। ਜੀਵ ਵੀ ਪ੍ਰਭੂ ਦੀ ਮਿਹਰ ਨਾਲ ਜਦੋਂ ਗੁਰੂ ਦੇ ਦੱਸੇ ਰਾਹ ਦੀ ਘਾਲ ਕਮਾਈ ਕਰਦਾ ਹੈ, ਤੇ ਗੁਰੂ ਦੀ ਦੱਸੀ ਸਿੱਖਿਆ ਤੇ ਪੂਰਾ ਉਤਰਦਾ ਹੈ ਤਾਂ ਉਹ ਸੋਹਣੇ ਆਤਮਾ ਵਾਲਾ ਜੀਵ ਅਕਾਲ ਪੁਰਖ ਦੀ ਨਜ਼ਰ ਵਿੱਚ ਕਬੂਲ ਹੁੰਦਾ ਹੈ।

To keep the recitation (Jap) and selfless sevice (Taap) continuous is like burning the gold under a continuous burning fire as the benchmark in order to determine ones faith as the attainment of Almighty and the perishable world becomes equal, pain and joy becomes equally the same only then the sight of the examiner (Seraf means assayer -Almighty) is obtained thereafter knowledge form of levels and beautiful colour shine with the mixed chemical form of Almighty's Name.

ਜਗਤੁ ਪਸੂ ; ਅਹੰ ਕਾਲੁ ਕਸਾਈ ॥
ਕਰਿ ਕਰਤੈ ; ਕਰਣੀ ਕਰਿ ਪਾਈ ॥

ਪਦ ਅਰਥ:- ਜਗਤੁ-the perishable world। **ਪਸੂ**-beast। **ਅਹੰ-ਹਉਮੈ,** self-conceit। **ਕਾਲੁ-ਮੌਤ,** death। **ਕਸਾਈ-ਮਾਰਨ ਵਾਲਾ,** butcher। **ਕਰਿ-ਕਰ ਕੇ,** to do। **ਕਰਤੈ-ਕਰਤਾਰ ਨੇ,** creator। **ਕਰਣੀ**-deed। **ਕਰਿ**-hand। **ਪਾਈ**-obtain।

ਜਗਤ ਸੁਆਰਥ ਵਿੱਚ ਪਸ਼ੂ ਬਣਿਆ ਪਿਆ ਹੈ, ਅਹੰਕਾਰ ਹੀ ਮੌਤ ਬਣ ਕੇ ਮਾਰ ਰਹਿਆ ਹੈ ਭਾਵ ਇਸ ਦੇ ਆਤਮਕ ਜੀਵਨ ਦਾ ਸੱਤਿਆਨਾਸ ਕਰ ਰਹਿਆ ਹੈ। ਕਰਤਾਰ ਨੇ ਸ੍ਰਿਸਟੀ ਰਚ ਕੇ ਇਹ ਮਰਯਾਦਾ ਹੀ ਬਣਾ ਦਿੱਤੀ ਹੈ ਕਿ ਜਿਹੋ ਜਿਹੀ ਕਰਤੂਤ ਕੋਈ ਜੀਵ ਕਰਦਾ ਹੈ ਉਹੋ ਜਿਹਾ ਹੀ ਉਸ ਨੂੰ ਫਲ ਮਿਲਦਾ ਹੈ।

The ego is making the whole world to become animals and the ego itself is killing everyone brutally like a buther by perishing the spiritual divine life.

Almighty has predetermine the jeev's (being) deeds in the palm fate lines accordingly jeev (being) performes the deeds.

ਜਿਨਿ ਕੀਤੀ ; ਤਿਨਿ ਕੀਮਤਿ ਪਾਈ ॥
ਹੋਰ ਕਿਆ ਕਹੀਐ ; ਕਿਛੁ ਕਹਣੁ ਨ ਜਾਈ ॥੧੮॥

ਪਦ ਅਰਥ:- ਜਿਨਿ-ਜਿਸ ਨੇ, who। **ਕੀਤੀ-ਬਣਾਇਆ ਹੈ,** created। **ਤਿਨਿ-ਉਸ ਕਰਤਾਰ ਨੇ,** He। **ਕੀਮਤਿ**-value। **ਪਾਈ**-obtain। **ਹੋਰ**-more। **ਕਿਆ**-what। **ਕਹੀਐ**- to be said।

ਜਿਸ ਕਰਤਾਰ ਨੇ ਇਹ ਸੰਸਾਰ ਬਣਾਇਆ ਹੈ ਇਸ ਦੇ ਕਰਮਾ ਨੂੰ ਵੀ ਉਹ ਆਪ ਹੀ ਜਾਣਦਾ ਹੈ। ਹੋਰ ਕੀ ਕਹੀਏ, ਕੁਛ ਕਿਹਾ ਨਹੀ ਜਾ ਸਕਦਾ॥੧੮॥

He who created the entire Universe, knows the fate of this Universe therefore nothing can be said means that there is nothing one can do as everything is predetermined in His command.

What more can we say as this reality cannot be completely described.

ਖੋਜਤ ਖੋਜਤ ; ਅੰਮ੍ਰਿਤੁ ਪੀਆ ॥
ਖਿਮਾ ਗਹੀ ; ਮਨੁ ਸਤਗੁਰਿ ਦੀਆ ॥

ਪਦ ਅਰਥ:- ਖੋਜਤ ਖੋਜਤ–ਮੁੜ ਮੁੜ ਖੋਜ ਕੇ, continuously searching। **ਪੀਆ–ਜਿਸ ਮਨੁੱਖ ਨੇ ਪੀਤਾ,** drank। **ਖਿਮਾ–ਕਿਸੇ ਦੀ ਵਧੀਕੀ ਸਹਾਰਨ ਦਾ ਸੁਭਾਉ,** to forgive। **ਗਹੀ–ਗ੍ਰਹਿਣ ਕੀਤੀ, ਪਕਾ ਲਈ,** adopt। **ਸਤਗੁਰਿ ਦੀਆ–ਸਤਿਗੁਰੂ ਵਿੱਚ ਲੀਨ ਕਰ ਦਿੱਤਾ,** immersed in True Guru।

ਜੋ ਮਨੁੱਖ ਮੁੜ ਮੁੜ ਆਪਣਾ ਆਪ ਖੋਜ ਕੇ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਾ ਹੈ, ਉਹ ਦੂਜਿਆਂ ਨੂੰ ਖਿਮਾਂ ਕਰਨ ਦਾ ਸੁਭਾਉ ਪਕਾ ਲੈਂਦਾ ਹੈ, ਤੇ ਆਪਣਾ ਮਨ ਆਪਣੇ ਸਤਿਗੁਰੂ ਵਿੱਚ ਲੀਨ ਕਰ ਦੇਂਦਾ ਹੈ।

The ones who drinks the nector form of Almighty's name while searching for Almighty, means that even reciting Almighty to search Him is so blissful that one drink the nectar of Him name all the while therefore the search never go wasted.

One adopts forgiveness (Khima) after giving the mind to the True Guru which means that once the mind is immersed in Guru's hymn (Gurshabad) then the existence as separate identity vanishes thereafter one forgives everyone as he sees God in all.

ਖਰਾ ਖਰਾ ; ਆਖੈ ਸਭੁ ਕੋਇ ॥
ਖਰਾ ਰਤਨੁ ; ਜੁਗ ਚਾਰੇ ਹੋਇ ॥

ਪਦ ਅਰਥ:- ਖਰਾ–pure। **ਆਖੈ–**say। **ਸਭੁ ਕੋਇ–ਹਰੇਕ ਜੀਵ,** all Beings। **ਰਤਨੁ–**jewel। **ਜੁਗ–**ages। **ਚਾਰੇ–**four।

ਹਰੇਕ ਜੀਵ ਆਪਣੇ ਆਪ ਨੂੰ ਖਰੇ ਸੁੱਚੇ ਜੀਵਨ ਵਾਲਾ ਅਖਵਉਂਦਾ ਹੈ ਪਰ ਸਹੀ ਖਰਾ ਤਾਂ ਉਹੀ ਹੈ ਜੋ ਨਾਮ ਰਤਨ ਨੂੰ ਧਾਰਦਾ ਹੈ। ਉਹ ਸਦਾ ਲਈ ਸੁੱਚਾ ਸ੍ਰੇਸ਼ਟ ਬਣ ਜਾਂਦਾ ਹੈ, ਜਿਵੇਂ ਚਾਰੇ ਜੁਗਾਂ ਵਿੱਚ ਰਤਨ ਖਰਾ ਹੁੰਦਾ ਹੈ।

Everyone self-declares himself as the most pure ones but in all four ages only those are pure who adopted the jewel of Almighty's Name.

ਖਾਤ ਪੀਅੰਤ ਮੂਏ ; ਨਹੀ ਜਾਨਿਆ ॥
ਖਿਨ ਮਹਿ ਮੂਏ ; ਜਾ ਸਬਦੁ ਪਛਾਨਿਆ ॥

ਪਦ ਅਰਥ:–ਖਾਤ–eat। **ਪੀਅੰਤ**–drink। **ਮੂਏ**–died। **ਨਹੀ**–never, failed। **ਜਾਨਿਆ**–realise, to understand। **ਖਿਨ**– an instant। **ਮਹਿ ਮੂਏ–ਆਪਾ ਭਾਵ ਵੱਲੋਂ ਮਰ ਜਾਂਦੇ ਹਨ,** die from self-conceit। **ਜਾ**–when। **ਸਬਦੁ**–Shabad, Gurbani। **ਪਛਾਨਿਆ**–recognise।

ਜੋ ਜੀਵ ਦੁਨੀਆ ਦੇ ਭੋਗ ਭੋਗਦੇ ਰਹਿੰਦੇ ਹਨ, ਉਹ ਆਤਮਕ ਜੀਵਨ ਵਲੋਂ ਮਰ ਜਾਂਦੇ ਹਨ, ਉਹਨਾਂ ਨੂੰ ਨਾਮ ਅੰਮ੍ਰਿਤ ਦੀ ਸੂਝ ਨਹੀ ਪੈਂਦੀ। ਉਹੀ ਜੀਵ ਜਦ ਸਤਿਗੁਰੂ ਦੇ ਸ਼ਬਦ ਨਾਲ ਡੂੰਘੀ ਸਾਂਝ ਪਾਉਂਦੇ ਹਨ ਤਾਂ ਉਹ ਇਕ ਪਲਕ ਵਿੱਚ ਹਉਮੈ ਨੂੰ ਮਾਰ ਮਕਾਉਂਦੇ ਹਨ।

Jeev (being) dies every second in spending their breath in the pleasures of eating and drinking, during the entire life they never attain the wisdom to die from the sense of living (Haumai).

However those who recognized Almighty dies instantly from the sense of living.

ਅਸਥਿਰੁ ਚੀਤੁ ; ਮਰਨਿ ਮਨੁ ਮਾਨਿਆ ॥
ਗੁਰ ਕਿਰਪਾ ਤੇ; ਨਾਮੁ ਪਛਾਨਿਆ ॥੧੯॥

ਪਦ ਅਰਥ:– ਅਸਥਿਰੁ–ਅਡੋਲ, stable, firm। **ਚੀਤ**–mind। **ਮਰਨਿ–ਮਰਨ ਵਿੱਚ, ਆਪਾ ਭਾਵ ਮੁਕਾਣ ਵਿੱਚ,** during the time of death । **ਮਾਨਿਆ–ਪਤੀਜ ਜਾਂਦਾ ਹੈ,** convinced।

ਉਹਨਾਂ ਦਾ ਮਨ ਕਾਮ ਕ੍ਰੋਧ ਆਦਿਕ ਵੱਲੋ ਅਡੋਲ ਹੋ ਜਾਂਦਾ ਹੈ, ਤੇ ਆਪਾ ਭਾਵ ਵੱਲੋਂ ਮਰਨ ਵਿੱਚ ਖੁਸ਼ ਹੁੰਦਾ ਹੈ। ਸਤਿਗੁਰੂ ਦੀ ਮੇਹਰ ਨਾਲ ਉਹਨਾ ਨੇ ਹੀ ਪਰਮਾਤਮਾ ਦੇ ਨਾਮ ਨੂੰ ਪਛਾਨਿਆ ਹੈ ॥੧੯॥

Only those has a consistent state of mind whose mind has accepted the reality of being free from self-proclaiment (which creates the ego of being different from the supreme being (Almighty).

Question: Whose mind accepts this reality?

Answer: Mind of those who recognizes Almighty's Name with Almighty's grace.

ਗਗਨ ਗੰਭੀਰੁ ; ਗਗਨੰਤਰਿ ਵਾਸੁ ॥
ਗੁਣ ਗਾਵੈ ; ਸੁਖ ਸਹਜਿ ਨਿਵਾਸੁ ॥

ਪਦ ਅਰਥ:- ਗਗਨ-ਅਕਾਸ਼ ਵਾਂਗ ਸਰਬ ਵਿਆਪਕ ਪਰਮਾਤਮਾ, sky । **ਗੰਭੀਰੁ-ਧੀਰਾ, ਜਿਗਰੇ ਵਾਲਾ, ਜੀਵਾਂ ਦੇ ਔਗੁਣ ਵੇਖ ਕੇ ਗੁੱਸੇ ਵਿੱਚ ਨਾ ਆਉਣ ਵਾਲਾ,** deep । **ਗਗਨੰਤਰਿ-ਗਗਨ-ਅੰਤਰਿ, ਸਰਬ ਵਿਆਪਕ ਗੋਪਾਲ ਵਿੱਚ,** all-pervading । **ਸਹਜਿ-ਸਹਜਿ ਵਿੱਚ, ਅਡੋਲਤਾ ਵਿੱਚ,** steadiness ।

ਉਹ ਪ੍ਰਭੂ ਸਰਬ ਵਿਆਪਕ ਹੈ ਤੇ ਜੀਵਾਂ ਦੇ ਔਗੁਣ ਵੇਖ ਕੇ ਛਿੱਥਾ ਨਹੀ ਪੈਂਦਾ। ਜਿਸ ਮਨੁੱਖ ਦਾ ਮਨ ਉਸ ਸਰਬ ਵਿਆਪਕ ਪ੍ਰਭੂ ਵਿੱਚ ਟਿਕਦਾ ਹੈ, ਜੋ ਮਨੁੱਖ ਉਸ ਦੇ ਗੁਣ ਗਾਉਂਦਾ ਹੈ, ਉਹ ਸ਼ਾਤੀ ਅਤੇ ਅਡੋਲਤਾ ਵਿੱਚ ਟਿਕ ਜਾਂਦਾ ਹੈ।

Almighty’s omni-presence form (Chidhakas) who is beyond mind’s comprehension (Agam) lives within His creation.

The ones reside in everlasting happiness who sings the praises of such Almighty.

ਗਇਆ ਨ ਆਵੈ ; ਆਇ ਨ ਜਾਇ ॥
ਗੁਰਪਰਸਾਦਿ ; ਰਹੈ ਲਿਵ ਲਾਇ ॥

ਪਦ ਅਰਥ:- ਗਇਆ ਨ ਆਵੈ-ਗਇਆ ਹੋਇਆ ਅਗਿਆਨ ਮੁੜ ਕੇ ਨਹੀ ਆਉਂਦਾ, the one which has gone never returns । **ਗੁਰਪਰਸਾਦਿ-ਸਤਿਗੁਰੂ ਦੀ ਕਿਰਪਾ ਨਾਲ,** with True Guru’s grace ।

ਇਕ ਵਾਰ ਅਗਿਆਨ ਚਲਿਆ ਜਾਵੇ ਤਾਂ ਫਿਰ ਗਇਆ ਹੋਇਆ ਅਗਿਆਨ ਮੁੜ ਕੇ ਨਹੀ ਆਉਂਦਾ ਤੇ ਆਇਆ ਹੋਇਆ ਗਿਆਨ ਜਾਂਦਾ ਨਹੀ। ਭਾਵ ਪ੍ਰਮੇਸ਼ਰ ਦੀ ਤਰਫ਼ ਗਿਆ ਹੋਇਆ ਜੀਵ ਮੁੜ ਕੇ ਨਹੀ ਆਉਂਦਾ, ਕਿਉਂਕਿ ਮੁੜ ਕੇ ਆਇਆ ਜੋ ਨਹੀ ਜਾਂਦਾ। ਸਤਿਗੁਰੂ ਦੀ ਕਿਰਪਾ ਨਾਲ ਉਹ ਸਰਬ ਵਿਆਪਕ ਪਰਮਾਤਮਾ ਨਾਲ ਸੁਰਤਿ ਜੋੜੀ ਰੱਖਦਾ ਹੈ।

The departed ignorance never returns and the obtained knowledge never departs means the one who immersed in real-self (Almighty) never comes back in the reincarnation cycle because one never wish to come back.

With Guru Ji’s blessings one remains concentrated in Almighty.

ਗਗਨੁ ਅਗੰਮੁ ; ਅਨਾਥੁ ਅਜੋਨੀ ॥
ਅਸਥਿਰੁ ਚੀਤੁ ; ਸਮਾਧਿ ਸਗੋਨੀ ॥

ਪਦ ਅਰਥ:- ਅਗੰਮੁ-ਅਪੁੰਚ, comprehension । **ਅਨਾਥ:-ਜਿਸ ਦੇ ਸਿਰ ਉੱਪਰ ਕੋਈ ਨਾਥ ਨਹੀ, ਜਿਸ ਨੂੰ ਕਿਸੇ ਦੀ ਮੁਥਾਜੀ ਨਹੀ,** masterless । **ਅਸਥਿਰੁ-ਟਿਕਵਾਂ, ਅਡੋਲ,** steady । **ਚੀਤੁ-ਚਿੱਤ,** mind । **ਸਮਾਧਿ-ਪਰਮਾਤਮਾ ਵਿੱਚ ਲੀਨਤਾ,** meditation । **ਸਗੋਨੀ-ਸਰ-ਗੁਣ, ਸਾਰੇ ਗੁਣ, ਗੁਣ ਪੈਦਾ ਕਰਨ ਵਾਲਾ,** the with complete virtues ।

ਉਹ ਸਰਬ ਵਿਆਪਕ ਪ੍ਰਭੂ ਅਪਹੁੰਚ ਹੈ, ਭਾਵ ਉਸ ਦੇ ਗੁਣਾਂ ਦਾ ਅੰਤ ਨਹੀ ਪੈ ਸਕਦਾ, ਉਸ ਨੂੰ ਕਿਸੇ ਦੀ ਮੁਥਾਜੀ ਨਹੀ, ਉਹ ਜੰਮਣ ਮਰਨ ਤੋਂ ਰਹਿਤ ਹੈ। ਉਸ ਵਿੱਚ ਜੋੜੀ ਹੋਈ ਸੁਰਤ ਮਨੁੱਖ ਦੇ ਅੰਦਰ ਗੁਣ ਪੈਦਾ ਕਰਦੀ ਹੈ, ਤੇ ਮਨ ਨੂੰ ਮਾਇਆ ਵਿੱਚ ਡੋਲਣ ਤੋਂ ਬਚਾ ਲੈਂਦੀ ਹੈ।

Almighty who completely overlaps the whole world like sky (Gagan), He is beyond the mind’s comprehension (Agam), He is Masterless (Anath - as He the Master himself) and beyond birth.

Whoever’s concentration focused consistently on Almighty will be able to meditate on the Almighty’s existence hundered times more.

ਹਰਿ ਨਾਮੁ ਚੇਤਿ ; ਫਿਰਿ ਪਵਹਿ ਨ ਜੂਨੀ ॥
ਗੁਰਮਤਿ ਸਾਰੁ ; ਹੋਰ ਨਾਮ ਬਿਹੂਨੀ ॥੨੦॥

ਪਦ ਅਰਥ:- ਚੇਤਿ-ਸਿਮਰ, ਯਾਦ ਕਰ, remember। **ਫਿਰਿ-**then। **ਪਵਹਿ-ਪਉਣਾ,** obtain। **ਨ-**never। **ਜੂਨੀ-**reincarnation। **ਸਾਰੁ-ਤੱਤ, ਸ੍ਰੇਸ਼ਟ,** principally supreme। **ਹੋਰ-ਹੋਰ,** other। **ਨਾਮ ਬਹੂਨੀ-ਨਾਮ ਤੋਂ ਵਾਂਜਿਆ ਰੱਖਣ ਵਾਲੀ,** without Almighty’s Name।

ਹੇ ਪਾਡੇ! ਤੂੰ ਵੀ ਉਸ ਹਰੀ ਪਰਮਾਤਮਾ ਦਾ ਨਾਮ ਸਿਮਰ। ਫਿਰ ਜਨਮ ਮਰਨ ਵਿੱਚ ਨਹੀ ਪਵੇਂਗਾ। ਸਤਿਗੁਰੂ ਦੀ ਮਤਿ ਹੀ ਜੀਵਨ ਲਈ ਸ੍ਰੇਸ਼ਟ ਰਸਤਾ ਹੈ। ਨਾਮ ਜਪਣ ਤੋਂ ਇਲਾਵਾ ਹੋਰ ਮਤਿ ਝੂਠੀ ਹੈ॥੨੦॥

One who remembers the life source of all (Har – Almighty) shall never again involve in reincarnation means they never are born neither die again.

The most supreme is Guru Ji’s advice by which one recites Almighty’s Name and all those beliefs (faith, religion) that are without recitation Almighty’s Name are fake.

ਘਰ ਦਰ ; ਫਿਰਿ ਥਾਕੀ ਬਹੁਤੇਰੇ ॥
ਜਾਤਿ ਅਸੰਖ ; ਅੰਤ ਨਹੀ ਮੇਰੇ ॥

ਪਦ ਅਰਥ:– **ਘਰ**–house। **ਦਰ–ਦਰਵਾਜੇ**–door। **ਫਿਰਿ**–roam। **ਥਾਕੀ**–tired, fatic। **ਬਹੁਤੇਰੇ**–many। **ਜਾਤਿ**–gone through। **ਅਸੰਖ–ਅਣ–ਗਿਣਤ, ਜਿੰਨ੍ਹਾਂ ਦੀ ਸੰਖਿਆ ਨਹੀ ਹੋ ਸਕਦੀ,** countless। **ਅੰਤ**–end। **ਮੇਰੇ**–mine।

ਗੁਰੂ ਦੀ ਮਤਿ ਵਾਲਾ ਰਸਤਾ ਫੜਨ ਤੋਂ ਬਿਨਾ ਜਿੰਦ ਕਈ ਜੂਨਾਂ ਵਿੱਚ ਭੌਂ ਭੌਂ ਕੇ ਥੱਕ ਗਈ ਹੈ, ਕਈ ਅਣ–ਗਿਣਤ ਜਾਤੀਆਂ ਵਿੱਚੋਂ ਲੰਘਦੀ ਹੈ, ਜਿੰਨ੍ਹਾਂ ਦਾ ਅੰਤ ਨਹੀ ਪੈ ਸਕਦਾ।

The Jeev (being) is tired of residing (ghar) inside (dhar) many physical forms liked houses while roaming in reincarnation cycle.

Although I (jeev) have traveled in countless reincarnations but still there is no end to my (jeev) births.

ਕੇਤੇ ; ਮਾਤ ਪਿਤਾ ਸੁਤ ਧੀਆ ॥
ਕੇਤੇ ; ਗੁਰ ਚੇਲੇ ਫੁਨਿ ਹੂਆ ॥

ਪਦ ਅਰਥ:– **ਕੇਤੇ–ਕਈ,** countless, many। **ਮਾਤ**–mother। **ਪਿਤਾ**–father। **ਸੁਤ–ਪੁੱਤਰ,** son। **ਧੀਆ**–daughter। **ਗੁਰ**–Guru। **ਚੇਲੇ**–disciple, followers। **ਫੁਨਿ–ਫਿਰ,** again। **ਹੂਆ**–became।

ਇਸ ਬੇਅੰਤ ਜੂਨਾਂ ਵਿੱਚ ਭਟਕਦੀ ਜਿੰਦ ਦੇ ਕਈ ਮਾਂ–ਪਿਓ, ਪੁੱਤਰ–ਧੀਆਂ ਬਣਦੇ ਹਨ, ਕਈ ਗੁਰੂ ਬਣਦੇ ਹਨ ਤੇ ਕਈ ਚੇਲੇ ਵੀ ਬਣਦੇ ਹਨ। ਸੰਕਾ: ਗੁਰੂ ਦੀ ਪ੍ਰਾਰਪਤੀ ਨਾਲ ਤਾਂ ਮੁਕਤ ਹੋਣਾ ਚਾਹੀਦਾ ਸੀ? ਉਤ੍ਰ ਅਗਲੀ ਪੰਗਤੀ ਰਾਂਹੀ ਦਿੰਦੇ ਹਨ।

Countless become my parents (Mat – Mother & Pita – Father) and countless become my son and daughters. Innumerable was the Guru (spiritual guide) and incalculable was the company of disciples. Doubt: Upon meeting the Guru one should have attained salvation? Answer is given in the following line.

ਕਾਚੇ ਗੁਰ ਤੇ ; ਮੁਕਤਿ ਨ ਹੂਆ ॥

ਪਦ ਅਰਥ:- ਕਾਚੇ-ਕੱਚੇ, unriped means fake। **ਗੁਰ**-Guru। **ਤੇ**-from। **ਮੁਕਤਿ**-salvation, liberation। **ਨ**-no। **ਹੂਆ**-did।

ਇਹਨਾਂ ਜੂਨਾਂ ਤੋਂ ਤਦ ਤਕ ਖ਼ਲਾਸੀ ਨਹੀਂ ਹੁੰਦੀ ਜਦ ਤਕ ਕਿਸੇ ਕੱਚੇ ਗੁਰੂ ਦੀ ਸਰਨ ਲਈ ਹੋਈ ਹੈ।

The jeev can never attain salvation from a unriped (fake) Guru until this jeev meets a True Guru.

ਕੇਤੀ ਨਾਰਿ ; ਵਰੁ ਏਕੁ ਸਮਾਲਿ ॥
ਗੁਰਮੁਖਿ ; ਮਰਣੁ ਜੀਵਣੁ ਪ੍ਰਭ ਨਾਲਿ ॥

ਪਦ ਅਰਥ:- ਕੇਤੀ-many। **ਨਾਰਿ**-female। **ਵਰ- ਇੱਕ ਖਸਮ-ਪ੍ਰਭੂ,** groom, husband। **ਏਕ**-one। **ਸਮਾਲਿ- ਸੰਭਾਲ ਕਰਦਾ ਹੈ,** to take care। **ਮਰਣੁ**-death। **ਜੀਵਣੁ**-life।

ਕਈ ਜੀਵ ਇਸਤਰੀਆਂ ਹਨ, ਖਸਮ-ਪ੍ਰਭੂ ਸਭ ਦੀ ਸੰਭਾਲ ਕਰਦਾ ਹੈ। ਜੋ ਜਿੰਦ ਗੁਰੂ ਦੇ ਸਨਮੁਖ ਰਹਿੰਦੀ ਹੈ, ਉਸ ਦਾ ਆਸਰਾ ਗੋਪਾਲ ਪ੍ਰਭੂ ਹੋ ਜਾਂਦਾ ਹੈ। ਗੁਰਮੁਖਾਂ ਦਾ ਜਿਊਣਾ ਮਰਨਾ ਪ੍ਰਭੂ ਦੇ ਨਾਲ ਹੈ।

There are countless jeev form of women (brides) which are taken care by only one Man (Almighty the groom). Guru Ji explains the true definition of life and death: Life is while remembering Almighty's Name and death is when Almighty is forgotten therefore life and death is with or without Almighty respectively.

ਦਹ ਦਿਸ ਢੂਢਿ ; ਘਰੈ ਮਹਿ ਪਾਇਆ ॥
ਮੇਲੁ ਭਇਆ ; ਸਤਿਗੁਰੂ ਮਿਲਾਇਆ ॥੨੧॥

ਪਦ ਅਰਥ:- ਦਹ-ਦਸ, ten। **ਦਿਸ-ਪਾਸੇ,** direction। **ਘਰੈ**-house means Antahkaran। **ਮਹਿ**-in। **ਪਾਇਆ**-attain। **ਮੇਲੁ**-union। **ਭਇਆ-ਹੋਇਆ,** happen। **ਮਿਲਾਇਆ**-the one who unites।

ਸਿਰਫ ਉਸ ਜਿੰਦ ਦਾ ਹੀ ਪ੍ਰਭੂ ਨਾਲ ਮਿਲਾਪ ਹੁੰਦਾ ਹੈ, ਜਿਸ ਨੂੰ ਸਤਿਗੁਰੂ ਮਿਲਾਂਦਾ ਹੈ। ਹੋਰ ਹਰ ਪਾਸੇ ਢੂੰਢ ਢੂੰਢ ਕੇ ਗੁਰੂ ਦੀ ਕਿਰਪਾ ਨਾਲ ਅੰਤਹਕਰਨ ਘਰ ਵਿੱਚ ਹੀ ਗੋਪਾਲ ਪ੍ਰਭੂ ਲੱਭ ਪੈਂਦਾ ਹੈ॥੨੧॥

I have searched for Almighty in all the ten direction but never succeeded until I met the True Guru who given the sermons (Updesh) by which I discovered Almighty within my Antahkaran, I met Almighty through Guru Ji.

ਗੁਰਮੁਖਿ ਗਾਵੈ ; ਗੁਰਮੁਖਿ ਬੋਲੈ ॥

ਪਦ ਅਰਥ:- ਗਾਵੈ-ਗਾਉਂਦਾ, sings। **ਬੋਲੈ-ਬੋਲਦਾ,** speaks।

ਗੁਰਮੁਖ ਹੀ ਪ੍ਰਭੂ ਦੇ ਗੁਣ ਗਾਉਂਦਾ ਹੈ, ਤੇ ਪ੍ਰਭੂ ਦੀ ਸਿਫਤ ਉਚਾਰਦਾ ਹੈ।

Gurmukh (who follows Guru's teaching) sings the Almighty praises in ragas and naturally Gurmukh utters the Almighty's virtues.

ਗੁਰਮੁਖਿ ਤੋਲਿ ; ਤੋੁਲਾਵੈ ਤੋਲੈ ॥

ਪਦ ਅਰਥ:- ਤੋਲਿ-weigh means contemplates। **ਤੋੁਲਾਵੈ- ਤੋਲਣ ਲਈ ਹੋਰਾਂ ਨੂੰ ਪ੍ਰੇਰਦਾ ਹੈ,** motivates other to contemplate।

ਗੁਰਮੁਖ ਹੀ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿੱਚ ਤੋਲਦਾ ਹੈ ਤੇ ਹੋਰਾਂ ਨੂੰ ਤੋਲਣ ਲਈ ਪ੍ਰੇਰਦਾ ਹੈ।

Gurmukh contemplates Guru's hymn and persuade others to contemplate as well.

ਗੁਰਮੁਖਿ ; ਆਵੈ ਜਾਇ ਨਿਸੰਗੁ ॥
ਪਰਹਰਿ ਮੈਲੁ ; ਜਲਾਇ ਕਲੰਕੁ ॥

ਪਦ ਅਰਥ:- ਆਵੈ-comes। **ਜਾਇ-**goes। **ਨਿਸੰਗੁ-ਬੰਧਨ ਰਹਿਤ,** without bondage। **ਪਰਹਰਿ-ਦੂਰ ਕਰ ਕੇ,** abandon। **ਮੈਲੁ-**filth, dirt of Rag (needless attachment) and Duakh (pointless envy)। **ਜਲਾਇ-**burn। **ਕਲੰਕੁ-**the mark of dishonour।

ਗੁਰਮੁਖ ਜਨ ਆਵਣ ਜਾਣ ਭਾਵ ਜਨਮ ਮਰਨ ਵੱਲੋਂ ਰਹਿਤ ਹਨ। ਗੁਰਮੁਖ ਜਨ ਹਰ ਥਾਂ ਤੇ ਨਿਸੰਕ ਹੋ ਕੇ ਆਉਂਦਾ ਹੈ। ਗੁਰਮੁਖ ਕਿਸੇ ਮੰਦੇ ਕਰਮਾਂ ਦਾ ਫਲ ਭੋਗਣ ਨਹੀ ਆਉਂਦਾ ਅਤੇ ਨਾ ਹੀ ਮੰਦੇ ਕਰਮਾਂ ਦੇ ਬੰਧਨ ਸਹੇੜ ਕੇ ਲੈ ਜਾਂਦਾ ਹੈ, ਕਿਉਂਕਿ ਗੁਰਮੁਖ ਮਨ ਦੀ ਮੈਲ ਨੂੰ ਦੂਰ ਕਰ ਕੇ ਵਿਕਾਰ ਨੂੰ ਆਪਣੇ ਅੰਦਰੋਂ ਮੁਕਾ ਚੁਕਾ ਹੁੰਦਾ ਹੈ।

Gurmukh never comes through birth or goes by death because they have united with Almighty. 2nd Meaning: Gurmukh is able come and go wherever they wish without any obstruction even the deity like Brahma can't stop them.

Gurmukh has cleaned the dirt of unreasonable love (Rag) and envy (Devakh) and has burned the disgrace-mark (Kelank) of ignorance.

ਗੁਰਮੁਖਿ ; ਨਾਦ ਬੇਦ ਬੀਚਾਰੁ ॥
ਗੁਰਮੁਖਿ ; ਮਜਨੁ ਚਜੁ ਅਚਾਰੁ ॥

ਪਦ ਅਰਥ:- ਗੁਰਮੁਖਿ–ਗੁਰੂ ਦੇ ਸਨਮੁਖ ਮਨੁੱਖ। ਨਾਦ–shabad, hymn। **ਬੇਦ**–knowledge। **ਬੀਚਾਰ**–contemplation। **ਮਜਨੁ–ਚੁੱਭੀ, ਇਸ਼ਨਾਨ,** ablution, bath। **ਚਜੁ– ਉੱਚਾ,** well mannered। **ਅਚਾਰੁ– ਆਚਰਣ,** character।

ਪ੍ਰਭੂ ਦੇ ਗੁਣਾਂ ਦੀ ਵਿਚਾਰ ਗੁਰਮੁਖ ਵਾਸਤੇ ਰਾਗ ਅਤੇ ਵੇਦ ਹੈ, ਉੱਚਾ ਆਚਰਣ ਬਣਾਉਣਾ ਗੁਰਮੁਖ ਦਾ ਤੀਰਥ ਇਸ਼ਨਾਨ ਹੈ।

The word (Naad) of a Gurmukh is the contemplation of knowledge (Vedh) means that Gurmukh never speaks against the divine knowledge. A Gurmukh respects the truth no matter where and in whatever language or faith it is written or contemplated. Guru Ji emphasizes that one should facus on the truth rather then deliberation based on opinions and interpetations.

Gurmukh's ablution is to perform good deeds.

ਗੁਰਮੁਖਿ ਸਬਦੁ ; ਅੰਮ੍ਰਿਤੁ ਹੈ ਸਾਰੁ ॥
ਨਾਨਕ , ਗੁਰਮੁਖਿ ; ਪਾਵੈ ਪਾਰੁ ॥੨੨॥

ਪਦ ਅਰਥ:- ਸਾਰੁ–ਸ੍ਰੇਸ਼ਟ। ਪਾਵੈ–attains। **ਪਾਰੁ**–across।

ਗੁਰਮੁਖ ਦਾ ਉਪਦੇਸ਼ ਅੰਮ੍ਰਿਤ ਤੋਂ ਵੀ ਸ੍ਰੇਸ਼ਟ ਹੈ। ਗੁਰੂ ਜੀ ਕਹਿੰਦੇ ਹਨ, ਕਿ ਗੁਰੂ ਦੇ ਉਪਦੇਸ਼ ਦੁਆਰਾ ਪਾਰ ਰੂਪ ਵਾਹਿਗੁਰੂ ਨੂੰ ਪ੍ਰਾਪਤ ਕਰ ਲੈਂਦਾ ਹੈ ॥੨੨॥

Gurmukh's sermons are more superior to nectar.

Guru Ji says , through a Guru, the beyond limit Almighty is obtained

ਚੰਚਲੁ ਚੀਤੁ ; ਨ ਰਹਈ ਠਾਇ ॥
ਚੋਰੀ ਮਿਰਗੁ ; ਅੰਗੂਰੀ ਖਾਇ ॥

ਪਦ ਅਰਥ:- ਚੰਚਲ–flicker। **ਚੀਤ**–memory। **ਨ**–never। **ਰਹਈ**–stays। **ਠਾਇ–ਥਾਂ ਸਿਰ, ਟਿਕਾਣੇ ਤੇ,** standstill। **ਚੋਰੀ–ਲੁਕ ਲੁਕ ਕੇ,** unexposingly । **ਮਿਰਗੁ–ਹਰਨ,** deer। **ਅੰਗੂਰੀ–ਨਰਮ ਪੱਤੀਆਂ, ਨਵੇਂ ਨਵੇਂ ਭੋਗ, ਅੰਗੂਰ,** leaves buds, grapes। **ਖਾਇ**–consumes।

ਮਨੁੱਖ ਦਾ ਚੰਚਲ ਮਨ ਟਿਕ ਕੇ ਨਹੀ ਬੈਠਦਾ ਇਸੇ ਲਈ ਅੰਤਹਕਰਨ ਵਿਚ ਸਾਰੇ ਸ਼ੁਭ ਗੁਣਾਂ ਰੂਪੀ ਅੰਗੂਰਾਂ ਨੂੰ ਵਿਸ਼ੇ ਰੂਪ ਮ੍ਰਿਗ (ਹਰਨ) ਖਾ ਜਾਂਦੇ ਹਨ। ਕਾਮ ਆਦਿਕ ਰੂਪੀ ਹਰਨ ਵਿਸ਼ਿਆਂ ਰੂਪੀ ਅੰਗੂਰੀ ਨੂੰ ਚੋਰੀ ਖਾ ਰਿਹਾ ਹੈ। ਭਾਵ ਇਹ ਮਨ ਹਰਨ ਲੁਕ ਲੁਕ ਕੇ ਨਵੇਂ ਨਵੇਂ ਭੋਗ ਭੋਗਦਾ ਹੈ ਅਤੇ ਖਬਰ ਨਹੀ ਹੋਣੇ ਦਿੰਦਾ।

The animated mind (Chit also means memory) never stay standstill.

Therefore in the Antahkaran place the good virtues form of grapes are eaten by deers form of desires means that the mind form of deer eats the desire form of grapes very quietly and silently without any exposure (the activities of the mind is never obvious).

ਚਰਨ ਕਮਲ ; ਉਰ ਧਾਰੇ ਚੀਤ ॥
ਚਿਰੁ ਜੀਵਨੁ ; ਚੇਤਨੁ ਨਿਤ ਨੀਤ ॥

ਪਦ ਅਰਥ:- ਚਰਨ–feet। **ਕਮਲ**–lotus। **ਉਰਧਾਰੇ–ਟਿਕਾ ਰਖਦਾ ਹੈ,** । **ਚੀਤ**–concentration, mind। **ਚਿਰੁ ਜੀਵਨੁ–ਚਿਰਜੀਵੀ** (long life), **ਅਮਰ** (liberated), **ਜਨਮ ਮਰਨ ਤੋਂ ਬਚਿਆ ਹੋਇਆ। ਚੇਤਨੁ–ਪ੍ਰਭੂ,** Almighty। **ਨਿਤ**–forever in present। **ਨੀਤ**–form of the forever in present means Almighty।

ਜੋ ਮਨੁੱਖ ਪ੍ਰਭੂ ਦੇ ਕਉਲ ਫੁੱਲਾਂ ਵਰਗੇ ਚਰਨ ਮਹਾਨ ਜਾਣ ਕੇ ਆਪਣੇ ਚਿੱਤ ਵਿੱਚ ਵਸਾਂਦਾ ਹੈ, ਉਹ ਚਿਰੰਜੀਵ ਹੁੰਦੇ ਹਨ ਕਿਉਂਕੇ ਚੇਤਨ ਅਤੇ ਨਿਤ ਰੂਪ ਵਾਹਿਗੁਰੂ ਨੂੰ ਜਾਨ ਕੇ ਨਿਤ ਰੂਪ ਹੀ ਹੋ ਜਾਂਦੇ ਹਨ ਭਾਵ ਵਾਹਿਗੁਰੂ ਦਾ ਰੂਪ ਹੀ ਹੋ ਜਾਂਦੇ ਹਨ।

Those who enshrines Almighty's lotus feet in their mind by appreciating Almighty's lotus feet as the most beloved ones.

Such ones lives eternally as their existence becomes the present forever akin to Almighty means that they merge into Almighty's form by remembering Him extensively.

ਚਿੰਤਤ ਹੀ ਦੀਸੈ ; ਸਭੁ ਕੋਇ ॥
ਚੇਤਹਿ ਏਕੁ ; ਤਹੀ ਸੁਖੁ ਹੋਇ ॥

ਪਦ ਅਰਥ:- ਚਿੰਤਤ–ਚਿੰਤਾਤੁਰ, ਚਿੰਤਾਵਾਨ, worried। **ਦੀਸੈ**–seen। **ਸਭੁ ਕੋਇ–ਹਰੇਕ ਜੀਵ,** every Being, everyone। **ਚੇਤਹਿ–ਜੋ ਸਿਮਰਦੇ ਹਨ,** remembers। **ਏਕੁ**–one। **ਤਹੀ–ਉਥੇ, ਉਹਨਾਂ ਦੇ ਹਿਰਦੇ ਵਿੱਚ,** only then। **ਸੁਖੁ**–happiness। **ਹੋਇ**–obtain।

ਹਰੇਕ ਮਨੁੱਖ ਚਿੰਤਾਵਾਨ ਹੀ ਦਿੱਸਦਾ ਹੈ, ਪਰ ਜੋ ਮਨੁੱਖ ਇਕ ਪਰਮਾਤਮਾ ਨੂੰ ਸਿਮਰਦੇ (ਚੇਤਹਿ) ਹਨ, ਉਹਨਾਂ ਦੇ ਹਿਰਦੇ ਵਿੱਚ ਸੁੱਖ ਹੁੰਦਾ ਹੈ।

Everyone is observed to be worried.

When the One (Almighty) is remembered only then the worries disappears and happiness is obtained.

ਚਿਤਿ ਵਸੈ ; ਰਾਚੈ ਹਰਿ ਨਾਇ ॥
ਮੁਕਤਿ ਭਇਆ ; ਪਤਿ ਸਿਉ ਘਰਿ ਜਾਇ ॥੨੩॥

ਪਦ ਅਰਥ:- ਚਿਤਿ–ਚਿੱਤ ਵਿੱਚ, resides within the memory। **ਰਾਚੈ–ਰੱਚ ਗਿਆ,** blends। **ਹਰਿ**–Almighty। **ਨਾਇ–ਨਾਮ ਵਿੱਚ,** in the Name। **ਮੁਕਤਿ**–liberated। **ਪਤਿ ਸਿਉ–ਇੱਜ਼ਤ ਨਾਲ,** with dignity। **ਘਰਿ–ਨਿਜ ਸਰੂਪੀ ਘਰ(ਆਤਮਾ),** the house of real-self (Atma) ।

ਜਿਸਦੀ ਜਿਹਬਾ (tongue) **ਵਾਹਿਗੁਰੂ ਦਾ ਜਪਣੇ ਵਿਚ ਰਚੀ ਹੈ ਅਤੇ ਧਿਆਨ ਦੁਆਰਾ ਚਿੱਤ ਵਿੱਚ ਪ੍ਰਭੂ ਆ ਵੱਸਦਾ ਹੈ ਭਾਵ ਪ੍ਰਭੂ ਦੇ ਨਾਮ ਵਿੱਚ ਲੀਨ ਹੁੰਦਾ ਹੈ, ਉਹ ਸੰਸਾਰੀ ਮਾਇਕ ਭੋਗਾ ਤੋਂ ਖ਼ਲਾਸੀ ਪਾ ਲੈਂਦਾ ਹੈ ਤੇ ਇਥੋਂ ਇੱਜ਼ਤ ਨਾਲ ਆਪਣੇ ਨਿਜ ਘਰ ਵਿੱਚ ਜਾਂਦਾ ਹੈ॥੨੩॥**

Whose tongue is engaged in reciting Almighty's Name and through concentration Almighty resides in the memory.

Such person is liberated while living in this world and after death they are treated with utmost respect and honoured in the next world as they are united with Almighty.

ਛੀਜੈ ਦੇਹ , ਖੁਲੈ ਇਕ ਗੰਢਿ ॥
ਛੇਆ ਨਿਤ ਦੇਖਹੁ ; ਜਗਿ ਹੰਢਿ ॥

ਪਦ ਅਰਥ:- ਛੀਜੈ-ਨਾਸ ਹੋ ਜਾਂਦਾ ਹੈ, vanishes away। **ਦੇਹ-**physical body। **ਖੁਲੈ-**untangles, open। **ਗੰਢਿ- ਗੰਢ (ਪ੍ਰਾਣਾਂ ਦੀ),** knot (of life forces)। **ਛੇਆ-ਨਾਸ, ਖੈ,** perishing। **ਨਿਤ-**daily। **ਦੇਖਹੁ-**see, observe। **ਜਗਿ-ਜਗਤ ਵਿੱਚ,** world। **ਹੰਢਿ-ਫਿਰ ਕੇ, ਭੌਂ ਕੇ,** after wondering।

ਜਦੋਂ ਪ੍ਰਾਣੀ ਦੇ ਸਥੂਲ ਸਰੀਰ ਅਤੇ ਪ੍ਰਾਣਾਂ ਦੀ ਗੰਢਿ ਖੁਲ੍ਹ ਜਾਂਦੀ ਹੈ ਤਾਂ ਸਰੀਰ ਦਾ ਨਾਸ ਹੋ ਜਾਂਦਾ ਹੈ। ਫਿਰ ਕੇ ਸਾਰੇ ਜਗਤ ਵਿੱਚ ਦੇਖ ਲਵੋ ਮੌਤ ਦਾ ਇਹ ਕੌਤਕ ਨਿੱਤ ਵਰਤ ਰਿਹਾ ਹੈ।

When the knot (Gand) of the physical body and life forces (Pran) is straightened out (untangled) then body is destroyed.

Destruction of the universe happens every time, which can be observed all around means in the entire universe.

ਧੂਪ ਛਾਵ ; ਜੇ ਸਮ ਕਰਿ ਜਾਣੈ ॥
ਬੰਧਨ ਕਾਟਿ ; ਮੁਕਤਿ ਘਰਿ ਆਣੈ ॥

ਜੇ ਕੋਈ ਮਨੁੱਖ ਦੁੱਖਾਂ (ਧੁਪ) ਸੁੱਖਾਂ (ਛਾਵ) ਨੂੰ ਇਕੋ ਜਿਹਾ ਕਰ ਕੇ ਸਮਝ ਲਏ ਤਾਂ ਮਾਇਆ ਦੇ ਬੰਧਨਾਂ ਨੂੰ ਕੱਟ ਕੇ ਮੁਕਤ ਰੂਪੀ ਘਰ ਵਿਚ ਅਪਣੇ ਮਨ ਨੂੰ ਲੈ ਆਉਂਦਾ ਹੈ।

ਪਦ ਅਰਥ:- ਧੁਪ (sunshine) **ਛਾਵ** (shade)**-ਦੁੱਖ** (pain) **ਸੁੱਖ** (happiness), । **ਸਮ-ਬਰਾਬਰ,** equivalent। **ਬੰਧਨ-**bondage। **ਕਾਟਿ-**cut। **ਮੁਕਤਿ-ਖ਼ਲਾਸੀ,** liberated। **ਘਰਿ-ਘਰ ਵਿੱਚ, ਮਨ ਵਿੱਚ,** house। **ਆਣੈ-ਲਿਆਉਂਦਾ ਹੈ,** bring back।

Therefore the pains (Dhup – sunshine) and joy (Chhaya – shade) should be accepted equally.

Only then the attachments are detached and the mind is brought into its salvation form of home.

ਛਾਇਆ ਛੂਛੀ , ਜਗਤੁ ਭੁਲਾਨਾ ॥
ਲਿਖਿਆ ਕਿਰਤੁ ; ਧੁਰੇ ਪਰਵਾਨਾ ॥

ਪਦ ਅਰਥ:- ਛਾਇਆ–shade। **ਛੂਛੀ–ਤੁਛ, ਥੋਥੀ,** small, tiny। **ਜਗਤ**–world। **ਭੁਲਾਨਾ**–cause others to forget, mislead, mesmerise। **ਲਿਖਿਆ**–fated, pre-determined। **ਕਿਰਤੁ– ਕੀਤੇ ਹੋਏ ਕਰਮਾਂ ਦਾ ਸਮੂਹ,** past deeds। **ਧੁਰੇ–ਧੁਰ ਤੋਂ, ਸ਼ੁਰੂ ਤੋਂ,** from the beginning। **ਪਰਵਾਨਾ**–accepted।

ਇਹ ਮਾਇਆ (ਛਾਇਆ) ਜੋ ਤੁਛ ਹੈ, ਇਸ ਨੇ ਸਾਰੇ ਜਗਤ ਨੂੰ ਭੁਲਾਇਆ ਹੈ। ਜੀਵਾਂ ਦੇ ਮੱਥੇ ਉੱਤੇ ਇਹ ਕਿਰਤ ਰੂਪ ਲੇਖ ਧੁਰ (ਜਨਮ ਤੋਂ ਪਿਹਾਲਾਂ) ਤੋਂ ਹੀ ਲਿਖਿਆ ਪਿਆ ਸੀ ਸੋ ਹੀ ਵਰਤਿਆ ਹੈ।

The tiny mammon (maya) has made the whole world to be forgotten from the truth means that although mammaon (maya) is just like a shadow which seems to be very persuasive but in reality it has no credibility as it leaves a person during lifetime and definitely after life.

The deeds, which are prewritten based on the previous birth, are accepted from the beginning means that a person is attached to this maya from many birth and this is the main cause for the person to be reincarnated in many forms in order to fulfill the unsatisfied desires.

ਛੀਜੈ ਜੋਬਨੁ ; ਜਰੂਆ ਸਿਰਿ ਕਾਲੁ ॥
ਕਾਇਆ ਛੀਜੈ ; ਭਈ ਸਿਬਾਲੁ ॥੨੪॥

ਪਦ ਅਰਥ:- ਛੀਜੈ–perishing away, depleting। **ਜਰੂਆ–ਬੁਢੇਪਾ,** old age। **ਸਿਰਿ–ਸਿਰ ਉੱਤੇ,** head । **ਕਾਲੁ**–death। **ਕਾਇਆ–ਸਰੀਰ, ਦੇਹੀ,** physical body। **ਸਿਬਾਲੁ–ਪਾਣੀ ਦਾ ਜਾਲਾ,** water-moss ।

ਸਿਬਾਲੁ:- ਭਾਈ ਕਾਹਨ ਸਿੰਘ ਦੁਆਰਾ ਰਚਿਤ ਮਹਾਨਕੋਸ਼ ਅਨੁਸਾਰ :-

ਸੰ. ਸ਼ੇਵਾਲ, ਸੰਗਜਾ- ਪਾਣੀ ਦਾ ਜਾਲਾ, ਕਾਈ, "ਕਾਇਆ ਛੀਜੈ ਭਈ ਸਿਬਾਲ." (ਓਅੰਕਾਰ) ਵਿਕਾਰਰੂਪ ਕਾਈ ਨਾਲ ਢਕੀ ਹੋਈ, ਅਥਵਾ ਸ਼ੇਵਾਲ ਜੇਹੀ ਮਲੀਨ ਹੋਈ, "ਭਖਸਿ ਸਿਬਾਲੁ ਬਸਸਿ ਨਿਰਮਲ ਜਲ." (ਮਾਰੂ ਮਃ ੧) ਸਿਬਾਲ ਤੋਂ ਭਾਵ ਵਿਸ਼ੇ ਭੋਗ ਹੈ।

ਜਵਾਨੀ ਖਤਮ ਹੋ ਜਾਂਦੀ ਹੈ, ਬੁਢੇਪਾ ਆ ਜਾਂਦਾ ਹੈ, ਮੌਤ ਸਿਰ ਉੱਤੇ ਖੜੀ ਜਾਪਦੀ ਹੈ, ਸਰੀਰ ਕਮਜ਼ੋਰ ਹੋ ਜਾਂਦਾ ਹੈ ਤੇ ਮਨੁੱਖ ਦੀ ਚਮੜੀ ਪਾਣੀ ਦੇ ਜਾਲੇ ਵਾਂਗ ਢਿੱਲੀ ਹੋ ਜਾਂਦੀ ਹੈ। ਫਿਰ ਵੀ ਇਸ ਦਾ ਮਾਇਆ ਨਾਲ ਪਿਆਰ ਮੁੱਕਦਾ ਨਹੀ॥੨੪॥

Since birth the death is always above the head (means always there waiting for the time to take away the jeev) and the youth is destroyed by the old age. In the old age, the physical body is destroyed and becomes like cobweb (Jala) means the body becomes weak but still the enthusiasm for Maya persists.

ਜਾਪੈ ਆਪਿ ; ਪ੍ਰਭੁ ਤਿਹੁ ਲੋਇ ॥
ਜੁਗਿ ਜੁਗਿ ਦਾਤਾ ; ਅਵਰੁ ਨ ਕੋਇ ॥

ਪਦ ਅਰਥ:– ਜਾਪੈ–ਜਾਣਦਾ ਹੈ, knows। **ਆਪਿ–**himself। **ਤਿਹੁ ਲੋਇ–ਤਿੰਨਾਂ ਲੋਕਾ ਵਿੱਚ, ਸਾਰੇ ਜਗਤ ਵਿੱਚ,** three worlds। **ਜੁਗਿ ਜੁਗਿ–ਹਰੇਕ ਜੁਗ ਵਿੱਚ,** ages after ages।

ਉਹ ਪ੍ਰਭੁ ਤਿੰਨਾਂ ਲੋਕਾਂ ਨੂੰ ਆਪ ਹੀ ਖਾਣ ਪਾਣ ਦੇਣ ਵਾਲਾ ਹੈ। ਉਹ ਪ੍ਰਭੁ ਆਪ ਸਾਰੇ ਜਗਤ ਵਿੱਚ ਪਰਗਟ ਹੈ, ਉਹ ਸਦਾ ਜੀਵਾਂ ਦਾ ਦਾਤਾ ਹੈ, ਉਸ ਤੋਂ ਬਿਨਾਂ ਕੋਈ ਹੋਰ ਦਾਤਾ ਨਹੀ ਹੈ। ਐਸੇ ਦਾਤੇ ਦੇ ਅਗੇ ਐਸੀ ਬੇਨਤੀ ਕਰੀਐ;

Almighty himself knows about all the three worlds.

Without Almighty there is no other benefactor (Daata – donor) in all the ages means that Almighty alone gives away everything therefore lets request humbly to such donor as follows;

ਜਿਉ ਭਾਵੈ ; ਤਿਉ ਰਾਖਹਿ ਰਾਖੁ ॥
ਜਸੁ ਜਾਚਉ ; ਦੇਵੈ ਪਤਿ ਸਾਖੁ ॥

ਪਦ ਅਰਥ:– ਜਿਉ–as। **ਭਾਵੈ–**pleases। **ਤਿਉ–ਤਿਵੇਂ,** in that manner। **ਰਾਖਹਿ–ਰਖਣਾ ਕਰੋ,** keep। **ਰਾਖੁ–**protect। **ਜਸੁ–**praise। **ਜਾਚਉ–ਮੈ ਮੰਗਦਾ ਹਾਂ,** beg, ask। **ਦੇਵੈ–ਦੇਂਦਾ ਹੈ,** give। **ਪਤਿ–ਇਸ ਲੋਕ ਦੀ ਇੱਜ਼ਤ,** honour in this world। **ਸਾਖੁ– ਪਰਲੋਕ ਦੀ ਇੱਜਤ,** honour in the next world।

ਹੇ ਰੱਖਣੇ ਜੋਗ ਵਾਹਿਗੁਰੁ! ਜਿਵੇਂ ਤੈਨੂੰ ਭਾਵੇ ਓਵੇ ਹੀ ਮੈਨੂੰ ਜਨਮ ਮਰਨ ਤੋਂ ਰੱਖ ਲੈ। ਮੈਂ ਤੇਰੀ ਸਿਫਤ ਸਲਾਹ ਦੀ ਦਾਤ ਮੰਗਦਾ ਹਾਂ। ਜੇ ਇਹ ਦਾਤ ਦੇ ਦੇਵੇਂ ਤਾਂ ਇਸ ਲੋਕ ਪ੍ਰਲੋਕ ਵਿੱਚ ਇੱਜਤ ਰਹਿੰਦੀ ਹੈ।

Dear Almighty, you are capable to protect me therefore please save me from the cycle of birth and death in a way which pleases you.

I (jeev) ask for your praises as your praises helps to keep my dignity in this world (Lok) and my honour in the next world (Parlok).

ਜਾਗਤੁ ਜਾਗਿ ਰਹਾ ; ਤੁਧੁ ਭਾਵਾ ॥
ਜਾ ਤੂ ਮੇਲਹਿ ; ਤਾ ਤੁਝੈ ਸਮਾਵਾ ॥

ਪਦ ਅਰਥ:– ਜਾਗਤੁ–conscious (here it means Almighty)। **ਜਾਗਿ**–remain conscious । **ਤੁਧੁ–ਤੈਨੂੰ,** you। **ਭਾਵਾ–ਚੰਗਾ ਲੱਗਾਂ,** pleases। **ਤਾ**–then। **ਤੁਝੈ ਸਮਾਵਾ–ਮੈਂ ਤੇਰੇ ਸਰੂਪ ਵਿਚ ਲੀਨ ਹੋ ਜਾਵਾਂ,** I shall immerse in Your form।

ਹੇ ਪ੍ਰਭੂ! ਜੇ ਤੈਨੂੰ ਭਾਵੇ ਤਾਂ ਮੈਂ ਸਦਾ ਤੇਰੇ ਧਿਆਨ ਵਿੱਚ ਜਾਗਦਾ ਰਹਾਂ। ਜੇ ਤੂੰ ਮੈਨੂੰ ਸੰਤ ਜਨਾ ਨਾਲ ਮੇਲ ਦੇਵੇਂ, ਤਾਂ ਮੈਂ ਤੇਰੇ ਸਰੂਪ ਵਿੱਚ ਸਮਾ ਜਾਂਵਾ।

Dear Almighty, you are the form of brightness (Jaagat) I shall stay conscious in your rememberance if it pleases you. Guru Ji explains a very vital point here that one can only remember Almighty truly if the self is abandoned means that one does it without the ego of doing it.

If you (Almighty) bless me the company of saints then I shall immerse in your form.

ਜੈ ਜੈ ਕਾਰੁ ; ਜਪਉ ਜਗਦੀਸ ॥
ਗੁਰਮਤਿ ਮਿਲੀਐ ; ਬੀਸ ਇਕੀਸ ॥੨੫॥

ਪਦ ਅਰਥ:– ਜੈ ਕਾਰ–ਸਦਾ ਦੀ ਜਿੱਤ, applause for victory। **ਜਪਉ**–recite। **ਜਗਦੀਸ**–Master of Universe। **ਬੀਸ–ਵੀਹ ਵਿਸਵੇ, ਜ਼ਰੂਰ,** sure, undoubtful। **ਇਕੀਸ–ਇਕ ਈਸ਼ ਨੂੰ, ਇਕ ਮਾਲਕ ਨੂੰ,** the sole Master।

ਹੇ ਜਗਤ ਦੇ ਮਾਲਕ! ਮੈਂ ਤੇਰੀ ਹੀ ਸਦਾ ਜੈ ਜੈ ਕਾਰ ਕਰਾਂ ਅਤੇ ਤੇਰਾ ਹੀ ਨਾਮ ਨੂੰ ਜਪਾਂ। ਗੁਰਾਂ ਦੀ ਸਿੱਖਿਆ ਦੁਆਰਾ ਹੀ ਵੀਹ ਵਿਸਵੇ (ਜਰੂਰ) ਤੂੰ ਇੱਕ ਪ੍ਰਮਾਤਮਾ ਹੈ ਅਤੇ ਤੇਰੇ ਵਰਗਾ ਹੋਰ ਕੋਈ ਦੂਜਾ ਨਹੀ ਹੈ, ਨਿਸਚੇ ਕਰਕੇ ਤੈਨੂੰ ਮਿਲ ਸਕੀਦਾ ਹੈ॥੨੫॥

Dear Master of the Universe, I shall declare your victory (Jai Jai Kar) and keep on reciting your Name.

Through the Guru's advice I have undoubtful faith on you as there is no other master like you and I shall merge with you.

ਝਖਿ ਬੋਲਣੁ ; ਕਿਆ ਜਗ ਸਿਉ ਵਾਦੁ ॥
ਝੂਰਿ ਮਰੈ ; ਦੇਖੈ ਪਰਮਾਦੁ ॥

ਪਦ ਅਰਥ:- ਝਖਿ–nonsense, useless। **ਬੋਲਣੁ**–talking। **ਕਿਆ**–done। **ਜਗ**–world। **ਸਿਉ—ਨਾਲ,** with। **ਵਾਦੁ–ਚਰਚਾ, ਬਹਿਸ,** argument, debate। **ਝੂਰਿ ਮਰੈ–ਝੁਰ ਝੁਰ ਮਰਦਾ ਹੈ, ਦੁਖੀ ਰਹਿੰਦਾ ਹੈ,** die in sulk, unsatisfied। **ਪਰਮਾਦੁ–ਮੂਰਖ,** fool।

ਜਗਤ ਨਾਲ ਝਗੜਾ ਕਰਨਾ, ਝਖ ਬੋਲਣਾ ਦਾ ਕੀ ਲਾਭ ਹੈ, ਕਿਉਂਕਿ ਇਹੋ ਜਿਹੇ ਮੂਰਖ ਝੂਰ ਝੂਰ ਕੇ ਮਰਦੇ ਦੇਖੇ ਹਨ।

The arguments with the world is of no use as speaking to such ones just don't make any sense means that one should avoid arguments with the ones under the influence of maya.

The morons are seen to die in sulk (Jhur) as they live in doubtful life and till the end they die in worries of everything surrounding them reason being they had no common sense.

ਜਨਮਿ ਮੂਏ ਨਹੀ ; ਜੀਵਣ ਆਸਾ ॥
ਆਇ ਚਲੇ ; ਭਏ ਆਸ ਨਿਰਾਸਾ ॥

ਪਦ ਅਰਥ:- ਜੀਵਣ ਆਸਾ–ਜੀਵਨ ਰੂਪ ਵਾਹਿਗੁਰੂ ਦੀ ਆਸ, the hope of Almighty who is the life form। **ਭਏ**–been। **ਆਸ**–hope। **ਨਿਰਾਸਾ**–without hope।

ਜਿਸ ਨੂੰ ਜੀਵਨ ਰੂਪ ਪ੍ਰਮੇਸ਼ਰ ਦੀ ਆਸ ਹੈ, ਉਹ ਜੰਮਦੇ ਮਰਦੇ ਨਹੀ ਹਨ। ਆਸ ਲੈ ਕਰਕੇ ਆਉਂਦੇ ਹਨ ਤੇ ਨਿਰਾਸੇ ਜਾਦੇ ਹਨ, ਭਾਵ ਜਗਤ ਨੂੰ ਮਿਥਿਆ ਜਾਣ ਕੇ ਆਸ ਨਹੀਂ ਕਰਦੇ ਹਨ।

The ones who have the hope on the life form of the universe (Almighty), they are never born and die again.

Such ones came without any desire (Asa-hope) and goes without any desires (Niraas) which means that they have acknowledge the world as fake therefore they have no more desires in this world for anything.

ਝੁਰਿ ਝੁਰਿ ਝਖਿ ; ਮਾਟੀ ਰਲਿ ਜਾਇ ॥
ਕਾਲੁ ਨ ਚਾਂਪੈ ਹਰਿ ਗੁਣ ਗਾਇ ॥

ਪਦ ਅਰਥ:– ਝੁਰਿ–grieve, regret। **ਝਖਿ–**indulge। **ਮਾਟੀ–**soil। **ਰਲਿ–**mix। **ਚਾਂਪੈ– ਦਬਾਉ ਪਾਂਦਾ ਹੈ,** under the pressure। **ਗੁਣ–**virtues।

ਝੁਰ ਝੁਰ ਕੇ ਜੋ ਖਪਣਾ ਸੀ, ਉਹ ਉਹਨਾਂ ਦਾ ਮਿੱਟੀ ਵਿੱਚ ਰਲ ਗਿਆ ਹੈ। ਪ੍ਰਭੁ ਦੇ ਗੁਣ ਗਾਉਣ ਨਾਲ ਉਹਨਾਂ ਨੂੰ ਕਾਲ ਦਬਾਉਂਦਾ ਨਹੀ ਹੈ।

Grieveness, regret and indulge in worldly affairs of those has mixed with dust means that all efforts for worldly accomplishment has gone wasted.

Singing the praises of Almighty's virtues, the Being will not come under the pressure of the angel of death means that he/she will be liberated from the afterlife pains.

ਪਾਈ ਨਵ ਨਿਧਿ ; ਹਰਿ ਕੈ ਨਾਇ ॥
ਆਪੇ ਦੇਵੈ ; ਸਹਜਿ ਸੁਭਾਇ ॥੨੬॥

ਪਦ ਅਰਥ:– ਨਵ ਨਿਧਿ–ਨੌ ਖ਼ਜ਼ਾਨੇ, ਧਰਤੀ ਦਾ ਸਾਰਾ ਧਨ, nine treasures। **ਨਾਇ–ਨਾਮ ਸਿਮਰਨ ਦੇ ਰਾਹੀਂ,** through Almighty's rememberance। **ਆਪੇ–**himself। **ਦੇਵੈ–**gives। **ਸਹਜਿ–ਸਾਂਤੀ,** peace, calm। **ਸੁਭਾਇ–ਸੁਭਾਅ,** character।

ਹਰੀ ਦੇ ਨਾਮ ਕਰਕੇ ਜਿੰਨ੍ਹਾਂ ਨੇ ਨੌ ਖ਼ਜ਼ਾਨੇ ਰੂਪ ਨੌਂਧਾ ਭਗਤੀ ਪਾਈ ਹੈ, ਉਹਨਾਂ ਨੂੰ ਪ੍ਰਮੇਸ਼ਰ ਆਪ ਹੀ ਸ਼ਾਤੀ ਸੁਭਾਉ ਦਿੰਦਾ ਹੈ॥੨੬॥

Through Almighty's Name those who have obtained nine treasures form of nine meditations;

Almighty bless such ones with calm character means that calmness is a blessing from Almighty.

ਵਿਆਨੋ ਬੋਲੈ ; ਆਪੇ ਬੂਝੈ ॥
ਆਪੇ ਸਮਝੈ ; ਆਪੇ ਸੂਝੈ ॥

ਪਦ ਅਰਥ:- ਵਿਆਨੋ-ਵਿਆਨ, ਗਿਆਨ, knowledge। **ਆਪੇ-(ਪ੍ਰਭੁ ਗੁਰੂ ਰੂਪ ਹੋਕੇ) ਆਪ ਹੀ,** Himself as the Guru। **ਬੂਝੈ-ਬੋਲਦਾ ਹੈ ਜਾਂ ਪੁਛਨਾ,** utter, departs sermons or to ask, enquire। **ਸਮਜੈ-ਸਮਝਣਾ,** to understand। **ਸੂਝੈ-ਵੇਖਦਾ ਹੈ,** observes।

ਆਪ ਹੀ ਗੁਰੂ ਰੂਪ ਹੋ ਕੇ ਗਿਆਨ ਉਚਾਰਦਾ ਹੈ, ਭਾਵ ਉਪਦੇਸ ਦਿੰਦਾ ਹੈ ਅਤੇ ਜਗਿਆਸੂ ਰੂਪ ਹੋ ਕੇ ਬੁੱਝਦਾ ਹੈ, ਭਾਵ ਪੁੱਛਦਾ ਹੈ। ਆਪ ਹੀ ਧਰਮ ਅਧਰਮ ਨੂੰ ਸਮਝਦਾ ਹੈ, ਆਪ ਹੀ ਫਲਾਫਲ ਹੋ ਕੇ ਦੇਖਦਾ ਹੈ।

Almighty Himself manifest as Guru and utter's knowledge means advice (sermon) and Almighty Himself enquires in the form of disciple.

Almighty Himself understands the faith and faithless and Himself oversees the returns of good and bad deeds.

ਗੁਰ ਕਾ ਕਹਿਆ ; ਅੰਕਿ ਸਮਾਵੈ ॥
ਨਿਰਮਲ ਸੂਚੇ ; ਸਾਚੋ ਭਾਵੈ ॥

ਪਦ ਅਰਥ:- ਅੰਕਿ-ਜਿੰਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ, within the heart। **ਸਮਾਵੈ**-absorbed, immersed। **ਨਿਰਮਲ**-clean। **ਸੁਚੇ**-pure। **ਸਾਚੋ-ਵਾਹਿਗੁਰੂ,** form of truth, Almighty। **ਭਾਵੈ-ਪਿਆਰਾ ਲਗਦਾ ਹੈ,** pleasing, liked।

ਗੁਰੂ ਦਾ ਕਹਿਆ ਹੋਇਆ ਉਪਦੇਸ ਜਿੰਨ੍ਹਾਂ ਦੇ ਹਿਰਦੇ ਵਿੱਚ ਸਮਾ ਜਾਵੇ, ਜਿਸ ਕਰਕੇ ਉਹਨਾਂ ਦਾ ਅੰਤਹਕਰਨ ਨਿਰਮਲ ਹੈ ਅਤੇ ਇੰਦ੍ਰਿਆਂ ਵੀ ਵਿਕਾਰਾਂ ਵਲੋਂ ਸੁੱਚਿਆਂ ਭਾਵ ਪਵਿਤਰ ਹਨ, ਉਹਨਾਂ ਨੂੰ ਸੱਚ ਰੂਪ ਪ੍ਰਭੂ ਪਿਆਰਾ ਲਗਦਾ ਹੈ।

The sermons uttered by the Guru reside in the heart of whom;

Shall have their Antahkaran clean (Nirmal-free from thoughts evil desires) and in this manner their sensors are pure (Suche – free from performing evil desires) they only love the truth form (Almighty). Guru Ji emphasizes that one should love Almighty more than everything else

ਗੁਰੁ ਸਾਗਰੁ ; ਰਤਨੀ ਨਹੀ ਤੋਟ ॥
ਲਾਲ ਪਦਾਰਥ ; ਸਾਚੁ ਅਖੋਟ ॥

ਪਦ ਅਰਥ:- ਸਾਗਰੁ–ocean। **ਰਤਨੀ–ਰਤਨਾਂ ਦੀ,** jewel। **ਨਹੀ**–never। **ਤੋਟ–ਕਮੀ, ਘਾਟਾ,** deficit, deficiency। **ਲਾਲ**–ruby means love। **ਪਦਾਰਥ**–materials। **ਸਾਚੁ**–true। **ਅਖੋਟ–ਅਖੁੱਟ, ਅਮੁੱਕ, ਨਹੀ ਮੁੱਕਣ ਵਾਲੇ,** finishless ।

ਗੁਰੂ ਰੂਪ ਸਮੁੰਦਰ ਵਿੱਚ ਵੈਰਾਗ ਆਦਿਕ ਸ਼ੁਭ ਗੁਣਾਂ ਰੂਪੀ ਰਤਨਾਂ ਦਾ ਘਾਟਾ ਨਹੀ ਹੈ। ਪ੍ਰਭੂ ਪ੍ਰੇਮ ਆਦਿਕ ਪਦਾਰਥ ਸੱਚੇ ਹਨ ਅਤੇ ਕਦੇ ਵੀ ਮੁਕਦੇ ਹਨ (ਨਿਖੁਟਦੇ) ਨਹੀ ਹਨ।

In the ocean form of Guru there is no shortage of good virtues form of jewels.

The materials such as love (Laal) are the true (everlasting) material and never finish.

ਗੁਰਿ ਕਹਿਆ ; ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ; ਕਾਹੇ ਧਾਵਹੁ ॥
ਨਾਨਕ , ਗੁਰਮਤਿ ; ਸਾਚਿ ਸਮਾਵਹੁ ॥੨੭॥

ਪਦ ਅਰਥ:- ਗੁਰਿ–ਗੁਰੂ ਨੇ। **ਕਹਿਆ**–uttered, said। **ਸਾ**–precisely that। **ਕਾਰ**–deed। **ਕਮਾਵਹੁ**–earn but here it means do or perform । **ਕਰਣੀ**–practice। **ਕਾਹੇ–ਕਿਉਂ,** why। **ਧਾਵਹੁ– ਦੌੜਦੇ ਹੋ?,** run after means mock exactly। **ਸਾਚਿ–ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ,** within Almighty। **ਸਮਾਣਹੁ**–immerse, unite।

ਹੇ ਭਾਈ! ਜੋ ਗੁਰਾਂ ਨੇ ਕਿਹਾ ਹੈ, ਉਹ ਕੰਮ ਕਰੋ। ਸਤਿਗੁਰੂ ਦੀ ਕਰਣੀ ਦੇਖ ਕੇ ਉਸ ਦੇ ਵਾਗੂੰ ਵਰਤਣ ਨੂੰ ਕਿਉ ਦੌੜਦੇ ਹੋ। ਗੁਰੂ ਜੀ ਕਹਿੰਦੇ ਹਨ, ਸਤਿਗੁਰੂ ਦੀ ਸਿੱਖਿਆ ਲੈ ਕੇ ਸੱਚੇ ਪ੍ਰਭੂ ਵਿੱਚ ਸਮਾ ਜਾਵੋ॥੨੭॥

Practice based on Guru's instruction.

Why try to imitate the Guru's practice after the observation and rush to practice the same means one should obey Guru's instruction instead of trying to follow the Guru's practice comprehended based ones observation means that Guru's instruction is far more important than ones observations.

Guru Ji says that one should embrace the Guru's way and immerse in the truth (Almighty)

ਟੂਟੈ ਨੇਹੁ ; ਕਿ ਬੋਲਹਿ ਸਹੀ ॥
ਟੂਟੈ ਬਾਹ ; ਦੁਹੁ ਦਿਸ ਗਹੀ ॥

ਪਦ ਅਰਥ:- ਟੂਟੇ-breaks। **ਨੇਹੁ-ਪਿਆਰ,** relationship of love। **ਕਿ ਬੋਲਹਿ-ਖੋਟੇ ਬਚਨ ਬੋਲਣੇ ਨਾਲ,** by uttering unfaithful words or lies । **ਸਹੀ-ਨਿਸਚੇ ਕਰਕੇ,** surely। **ਬਾਹ**-arm। **ਦੁਹੁ**-both। **ਦਿਸ-ਪਾਸਾ, ਤਰਫ਼,** direction। **ਗਹੀ-ਫੜੀ ਹੋਈ,** hold।

ਪਰਸਪਰ ਜੋ ਪ੍ਰੇਮ ਹੈ ਜੇ ਖੋਟੇ ਬਚਨ ਬੋਲਣ (ਕਿ ਬੋਲਹਿ) ਨਾਲ ਨਿਸਚੇ (ਸਹੀ) ਕਰਕੇ ਉਹ ਪ੍ਰੇਮ (ਨੇਹੁ) ਟੁੱਟ ਜਾਦਾ ਹੈ। ਇਸ ਤੇ ਗੁਰੂ ਜੀ ਦ੍ਰਿਸਟਾਂਤ ਦਿੰਦੇ ਹਨ, ਜਿਵੇਂ ਦੋਵੇ ਪਾਸਿਓ ਫੜ ਕੇ ਖਿੱਚਣ ਨਾਲ ਬਾਂਹ ਟੁੱਟ ਜਾਂਦੀ ਹੈ।

The mutual love relationship can surely be broken upon uttering false (Khote) words. Guru Ji explains with an example that the arm can be broken if it is pulled with force from both opposite directions. Guru Ji describes that the true relationship foundation is the truth when either or both parties begins to be unfaithfull by keeping secrets and tries to cover by false statements then the relationship ends instantly in the same manner when one builts relationship with Almighty, truth should be the base as one should never ever try to hide anything or assume that he or she is not monitored when such situation occurs instead of the relationship coming in the same direction it goes on the opposite direction. The usual case is that Almighty always is the truth and human changes its direction against Almighty by having doubts as one should have realized that whenever Almighty blesses with sorrows and pains are for the good just like going through a medical treatment.

ਟੂਟਿ ਪਰੀਤਿ ਗਈ ; ਬੁਰ ਬੋਲਿ ॥
ਦੁਰਮਤਿ ਪਰਹਰਿ ; ਛਾਡੀ ਢੋਲਿ ॥

ਪਦ ਅਰਥ:- ਟੂਟਿ–broken। **ਪਰੀਤਿ**–love attachment। **ਬੁਰ–ਬੁਰੇ,** unpleasant। **ਬੋਲਿ–ਬੋਲ,** speech। **ਦੁਰਮਤਿ**–the wisdom that separates one with Almighty। **ਪਰਹਰਿ**–separated। **ਛਾਡੀ**–abandon। **ਢੋਲਿ–ਖਸਮ ਨੇ,** beloved husband।

ਤਿਵੇਂ ਹੀ ਬੁਰਾ (ਬੁਰ) ਬੋਲਣ ਨਾਲ ਭਾਵ ਪ੍ਰਮੇਸ਼ਰ ਦਾ ਹੁਕਮੁ ਨਾ ਮੰਨਣ ਨਾਲ ਜੀਵ ਦੀ ਪ੍ਰੀਤ ਟੁੱਟ ਗਈ ਹੈ। ਦੁਰਮਤ ਧਾਰਨ ਨਾਲ ਪਿਆਰੇ ਪਤੀ ਪ੍ਰਮੇਸ਼ਰ (ਢੋਲਿ) ਨੇ ਜੀਵ ਰੂਪੀ ਇਸਤ੍ਰੀ ਤਿਆਗ ਛੱਡੀ (ਪਰਹਰ)ਹੈ।

The jeev's (being) love is broken by uttering unpleasant words means that by disobeying Almighty's instructions.

Almighty has abandon the jeev (being) form of bride when the jeev decided to adopt the evil practices which creates a vast distance from the Guru's wisdom (Durmat).

ਟੂਟੈ ਗੰਠਿ ; ਪੜੈ ਵੀਚਾਰਿ ॥
ਗੁਰ ਸਬਦੀ ; ਘਰਿ ਕਾਰਜੁ ਸਾਰਿ ॥

ਪਦ ਅਰਥ:- ਟੂਟੈ–untied, loosen। **ਗੰਠਿ–ਗੰਢ**–knot। **ਪੜੈ**–initiates। **ਵੀਚਾਰਿ**–wisdom। **ਸਾਰਿ**–complete।

ਟੁੱਟੇ ਹੋਏ ਜੀਵ ਦੀ ਪ੍ਰਮੇਸ਼ਰ ਨਾਲ ਸਤ ਅਸਤ ਦੇ ਵਿਚਾਰ ਕਰਨ ਨਾਲ ਗੰਢ ਪੈਂਦੀ ਹੈ। ਜੋ ਗੁਰ ਉਪਦੇਸ ਵਾਲੇ ਹਨ, ਉਹ ਆਪਣੇ ਹਿਰਦੇ (ਘਰਿ) ਵਿੱਚ ਮੋਖ ਰੂਪ ਕਾਰਜ ਸੰਪੂਰਨ ਕਰ (ਸਾਰਿ) ਬੈਠੇ ਹਨ।

The relation of a apostate (loosen knot form of relationship) with Almighty can only be established again by the contemplation of the true against the false means that truth is the knot which joins the two broken ends.

The ones who obey Guru's instruction accomplish their mission towards salvation in the mind form of residence.

ਲਾਹਾ ਸਾਚੁ ; ਨ ਆਵੈ ਤੋਟਾ ॥
ਤ੍ਰਿਭਵਣ ਠਾਕੁਰੁ ; ਪ੍ਰੀਤਮੁ ਮੋਟਾ ॥੨੮॥

ਪਦ ਅਰਥ:- ਲਾਹਾ–profit। **ਤੋਟਾ**–loss। **ਤ੍ਰਿਭਵਨ**–three worlds। **ਠਾਕੁਰੁ**–master। **ਪ੍ਰੀਤਮ**–beloved। **ਮੋਟਾ–ਵੱਡਾ,** greatly।

ਜਿੰਨ੍ਹਾਂ ਨੇ ਸੱਚਾ ਲਾਭ ਲਿਆ ਹੈ, ਉਹਨਾਂ ਨੂੰ ਤੋਟਾਂ ਨਹੀਂ ਆਉਂਦੀਆਂ। ਪ੍ਰਮੇਸ਼ਰ ਤਾਂ ਤਿੰਨਾਂ ਭਵਣਾਂ ਦਾ ਪਿਆਰਾ ਹੈ ਪਰ ਜੋ ਪਿਆਰੇ ਭਗਤ ਹਨ, ਉਹਨਾਂ ਦਾ ਬਹੁਤ ਪਿਆਰਾ (ਮੋਟਾ) ਹੈ॥੨੮॥

Those who have gained the true profit will never loose means that the ones who have invested their breath in reciting Almighty's Name gains forever.

Almighty is beloved in all three worlds but for the Bhagats Almighty is the most beloved.

ਠਾਕਹੁ ਮਨੂਆ ; ਰਾਖਹੁ ਠਾਇ ॥
ਠਹਕਿ ਮੁਈ ; ਅਵਗੁਣਿ ਪਛੁਤਾਇ ॥

ਪਦ ਅਰਥ:- ਠਾਕਹੁ–ਰੋਕਨਾ, hold, stop। **ਮਨੂਆ–ਮਨ,** mind। **ਰਾਖਹੁ**–keep, focus। **ਠਾਇ–ਥਾਂ ਸਿਰ,** in place, here it means in Almighty। **ਠਹਕਿ–ਲੱਗ ਕੇ,** indulging। **ਮੁਈ–ਮੁਈ,** died। **ਅਵਗੁਣਿ–ਅਉਗਣ ਦੇ ਕਾਰਨ,** vices। **ਪਛੁਤਾਇ–ਪਸਚਾਤਾਪ,** regret।

ਹੇ ਭਾਈ! ਮਨ ਨੂੰ ਰੋਕ ਕੇ ਸਰੂਪ ਰੁਪੀ ਘਰ (ਠਾਇ) ਵਿੱਚ ਰੱਖੋ, ਅਵਗੁਣ ਵਿੱਚ ਸ੍ਰਿਸਟੀ ਲਾਗ ਕੇ (ਠਹਕਿ) ਪਛਤਾਉਂਦੀ ਹੋਈ ਮਰ ਗਈ ਹੈ।

Hold back the mind in Almighty's existence form of place.

Whereas the whole world holds back their mind in desires therefore they die while regretting for the misfortune.

ਠਾਕੁਰੁ ਏਕੁ ; ਸਬਾਈ ਨਾਰਿ ॥
ਬਹੁਤੇ ਵੇਸ ਕਰੇ ; ਕੂੜਿਆਰਿ ॥

ਪਦ ਅਰਥ:- ਠਾਕੁਰੁ–Master। **ਏਕੁ**–one। **ਸਬਾਈ–ਸਾਰੀਆਂ,** everyone, all। **ਨਾਰਿ**–female। **ਬਹੁਤ**–many, various। **ਵੇਸ**–constume। **ਕੂੜਿਆਰਿ–ਕੂੜ ਵਿੱਚ ਫਸੀ ਹੋਈ, ਮਾਇਆ ਗ੍ਰਸੀ,** engrossed in false or maya।

ਪ੍ਰਮੇਸ਼ਰ ਪਤੀ ਇੱਕ ਹੈ ਤੇ ਸਾਰੀ ਸ੍ਰਿਸਟੀ ਉਸ ਦੀਆਂ ਇਸਤਰੀਆਂ ਹਨ। ਜੋ ਪਖੰਡੀ ਜੀਵ ਇਸਤਰੀ ਹੈ, ਉਹ ਅਨੇਕਾਂ ਭੇਸ ਧਾਰਨ ਕਰਦੀ ਹੈ।

Almighty is the only groom while the entire creation is His brides.

Hypocrite (Kureaar, Pakhendi) jeev's embraces various outfits however without faith one achieves nothing in the entire lifetime.

ਪਰ ਘਰਿ ਜਾਤੀ ; ਠਾਕਿ ਰਹਾਈ ॥
ਮਹਲਿ ਬੁਲਾਈ ; ਠਾਕ ਨ ਪਾਈ ॥

ਪਦ ਅਰਥ:- ਪਰ–other। **ਘਰਿ–ਘਰ,** house। **ਜਾਤੀ**–going। **ਠਾਕਿ**–halt, stop। **ਰਹਾਈ**–remain। **ਮਹਲਿ–ਪ੍ਰਭੁ ਸਰੂਪ ਵਿੱਚ,** Almighty's form। **ਠਾਕਿ–ਰੋਕ,** obstruction।

ਜੋ ਆਪਣਾ ਇਸਟ ਨਹੀ, ਉਸ ਵੱਲੋ ਜਿਸ ਨੇ ਬਿਰਤੀ ਰੋਕ ਰੱਖੀ ਹੈ, ਉਹ ਉਸ ਦੇ ਪਤੀ ਪ੍ਰਮੇਸ਼ਰ ਨੇ ਆਪਣੇ ਸਰੂਪ ਘਰ ਵਿੱਚ ਬੁਲਾ ਲਈ ਹੈ, ਕਿਸੇ ਨੇ ਵੀ ਰੋਕ ਨਹੀ ਪਾਈ।

One who have refrained (stop) his concentration from going towards the non-master (An- Isht - other then master e.g. worldly desires).

Such ones are then call upon by Almighty to be reunited without any obstruction (Thak).

ਸਬਦਿ ਸਵਾਰੀ ; ਸਾਚਿ ਪਿਆਰੀ ॥
ਸਾਈ ਸੋੁਹਾਗਣਿ ; ਠਾਕੁਰਿ ਧਾਰੀ ॥੨੯॥

ਪਦ ਅਰਥ:- ਸਬਦਿ-ਉਪਦੇਸ, sermon। **ਸਵਾਰੀ-**corrected, beautified। **ਠਾਕੁਰਿ-ਠਾਕੁਰ ਨੇ,** by the Master। **ਧਾਰੀ-ਆਪਣੀ ਬਣਾ ਲਿਆ ਹੈ,** embraced।

ਜੋ ਸੱਚ ਦੀ ਪਿਆਰੀ ਗੁਰਾਂ ਦੇ ਉਪਦੇਸ਼ ਨੇ ਸਵਾਰੀ ਹੈ, ਉਹ ਸੁਹਾਗਣ ਠਾਕੁਰ ਨੇ ਆਪਣੇ ਨਾਲ ਮੇਲੀ ਹੈ॥੨੯॥

The bride form of jeev (being) who is beautified by the Guru's hymn is loved by Almighty means that listening, accepting and practicing the Guru's hymn is the true beauty of this jeev (being).

Such jeev (being) is the faithful bride of the Master (Almighty) whom Almighty has blessed with his company.

ਡੋਲਤ ਡੋਲਤ ਹੇ ਸਖੀ ; ਫਾਟੇ ਚੀਰ ਸੀਗਾਰ ॥
ਡਾਹਪਣਿ ਤਨਿ ਸੁਖੁ ਨਹੀ ; ਬਿਨੁ ਡਰ ਬਿਣਠੀ ਡਾਰ ॥

ਪਦ ਅਰਥ:- ਡੋਲਤ ਡੋਲਤ-ਡੋਲਦਿਆਂ, ਹੋਰ ਹੋਰ ਆਸਰੇ ਤੱਕਿਆਂ, rambling, roaming। **ਸਖੀ-**mate। **ਫਾਟੇ-**torn। **ਚੀਰ-ਕੱਪੜੇ,** outfit, clothes। **ਸੀਗਾਰ-**decoration। **ਡਾਹਪਣਿ-ਭ੍ਰਮ ਦੀ ਬੁਧੀ,** doubtful intellect। **ਤਨਿ-**physical body। **ਸੁਖ-**happiness। **ਬਿਨ-**without। **ਡਰ-**fear। **ਬਿਣਠੀ-ਨਾਸ ਹੋ ਜਾਂਦੀ ਹੈ,** vanished, perished। **ਡਾਰ-ਡਾਰਾਂ ਦੀਆਂ ਡਾਰਾਂ, ਬੇਅੰਤ ਜੀਵ,** flock।

ਅਨੇਕ ਜੂਨਾਂ ਵਿੱਚ ਫਿਰਦੇ ਫਿਰਦੇ ਹੇ ਸਖੀ! ਅਨੇਕ ਸਰੀਰ ਇੰਦ੍ਰੀਆਂ ਸਮੇਤ ਨਸਟ (ਫਾਟੇ) ਹੋਏ ਹਨ ਭ੍ਰਾਮਕ ਬੁਧੀ ਹੋਣ ਨਾਲ ਤਨ ਵਿੱਚ ਸੁਖ ਨਹੀਂ ਹੁੰਦਾ। ਬਿਨਾ ਭਗਵਾਨ ਦੇ ਡਰ ਨਾਲ ਬੇਅੰਤ (ਡਾਰ) ਜੀਵਾਂ ਦਾ ਨਾਸ ਹੋਇਆ ਹੈ।

Dear Mate (Sekhi), while rambling and roaming in various physical bodies during reincarnation, which were then vanished together with all the sensors.

With the doubtful intellect (Budhi) there is no happiness and without Almighty's fear, groups of jeev are vanished.

Guru Ji illustrate the pains of reincarnation in which one who is mesmerized in his/her self created desires travels continuously in various forms with hope to fulfill the desires. However, the desires keep on evolving through the various forms. Therefore without knowledge of the truth and self-enlightment the journey is endless.

ਡਰਪਿ ਮੁਈ ਘਰਿ ਆਪਣੈ ; ਡੀਠੀ ਕੰਤਿ ਸੁਜਾਣਿ ॥
ਡਰੁ ਰਾਖਿਆ ਗੁਰਿ ਆਪਣੈ ; ਨਿਰਭਉ ਨਾਮੁ ਵਖਾਣਿ ॥

ਪਦ ਅਰਥ:- ਡਰਪਿ–in fear। **ਮੁਈ–ਆਪਾ ਭਾਵ ਤੋਂ ਮੁਈ, ਤ੍ਰਿਸ਼ਨਾਂ ਵੱਲੋਂ ਮਰ ਗਈ,** died from self-conceit। **ਡੀਠੀ**–seen। **ਕੰਤਿ**–husband (Almighty)। **ਸੁਜਾਣਿ–ਸੁਜਾਣ,** all-knower, intelligent। **ਨਿਰਭਉ**–fearless। **ਵਖਾਣਿ–ਸਿਮਰ ਕੇ,** upon remembering।

ਜੋ ਆਪਣੇ ਸਰੀਰ ਵਿੱਚ ਜੀਵ ਭਾਵ ਕਰਕੇ ਮਰ ਗਈ ਹੈ, ਉਸ ਨੂੰ ਸੁਜਾਣ ਪਤੀ ਪਰਮੇਸ਼ਰ ਨੇ ਮਿਹਰ ਦੀ ਨਜ਼ਰ ਕਰਕੇ ਤੱਕਿਆ ਹੈ। ਜਿਸ ਨੇ ਆਪਣੇ ਗੁਰਾਂ ਦਾ ਡਰ ਮਨ ਵਿੱਚ ਧਾਰ ਰੱਖਿਆ ਹੈ, ਉਹ ਨਾਮ ਨੂੰ ਜਪ ਕੇ ਨਿਰਭਉ ਹੋਈ ਹੈ।

The bride is look upon with blessing vision of the intelligent groom (Almighty) who has died from the sense of living (Jeev Bhav – physical self existence) while in the body (means during lifetime).

The ones who has adopted the fear of the Guru within their mind, recites Almighty's name and become fearless.

ਡੂਗਰਿ ਵਾਸੁ ਤਿਖਾ ਘਣੀ ; ਜਬ ਦੇਖਾ ਨਹੀ ਦੂਰਿ ॥
ਤਿਖਾ ਨਿਵਾਰੀ ਸਬਦੁ ਮੰਨਿ ; ਅੰਮ੍ਰਿਤੁ ਪੀਆ ਭਰਪੂਰਿ ॥

ਪਦ ਅਰਥ:- ਡੂਗਰਿ–ਪਰਬਤ ਉੱਤੇ, on mountain। **ਵਾਸੁ**–dwell। **ਤਿਖਾ**–thirst। **ਘਣੀ–ਬਹੁਤ,** extremely। **ਨਿਵਾਰੀ**–quench। **ਮੰਨਿ**–upon believing। **ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਨਾਮ ਜਲ,** nectar of Almighty's Name। **ਪੀਆਂ**–drank। **ਭਰਪੂਰਿ–ਨਕਾ ਨਕ, ਰੱਜ ਕੇ,** completely filled ।

ਸੰਕਲਪ ਰੂਪ ਪਰਬਤਾਂ ਵਿੱਚ ਵਾਸਾ ਸੀ ਅਤੇ ਪਦਾਰਥਾਂ ਦੀ ਪਿਆਸ ਬਹੁਤ ਲੱਗ ਰਹੀ ਸੀ। ਜਦ ਆਪਣੇ ਸਰੂਪ ਨੂੰ ਦੇਖਿਆ ਤਦ ਦੂਰ ਨਹੀਂ ਜਾਣਿਆਂ ਹੈ, ਭਾਵ ਨੇੜੇ ਜਾਣਿਆ ਹੈ। ਗੁਰ ਸਬਦ ਨੂੰ ਮੰਨ ਕੇ ਪਿਆਸ ਨਿਵਰਤ ਕਰੀ ਹੈ ਅਤੇ ਭਰਪੂਰ ਪ੍ਰਮੇਸ਼ਰ ਜਾਣ ਕੇ ਆਤਮ ਆਨੰਦ ਅੰਮ੍ਰਿਤੁ ਪੀਤਾ ਹੈ।

I (jeev) lived in thoughts form of mountains and had tremendous thirst for worldly materials until I have seen my real form then I realised Almighty is the closest

Mind's thoughts and thirst is gone once I have agreed to Guru's hymn and upon recognising Almighty's presence within the entire creation I drink the nectar of real-self bliss (Atma-Anand).

ਦੇਹਿ ਦੇਹਿ ਆਖੈ ਸਭੁ ਕੋਈ ; ਜੈ ਭਾਵੈ ਤੈ ਦੇਇ ॥
ਗੁਰੁ ਦੁਆਰੈ ਦੇਵਸੀ ; ਤਿਖਾ ਨਿਵਾਰੈ ਸੋਇ ॥੩੦॥

ਪਦ ਅਰਥ:- ਦੇਹਿ–give it to me। **ਆਖੈ**–are said। **ਸਭੁ**–all। **ਕੋਈ–ਹਰੇਕ ਜੀਵ,** everyone। **ਦੁਆਰੈ**–door। **ਦੇਵਸੀ**–given। **ਤਿਖਾ**–thirst। **ਨਿਵਾਰੈ**–quenched।

ਉਪਦੇਸ ਦੇਹੋ ਤਾਂ ਸਭ ਕੋਈ ਆਖਦਾ ਹੈ, ਜਿਸ ਨੂੰ ਪ੍ਰਮੇਸ਼ਰ ਚਾਹੰਦਾ ਹੈ ਉਸ ਨੂੰ ਪੂਰੇ ਸਤਿਗੁਰਾਂ ਦੁਆਰਾ ਉਪਦੇਸ ਕਰਦੇ ਹਨ। ਜਿਸ ਨੂੰ ਗੁਰਾਂ ਦੁਆਰੇ ਉਪਦੇਸ ਦਿੰਦਾ ਹੈ, ਉਹ ਹੀ ਪਦਾਰਥਾਂ ਦੀ ਤ੍ਰਿਸਨਾ ਰੂਪ ਪਿਆਸ ਨੂੰ ਨਵਿਰਤ ਕਰਦਾ ਹੈ॥੩੦॥

Although everyone ask for sermons (Updesh) for the sake of asking but Almighty only blesses his sermon to whomever He pleases through a True Guru.

Whoever is blessed with sermon through a True Guru, the thirst of greed for worldly materials goes away (quenches).

ਢੰਢੋਲਤ ਢੂਢਤ ਹਉ ਫਿਰੀ ; ਢਹਿ ਢਹਿ ਪਵਨਿ ਕਰਾਰਿ ॥
ਭਾਰੇ ਢਹਤੇ ਢਹਿ ਪਏ ; ਹਉਲੇ ਨਿਕਸੇ ਪਾਰਿ ॥

ਪਦ ਅਰਥ:- ਢੰਢੋਲਤ–searcher। **ਢੂਢਤ**–search। **ਹਉ–ਮੈਂ,** me, ।। **ਫਿਰੀ**–roam, wander। **ਢਹਿ–ਡਿੱਗ ਪਏ,** falling। **ਪਵਨਿ**– laying on ground। **ਕਰਾਰਿ–ਤਕੜੇ,** mighty, strong। **ਭਾਰੇ**–heavy। **ਢਹਤੇ**–defeated। **ਢਹਿ**–fall। **ਹਉਲੇ**–light। **ਨਿਕਸੇ**–escape, । **ਪਾਰਿ**–ferried across।

ਮੈ ਢੂੰਢਨੇ ਵਾਲੀ ਹੋ ਕੇ ਢੂੰਢਦੀ ਫਿਰਦੀ ਹਾਂ, ਕਿ ਕੋਈ ਇਸਥਤ ਵੀ ਹੈ ਤਾਂ ਕੀ ਦੇਖਿਆ ਜੋ ਤਕੜੇ (ਕਰਾਰਿ) ਰਾਵਣ ਦੁਰਯੋਧਨ ਆਦੀ ਨਸਟ ਹੁੰਦੇ ਆਏ ਹਨ, ਜੋ ਪਾਪਾਂ ਕਰਕੇ ਭਾਰੇ ਹੋਏ ਹਨ ਢਹਿਣ ਜੋਗ ਉਹ ਢਹਿ ਪਏ। ਹਉਲੇ ਜੋ ਪੁੰਨੀ ਹਨ, ਓਹੁ ਸੰਸਾਰ ਦੁਖਾਂ ਦੇ ਸਮੁੰਦਰ ਤੋਂ ਪਾਰ ਹੋਏ ਹਨ।

I (jeev) become the searcher and search around if there is anyone permenant in this entire world and discovered that all have been perished during their time including the most strong ones like Harnakash in the age of Satyug, Ravan in the age of Threta, Deryodhen in the age of Duapur, etc.

Those who were heavy with their loads of sins and the perish worthy has been perished and light ones (Punni – ones who performs beneficial deeds for others) go across the ocean of worldly pains.

ਅਮਰ ਅਜਾਚੀ ਹਰਿ ਮਿਲੇ ; ਤਿਨ ਕੈ ਹਉ ਬਲਿ ਜਾਉ ॥
ਤਿਨ ਕੀ ਧੂੜਿ ਅਘੁਲੀਐ ; ਸੰਗਤਿ ਮੇਲਿ ਮਿਲਾਉ ॥

ਪਦ ਅਰਥ:- ਅਮਰ–ਅਵਿਨਾਸੀ, eternal। **ਅਜਾਚੀ–ਨਿਸਕਾਮ,** desireless। **ਮਿਲੇ–**attains, meet। **ਤਿਨ ਕੈ–ਉਹਨਾਂ ਪੁਰਸ਼ਾਂ ਤੋਂ,** upon those। **ਹਉ–**me। **ਬਲਿ–**strength। **ਤਿਨ–**their। **ਧੂੜਿ–**dust। **ਜਾਉ–**upon, sacrifice। **ਅਘੁਲੀਐ–ਛੁੱਟੀਦਾ ਹੈ, ਤਰੀਦਾ ਹੈ,** release। **ਸੰਗਤਿ–**company। **ਮੇਲਿ–**unite। **ਮਿਲਾਉ–**union।

ਨਿਸਕਾਮ (ਅਜਾਚੀ) ਹੋ ਕੇ ਅਮਰ ਹਰੀ ਨੂੰ ਜੋ ਮਿਲੇ ਹਨ, ਉਹਨਾਂ ਦੇ ਅਸੀ ਬਲਿਹਾਰ ਜਾਦੇ ਹਾਂ। ਉਹਨਾਂ ਦੀ ਧੂੜ ਕਰਕੇ ਬੰਧਨਾ ਤੇ ਛੁਟੀਦਾ (ਅਘੁਲੀਐ) ਹੈ। ਹੇ ਭਾਈ! ਉਹਨਾਂ ਦੀ ਸੰਗਤ ਦੇ ਮੇਲ ਵਿੱਚ ਆਪਣੇ ਆਪ ਨੂੰ ਮਿਲਾਉ।

I (Guru Ji) sacrifice upon those who met the Eternal Universal Life (Almighty) desirelessly.

The feet dust (Dhur) of those who met Almighty releases one from all attachments therefore through the company of such fortunate ones they are united in Almighty's union.

ਮਨੁ ਦੀਆ ਗੁਰਿ ਆਪਣੈ ; ਪਾਇਆ ਨਿਰਮਲ ਨਾਉ ॥
ਜਿਨਿ ਨਾਮੁ ਦੀਆ , ਤਿਸੁ ਸੇਵਸਾ ; ਤਿਸੁ ਬਲਿਹਾਰੈ ਜਾਉ ॥

ਪਦ ਅਰਥ:- ਮਨੁ–mind। **ਗੁਰਿ–ਗੁਰੂ,** Guru। **ਦੀਆ–**given। **ਪਾਇਆ–**obtained। **ਨਿਰਮਲ– ਮੈਲ ਰਹਿਤ, ਪਵਿੱਤਰ** dirtless, clean। **ਨਾਉ–**Almighty's Name। **ਜਿਨਿ–ਜਿਸ ਨੇ,** who। **ਸੇਵਸਾ–**serve ।

ਮੈਂ ਆਪਣਾ ਮਨ ਗੁਰੂ ਨੂੰ ਅਰਪਣ ਕੀਤਾ ਹੈ ਅਤੇ ਗੁਰੂ ਤੋਂ ਪ੍ਰਭੂ ਦਾ ਪਵਿੱਤਰ ਨਾਮ ਪਾਇਆ ਹੈ। ਜਿਸ ਸਤਿਗੁਰੂ ਨੇ ਨਾਮ ਦਿੱਤਾ ਹੈ, ਮੈਂ ਉਸ ਨੂੰ ਸੇਂਵਦਾ ਹਾਂ, ਉਸ ਤੋਂ ਹੀ ਬਲਿਹਾਰ ਜਾਂਦਾ ਹਾਂ, ਕਿਉਂਕਿ ਉਸ ਗੁਰੂ ਤੋਂ ਹੀ ਇਕ ਨਿਸਚਾ ਹੋਇਆ ਹੈ।

I have obtained the pure Almighty's Name by surrendering my mind to Guru.

The True Guru who has blessed the Almighty's Name I (jeev) serve Him (Guru Ji) in this manner I (jeev) sacrifice upon Him because though Guru Ji I have faith in the only one Almighty.

ਜੋ ਉਸਾਰੇ ਸੋ ਢਾਹਸੀ ; ਤਿਸੁ ਬਿਨੁ ਅਵਰੁ ਨ ਕੋਇ ॥
ਗੁਰਪਰਸਾਦੀ ਤਿਸੁ ਸੰਮ੍ਲਾ ; ਤਾ ਤਨਿ ਦੂਖੁ ਨ ਹੋਇ ॥੩੧॥

ਪਦ ਅਰਥ:- ਉਸਾਰੇ-ਪੈਦਾ ਕਰਦਾ ਹੈ, ਉਸਾਰਦਾ ਹੈ, develops, constructs। **ਢਾਹਸੀ-ਢਾਹੁੰਦਾ ਹੈ, ਨਾਸ ਕਰਦਾ ਹੈ,** vanishes, destroys। **ਤਿਸੁ**-Him। **ਬਿਨੁ**-without। **ਅਵਰ**-no other। **ਗੁਰਪਰਸਾਦੀ-ਗੁਰੂ ਦੀ ਕਿਰਪਾ ਨਾਲ,** with Guru's grace। **ਤਿਸੁ**-Him। **ਸੰਮ੍ਲਾ-ਯਾਦ, ਸੰਮਾਲਦੀ ਰਹਾਂ, ਸਿਮਰਦੀ ਰਹਾਂ,** remember। **ਤਨਿ-ਸਰੀਰ ਵਿੱਚ, ਤਨ ਵਿੱਚ,** physical body।

ਜੋ ਇਸ ਸੰਸਾਰ ਕੋ ਬਣਾਉਂਦਾ ਹੈ ਉਹ ਹੀ ਇਸ ਨੂੰ ਲੈ ਕਰਦਾ ਹੈ (ਢਾਹਸੀ)। ਉਸ ਪ੍ਰਮਾਤਮਾ ਤੋਂ ਬਿਨਾ ਹੋਰ ਕੋਈ ਵੀ ਸਮ੍ਰੱਥ ਨਹੀਂ ਹੈ, ਜੇ ਗੁਰਾਂ ਦੀ ਕ੍ਰਿਪਾ ਨਾਲ ਉਸ ਵਾਹਿਗੁਰੂ ਨੂੰ ਯਾਦ (ਸੰਮ੍ਲਾ) ਕਰੀਏ ਤਾਂ ਉਸ ਵਿੱਚ ਦੁੱਖ ਨ ਹੋਵੇ, ਭਾਵ ਜਨਮ ਮਰਨ ਦਾ ਅਭਾਵ ਹੋ ਜਾਵੇ॥੩੧॥

Almighty who constructs this universe also destroys the whole universe therefore there is no other more capable then Him.

Remember Almighty with the grace of the Guru and one shall never have pains again means that birth and death becomes meaningless.

ਣਾ ਕੋ ਮੇਰਾ ਕਿਸੁ ਗਹੀ ; ਣਾ ਕੋ ਹੋਆ ਨ ਹੋਗੁ ॥
ਆਵਣਿ ਜਾਣਿ ਵਿਗੁਚੀਐ ; ਦੁਬਿਧਾ ਵਿਆਪੈ ਰੋਗੁ ॥

ਪਦ ਅਰਥ:- ਣਾ-ਨਾ, there is none। **ਮੇਰਾ**-mine। **ਕਿਸੁ- ਕਿਸ ਨੂੰ,** whom। **ਗਹੀ- ਪਕੜਾਂ, ਕਿਸ ਦਾ ਆਸਰਾ ਲਵਾਂ?,** to hold on to means whose support shall I embrace। **ਹੋਆ**-has been (in past)। **ਹੋਗੁ-ਹੋਵੇਗਾ,** will be (in future)। **ਆਵਣਿ ਜਾਣਿ- ਜੰਮਨ ਮਰਨ,** come (birth) & go (death)। **ਵਿਗੁਚੀਐ-ਖਰਾਬ ਹੋਈਦਾ ਹੈ,** ruined। **ਦੁਬਿਧਾ- ਦੋਚਿੱਤਾ ਪਨ, ਦੋ ਕਿਸਮ ਦਾ,** doubt। **ਵਿਆਪੈ**-infected।

ਮੇਰਾ ਕੋਈ ਨਹੀਂ ਹੈ, ਮੈਂ ਕਿਸ ਨੂੰ ਗ੍ਰਹਣ ਕਰਾਂ ਨਾ ਹੀ ਕੋਈ ਪਿੱਛੇ ਹੋਇਆ ਨਾ ਹੀ ਕੋਈ ਅੱਗੇ ਹੋਵੇਗਾ। ਜਦੋਂ ਤੱਕ ਆਵਣ ਜਾਵਣ ਵਿੱਚ ਖਰਾਬ ਹੋਈਦਾ ਹੈ, ਤਦੋਂ ਤੱਕ ਦੁਬਿਧਾ ਰੂਪ ਰੋਗ ਲੱਗਾ ਰਹਿੰਦਾ ਹੈ।

Who shall I (jeev) rely on, as there is no one that belongs to me as there were no one in the past and there will be no one in the future as well.

Till I (jeev) am being ruined (spoiled) in the reincarnation cycle, until then the desease of doubt remains.

ਣਾਮ ਵਿਹੂਣੇ ਆਦਮੀ ; ਕਲਰ ਕੰਧ ਗਿਰੰਤਿ ॥
ਵਿਣੁ ਨਾਵੈ ਕਿਉ ਛੂਟੀਐ ; ਜਾਇ ਰਸਾਤਲਿ ਅੰਤਿ ॥

ਪਦ ਅਰਥ:- ਣਾਮ–Almighty's Name। **ਵਿਹੂਣੇ–ਬਿਨਾਂ,** without। **ਆਦਮੀ**–man। **ਕਲਰ**–saline soil। **ਕੰਧ**–wall। **ਗਿਰੰਤਿ**–fall। **ਵਿਣੁ**–without। **ਕਿਉ**–how। **ਛੂਟੀਐ**–escape। **ਰਸਾਤਲਿ–ਨਰਕ,** hell।

ਨਾਮ ਤੋਂ ਬਿਨਾਂ ਆਦਮੀ ਇਸ ਤਰ੍ਹਾਂ ਡਿੱਗਦੇ ਹਨ, ਜਿਵੇਂ ਕੱਲਰ ਲੱਗਣ ਨਾਲ ਕੰਧ ਡਿੱਗ ਪੈਂਦੀ ਹੈ, ਭਾਵ ਬਿਨਾਂ ਕਿਸੇ ਫਲ ਦੇ ਹੀ ਡਿੱਗਦੇ ਜਾਂਦੇ ਹਨ। ਨਾਮ ਤੋਂ ਬਿਨਾਂ ਕਿਵੇਂ ਛੁਟਕਾਰਾ ਹੋ ਸਕਦਾ ਹੈ, ਫਿਰ ਅੰਤ ਨੂੰ ਨਰਕ ਵਿੱਚ ਜਾਂਦਾ ਹੈ।

Without Almighty's Name human falls in such manner just like the wall fall upon the touch of salt means the each breath falls uselessly.

Without Almighty's Name how can one escape as in the end one is assigned to the hell.

ਗਣਤ ਗਣਾਵੈ ਅਖਰੀ ; ਅਗਣਤੁ ਸਾਚਾ ਸੋਇ ॥
ਅਗਿਆਨੀ ਮਤਿਹੀਣੁ ਹੈ ; ਗੁਰ ਬਿਨੁ ਗਿਆਨੁ ਨ ਹੋਇ ॥

ਪਦ ਅਰਥ:- ਗਣਤ–ਗਿਣਤੀ, count। **ਗਣਾਵੈ–ਗਣਾਉਂਦੇ ਹਨ,** make others to count। **ਅਖਰੀ–ਅੱਖਰਾਂ ਦੇ ਰਾਹੀਂ,** through letters। **ਅਗਣਤੁ– ਲੇਖੇ ਤੋਂ ਪਰੇ,** countless। **ਅਗਿਆਨੀ**–ignorant। **ਮਤਿਹੀਣੁ–ਮੱਤ ਤੋਂ ਸੱਖਣਾ,** without wisdom।

ਅਖਰ ਪੜਕੇ ਗਿਣਤੀਆਂ ਗਣਾਉਂਦੇ ਹਨ, ਕਿ ਐਨੇ ਸ਼ਾਸਤ੍ਰ ਮੈਂ ਪੜੇ ਹਨ ਅਤੇ ਸਚਾ ਜੋ ਪ੍ਰਮੇਸ਼ਰ ਹੈ, ਉਹ ਅਗਣਤ ਹੈ, ਭਾਵ ਗਿਣਤੀਆਂ ਕਰਕੇ ਮਿਲਦਾ ਨਹੀਂ। ਇਹ ਜੀਵ ਜੋ ਅਗਿਆਨੀ ਮੱਤਹੀਣ ਹੈ ਇਸ ਨੂੰ ਗੁਰੂ ਬਿਨਾਂ ਗਿਆਨ ਨਹੀਂ ਹੁੰਦਾ ਹੈ।

Scholar reads, counts and make others to count that he have read this number of divine knowledge books but Almighty, the truth is beyond any count as Almighty is not attainable through counts or claims.

The ignorant and unwise jeev will never attain knowledge without the Guru.

Guru Ji explains that Almighty cannot be attained through egoistic claim of knowledge, practices or any other means. He is attainable through the blessing of a True Guru (Guru Granth Sahib Ji) as the blessing is obtained by being selfless.

ਤੂਟੀ ਤੰਤੁ ਰਬਾਬ ਕੀ ; ਵਾਜੈ ਨਹੀ ਵਿਜੋਗਿ ॥
ਵਿਛੁੜਿਆ ਮੇਲੈ ਪ੍ਰਭੂ ; ਨਾਨਕ ਕਰਿ ਸੰਜੋਗ ॥੩੨॥

ਪਦ ਅਰਥ:- ਤੂਟੀ-ਟੁੱਟੀ ਹੋਈ, broken। **ਤੰਤੁ-ਤਾਰ,** string। **ਰਬਾਬ-**Rebab (string instrument)। **ਵਾਜੈ-**instrument here it means desire। **ਵਿਜੋਗਿ-ਵਿਜੋਗ ਦੇ ਕਾਰਨ,** separation। **ਕਰਿ-ਕਰਕੇ**। **ਸੰਜੋਗ-ਮੇਲ,** union।

ਜਦ ਸਰੀਰ ਰੂਪੀ ਰਬਾਬ ਦੀ ਪ੍ਰਾਣਾਂ ਰੂਪੀ ਤਾਰ ਟੁੱਟ ਜਾਵੇ, ਤਦ ਪ੍ਰਾਣਾਂ ਦੇ ਵਿਜੋਗ ਕਰਕੇ ਰਬਾਬ ਵੱਜਦਾ ਨਹੀ। ਵਿੱਛੜਿਆ ਪ੍ਰਾਣਾਂ ਨੂੰ ਪ੍ਰਮੇਸ਼ਰ ਦੇਹ ਦੇ ਨਾਲ ਮੇਲ ਦਿੰਦਾ ਹੈ, ਭਾਵ ਇਸ ਸਰੀਰ ਅਤੇ ਪ੍ਰਾਣਾਂ ਦਾ ਸੰਜੋਗ ਨਹੀ ਹੁੰਦਾ ਹੈ ਅਤੇ ਉਹਨਾਂ ਪ੍ਰਾਣਾਂ ਦਾ ਸਰੀਰ ਦੇ ਨਾਲ ਸੰਜੋਗ ਕਰ ਲੈਂਦਾ ਹੈ।

ਦੂਜਾ ਅਰਥ:- ਟੁੱਟੀ ਤੰਤ ਭਾਵ ਮਨ ਦੀ ਬਿਰਤੀ ਰੂਪੀ ਤਾਰ ਜੋ ਵਾਹਿਗੁਰੂ ਦੇ ਧਿਆਨ ਵਲੋਂ ਟੁੱਟੀ ਹੋਈ ਹੈ ਜੀਸ ਰਾਂਹੀ ਨਾਮ ਦਾ ਉਚਰਨ ਨਹੀ ਹੁੰਦਾ। ਬਿਰਤੀ ਦੇ ਸੰਜੋਗ ਕਰਕੇ ਗੁਰੂ ਜੀ ਕਹਿੰਦੇ ਹਨ, ਵਿੱਛੜਿਆ ਨੂੰ ਪ੍ਰਭੂ ਮੇਲ ਲੈਂਦਾ ਹੈ॥੩੨॥

When the Rebab (String Instrument) form of body's life forces (Pran) like strings are broken then physical body stops all movements as the life forces and body has been separated.

The separated life-forces are then merged into Almighty thereafter the union of the same body and life-forces never happen as the life-forces will be united with different body.

Second Meaning: The broken concentration liked string of the mind liked Rebab, Almighty's Name is not uttered. Guru Ji says that upon the union of mind's concentration and Almighty's Name, Almighty reunites the separated ones.

ਤਰਵਰੁ ਕਾਇਆ , ਪੰਖਿ ਮਨੁ ; ਤਰਵਰਿ ਪੰਖੀ ਪੰਚ ॥
ਤਤੁ ਚੁਗਹਿ ਮਿਲਿ ਏਕਸੇ ; ਤਿਨ ਕਉ ਫਾਸ ਨ ਰੰਚ ॥

ਪਦ ਅਰਥ:- ਤਰਵਰੁ-ਰੁੱਖ, tree। **ਕਾਇਆ-ਸਰੀਰ,** body। **ਪੰਖਿ-ਪੰਛੀ,** birds। **ਤਰਵਰਿ-ਤਰਵਰ ਉਤੇ।** **ਪੰਚ**-five। **ਤਤੁ-ਅਸਲੀਅਤ ਰੂਪ ਫਲ, ਨਾਮ।** **ਚੁਗਹਿ**-pick। **ਮਿਲਿ ਏਕਸੇ-ਇਕ ਪ੍ਰਭੂ ਨਾਲ ਮਿਲ ਕੇ।** **ਫਾਸ**-noose। **ਰੰਚ-ਰਤਾ ਵੀ,** 8 grain of rice equals to 1 Rati।

ਤਰਵਰਾਂ ਵਿੱਚੋਂ ਕਾਂਇਆ ਰੂਪੀ ਜੋ ਬ੍ਰਿਛ ਹੈ ਤੇ ਜੀਵ (ਮਨ) ਰੂਪੀ ਇਕ ਪੰਛੀ ਹੈ। ਪੰਜ ਪ੍ਰਾਨ (ਪ੍ਰਾਨ, ਅਪਾਨ, ਸਮਾਨ, ਵਿਆਨ, ਉਦਾਨ) ਇਸ ਦੇ ਖੰਭ ਹਨ, ਜੋ ਤੱਤ ਸਾਰ ਰੂਪੀ ਚੋਗ ਭਾਵ ਨਾਮ ਰੂਪੀ ਚੋਗ ਚੁਗਦੇ ਹਨ, ਉਹ ਪ੍ਰਮਾਤਮਾ ਨਾਲ ਮਿਲ ਕੇ ਇਕ ਰੂਪ ਹੋ ਜਾਂਦੇ ਹਨ ਤੇ ਉਹਨਾਂ ਨੂੰ ਰਤਾ ਮਾਤਰ ਵੀ ਫਾਹੀ ਨਹੀ ਪੈਂਦੀ।

Among the forest species human physical body is a tree and jeev (being) is the bird whose five life-forces (Pran, Apan, Seman, Bian and Udhiyaan) are the wings. This jeev form of bird picks the food of truth (recite Almighty's name), with Almighty's company jeev unites as as common form therefore the noose of death angel never even touch slightly.

ਉਡਹਿ ਤ ਬੇਗੁਲ ਬੇਗੁਲੇ ; ਤਾਕਹਿ ਚੋਗ ਘਣੀ ॥
ਪੰਖ ਤੁਟੇ ਫਾਹੀ ਪੜੀ ; ਅਵਗੁਣਿ ਭੀੜ ਬਣੀ ॥

ਪਦ ਅਰਥ:- ਬੇਗੁਲ ਬੇਗੁਲੇ-ਬੇ+ਗਲ, ਦਵੈਤ ਦੀਆਂ ਗੱਲਾਂ, ਕਾਹਲੀ ਕਾਹਲੀ, hurry। **ਚੋਗ**-bird food। **ਘਣੀ-** plenty। **ਅਵਗੁਣਿ-ਅਉਗਣ,** sins। **ਭੀੜ-ਬਿਪਤਾ,** misery।

ਜੋ ਮਨਮੁਖ ਜੀਵ ਸੰਕਲਪ ਕਰਦੇ ਹਨ ਅਤੇ ਬਹੁਤ ਛੇਤੀ ਵਿਸ਼ਿਆ ਰੂਪੀ ਘਣੀ ਚੋਗ ਨੂੰ ਦੇਖਦੇ ਹਨ ਭਾਵ ਵਿਸ਼ਿਆਂ ਵਿਚ ਹੀ ਉਹਨਾਂ ਦਾ ਚਿਤ ਰਹਿੰਦਾ ਹੈ, ਉਹਨਾਂ ਦੇ ਪ੍ਰਾਣਾਂ ਦਾ ਜਦ ਇਸ ਸਰੀਰ ਤੋਂ ਵਿਜੋਗ ਹੁੰਦਾ ਹੈ ਤਦ ਔਗੁਣਾਂ ਕਰਕੇ ਉਹਨਾਂ ਉੱਤੇ ਇਹ ਬਿਪਤਾ ਆ ਬਣਦੀ ਹੈ, ਭਾਵ ਪਾਪੀ ਪੁਰਸ਼ ਨੂੰ ਕਸ਼ਟ ਪ੍ਰਾਪਤ ਹੁੰਦਾ ਹੈ।

The thoughts created rapidly progresses deeper and deeper into desires form of feed picks by bird means that a tiny thought is amplified instantly by mind to an idea, decision and execution just like a bird keeps on picking seeds non-stop.

When the bird wings form of life-forces is separated from the physical body then great difficulties arises due to demerits means that sinner obtains pains.

ਬਿਨੁ ਸਾਚੇ ਕਿਉ ਛੂਟੀਐ ; ਹਰਿ ਗੁਣ ਕਰਮਿ ਮਣੀ ॥
ਆਪਿ ਛਡਾਏ ਛੂਟੀਐ ; ਵਡਾ ਆਪਿ ਧਣੀ ॥

ਪਦ ਅਰਥ:- ਬਿਨੁ–without। **ਸਾਚੇ**–truth। **ਕਿਉ–ਕਿਵੇਂ,** how। **ਛੂਟੀਐ–ਛੁਟ ਸਕੀਦਾ ਹੈ,** release। **ਕਰਮਿ**–Karma। **ਮਣੀ**–jewel।

ਬਿਨਾਂ ਹਰੀ ਸੱਚੇ ਦੇ ਗੁਣਾਂ ਤੋਂ ਮਾਇਆ ਰੂਪੀ ਫਾਸੀ ਤੋਂ ਕਿਵੇਂ ਛੁਟੀਏ, ਭਾਵ ਨਹੀਂ ਛੁੱਟੀਦਾ। ਹਰੀ ਦੇ ਗੁਣ ਤਦ ਪ੍ਰਾਪਤ ਹੁੰਦੇ ਹਨ ਜਦੋਂ ਚੰਗੇ ਕਰਮਾਂ ਦੀ ਰਤੀ ਪ੍ਰਗਟ ਹੁੰਦੀ ਹੈ ਜਾਂ ਵੱਡਾ ਜੋ ਆਪ ਸਵਾਮੀ ਛੁਡਾਵੇ ਭਾਵ ਸ਼ੁਭ ਕਰਮ ਹੋਣ ਅਤੇ ਪ੍ਰਮਾਤਮਾ ਕ੍ਰਿਪਾ ਕਰੇ ਤਾਂ ਛੁੱਟਦਾ ਹੈ।

Without the True Almighty's virtues, how can one escape means one can never escape but Almighty's virtues are only obtained when the returns of good deeds becomes fruitful.

Else the Almighty who is the greatest Master rescues means that when good deeds and Almighty's grace is present then jeev is saved.

ਗੁਰਪਰਸਾਦੀ ਛੂਟੀਐ ; ਕਿਰਪਾ ਆਪਿ ਕਰੇਇ ॥
ਅਪਣੈ ਹਾਥਿ ਵਡਾਈਆ ; ਜੈ ਭਾਵੈ ਤੈ ਦੇਇ ॥੩੩॥

ਪਦ ਅਰਥ:- ਗੁਰਪਰਸਾਦੀ–ਗੁਰਾਂ ਦੀ ਕਿਰਪਾ ਨਾਲ, with Guru's blessing। **ਹਾਥਿ– ਹੱਥ,** hand। **ਭਾਵੇ–ਭਾਵੇ,** pleasing।

ਗੁਰੂ ਦੀ ਕਿਰਪਾ ਨਾਲ ਹੀ ਛੁਟੀਦਾ ਹੈ ਪਰ ਗੁਰੂ ਤਾਂ ਪ੍ਰਾਪਤ ਹੁੰਦਾ ਹੈ, ਜੇ ਉਹ ਪ੍ਰਮਾਤਮਾ ਆਪ ਕਿਰਪਾ ਕਰੇ। ਉਸ ਪ੍ਰਮਾਤਮਾ ਦੇ ਹੱਥ ਵਿੱਚ ਹੀ ਵਡਿਆਈ ਹੈ, ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਦਿੰਦਾ ਹੈ॥੩੩॥

With Guru's grace one is liberated but Guru is obtained when Almighty himself bestows His grace.

All the glories are in Almighty's hand; He bestows the glories to whomever He is pleased upon.

ਥਰ ਥਰ ਕੰਪੈ ਜੀਅੜਾ ; ਥਾਨ ਵਿਹੂਣਾ ਹੋਇ ॥
ਥਾਨਿ ਮਾਨਿ ਸਚੁ ਏਕੁ ਹੈ ; ਕਾਜੁ ਨ ਫੀਟੈ ਕੋਇ ॥

ਪਦ ਅਰਥ:- ਥਰ ਥਰ ਕੰਪੈ–ਬਹੁਤ ਕੰਬਦਾ ਹੈ, shivers extensively। **ਜੀਅੜਾ– ਜੀਵ,** mortal। **ਥਾਨ–ਆਸਰਾ,** place। **ਵਿਹੂਣਾ–ਬਗੈਰ,** without। **ਥਾਨਿ–ਸੱਚਾ ਥਾਂ,** true place means the common form of all। **ਮਾਨਿ–ਮਨਨ ਕਰਨ ਨਾਲ,** believing। **ਨ ਫੀਟੈ–ਵਿਗੜਦਾ ਨਹੀ,** never ruins।

ਇਹ ਜੀਵ ਤੇਰੇ ਸਰੂਪ ਤੋਂ ਵਿਹੂਣਾ ਹੋਇਆ ਥਰ ਥਰ ਕੰਬਦਾ ਹੈ। ਇਸ ਜੀਵ ਨੂੰ ਆਦਰ ਦੇਣ ਵਾਲਾ ਇਕ ਸੱਚਾ ਥਾਂ ਤੂੰ ਹੀ ਹੈ। ਤੈਨੂੰ ਮੰਨਣ ਕਰਕੇ ਇਸ ਜੀਵ ਦਾ ਕੋਈ ਵੀ ਕੰਮ ਵਿਗੜਦਾ ਨਹੀਂ ਹੈ।

This jeev is empty (without) from your existence form (Sarup) therefore greatly trembles (kempe – shiver) means that jeev losses balance in life without Almighty.

Dear Almighty you are the only true place for this jeev's honour by accepting you (Almighty) none of the jeev's mission fails.

ਥਿਰੁ ਨਾਰਾਇਣੁ , ਥਿਰੁ ਗੁਰੂ ; ਥਿਰੁ ਸਾਚਾ ਬੀਚਾਰੁ ॥
ਸੁਰਿ ਨਰ , ਨਾਥਹ ਨਾਥੁ ; ਤੂ ਨਿਧਾਰਾ ਆਧਾਰੁ ॥

ਪਦ ਅਰਥ:- ਥਿਰੁ–ਸਦਾ ਥਿਰ ਰਹਿਣ ਵਾਲਾ, ਅਟੱਲ, permenant, forever। **ਨਾਰਾਇਣੁ–ਨਾਰ+ਆਇਣੁ ਭਾਵ ਮਨੁਖਾਂ ਦਾ ਘਰ,** the house of mankind। **ਸੁਰਿ–ਦੇਵਤੇ,** deities। **ਨਾਥਹ ਨਾਥੁ–ਨਾਥਾਂ ਦਾ ਵੀ ਖਸਮ,** the Master of all masters। **ਨਿਧਾਰਾ–ਬੇਆਸਰਿਆ,** the ones without support। **ਆਧਾਰੁ– ਆਸਰਾ,** support।

ਹੇ ਨਰਾਇਣ! ਤੂੰ ਸਦਾ ਥਿਰ ਹੈ ਜਾਂ ਗੁਰੂ ਥਿਰ ਹੈ। ਜੋ ਗੁਰਾਂ ਦੁਆਰਾ ਵਿਚਾਰ ਕਰਦਾ ਹੈ, ਉਹ ਵੀ ਥਿਰ ਹੈ। ਦੇਵਤਿਆ, ਮਨੁੱਖਾਂ ਤੇ ਨਾਥਾਂ ਦਾ ਵੀ ਤੂੰ ਹੀ ਨਾਥ ਹੈਂ ਅਤੇ ਤੂੰ ਹੀ ਨਿਆਸਰਿਆ ਦਾ ਆਸਰਾ ਹੈਂ।

Dear Almighty, you are ever permenant (Ther) and Guru is permenant and one who contemplates through Guru remains permenant as well.

The deities (Sur), human (Nar) and master (Nath), Almighty is the Master of all Masters and support for the ones without support.

ਸਰਬੇ ਥਾਨ ਥਨੰਤਰੀ ; ਤੂ ਦਾਤਾ ਦਾਤਾਰੁ ॥
ਜਹ ਦੇਖਾ ਤਹ ਏਕੁ ਤੂ ; ਅੰਤੁ ਨ ਪਾਰਾਵਾਰੁ ॥

ਪਦ ਅਰਥ:- ਸਰਬੇ-ਸਭ, all, entire। **ਥਾਨ-**place। **ਥਨੰਤਰੀ-ਥਨ+ਅੰਤਰੀ ਭਾਵ ਥਾਂ ਵਿੱਚ ਰਹਿਨ ਵਾਲਾ,** resident। **ਪਾਰਾਵਾਰੁ-ਪਾਰ ਉਰਵਾਰ, ਜਿਸ ਦਾ ਉਰਲਾ ਪਾਰਲਾ ਬੰਨਾ ਨਾ ਲੱਭਿਆ ਜਾ ਸਕੇ,** beyond shores means endless।

ਸਾਰੇ ਥਾਵਾਂ ਤੇ ਅਤੇ ਜੋ ਉਸ ਥਾਵਾਂ ਤੇ ਰਹਿੰਦੇ ਹਨ, ਸਭ ਦਾ ਦਾਨ ਦੇਣ ਵਾਲਾ ਤੂੰ ਦਾਤਾ ਹੈਂ। ਮੈਂ ਜਿਥੇ ਵੀ ਵੇਖਦਾ ਹਾਂ, ਉਥੇ ਇਕ ਤੂੰ ਹੀ ਨਜ਼ਰ ਆਉਂਦਾ ਹੈਂ। ਹੇ ਪ੍ਰਮੇਸ਼ਰ ਤੇਰੇ ਪਾਰ ਉਰਵਾਰ ਦਾ ਕੋਈ ਅੰਤ ਨਹੀਂ।

Almighty exists everywhere and within all those who live in those places, Almighty is the generous bestower to the entire universe.

Wherever I look, I only see You (Almighty) there is no end or limit to your greatness this shore and the other side of the shore means Almighty greatness is beyond this world and the next world.

ਥਾਨ ਥਨੰਤਰਿ ਰਵਿ ਰਹਿਆ ; ਗੁਰ ਸਬਦੀ ਵੀਚਾਰਿ ॥
ਅਣਮੰਗਿਆ ਦਾਨੁ ਦੇਵਸੀ ; ਵਡਾ ਅਗਮ ਅਪਾਰੁ ॥੩੪॥

ਪਦ ਅਰਥ:- ਰਵਿ-ਵਿਆਪਕ, immersed within। **ਰਹਿਆ-**remain। **ਵੀਚਾਰਿ-ਵਿਚਾਰ ਦੀ ਰਾਹੀਂ,** through contemplation। **ਅਣਮੰਗਿਆ-ਅਣ+ਮੰਗਿਆ ਭਾਵ ਬਿਨਾ ਮੰਗੇ ਤੋਂ,** without asking। **ਦਾਨੁ-**donation। **ਦੇਵਸੀ-**gives। **ਵਡਾ-**great। **ਅਗਮ-ਮਨ ਦੀ ਪਕੜ ਤੋਂ ਪਰੇ,** beyond the comprehension of the mind। **ਅਪਾਰ-**beyond shores।

ਹੇ ਪ੍ਰਭੂ ! ਤੂੰ ਹਰ ਥਾਂ ਤੇ ਹਰ ਇਕ ਵਿੱਚ ਰਵ ਰਿਹਾ ਹੈਂ, ਗੁਰ ਸ਼ਬਦੀਆਂ ਦਾ ਵਿਚਾਰ ਹੈ, ਤੂੰ ਸਭ ਤੋਂ ਵੱਡਾ ਹੈ ਅਤੇ ਮਨ ਬਾਣੀ ਦਾ ਅਵਿਸ਼ੇ ਹੈ। ਤੇਰਾ ਕੋਈ ਅੰਤ ਨਹੀਂ ਪਾ ਸਕਦਾ। ਤੂੰ ਬਿਨਾਂ ਮੰਗੇ ਤੋਂ ਹੀ ਤੂੰ ਸਭ ਨੂੰ ਦਾਨ ਦੇਂਦਾ ਹੈਂ ਭਾਵ ਬਿਨਾਂ ਮੰਗੇ ਤੋਂ ਹੀ ਸਭ ਨੂੰ ਖਾਣ ਪਹਿਨਣ ਦਿੰਦਾ ਹੈਂ।

Almighty, your existence are within all, this is the contemplation of Guru's hymn (Shabad).

Almighty, you are beyond mind and speech (Agam) and no one can discover your limit (Apaar – beyond limit), you are the bestower of everything even without one asking (An-mangia) means that Almighty blesses and fulfills all mortals needs such as food, water, air, etc. although if one do not ask for it.

ਦਇਆ ਦਾਨੁ ਦਇਆਲੁ ਤੂ ; ਕਰਿ ਕਰਿ ਦੇਖਣਹਾਰੁ ॥
ਦਇਆ ਕਰਹਿ ਪ੍ਰਭ ਮੇਲਿ ਲੈਹਿ ; ਖਿਨ ਮਹਿ ਢਾਹਿ ਉਸਾਰਿ ॥

ਪਦ ਅਰਥ:- ਦਇਆ-mercy। **ਦਇਆਲੁ-ਦਇ+ਆਲ ਭਾਵ ਦਇਆ ਦਾ ਘਰ,** house of mercy। **ਕਰਿ-ਕਰ,** create। **ਕਰਿ-ਕਰਕੇ,** after creating। **ਦੇਖਣਹਾਰ-ਗੇਖਣ+ਹਾਰ ਭਾਵ ਦੇਖਣ ਵਾਲਾ,** the observer। **ਮੇਲਿ**-unites। **ਖਿਨ**-instantly। **ਮਹਿ**-within। **ਢਾਹਿ-ਢਾਹ ਕੇ,** destruct। **ਉਸਾਰਿ-ਉਸਾਰਨ ਵਾਲਾ ਹੈਂ,** construct।

ਹੇ ਦਿਆਲ ਪ੍ਰਭੂ! ਤੂੰ ਆਪਣੀ ਦਇਆ ਕਰਕੇ ਨਾਮ ਦਾਨ ਦੇਹ। ਤੂੰ ਹੀਂ ਜੀਆ ਦੀ ਉਤਪਤੀ ਕਰਕੇ ਇਹਨਾਂ ਦੇ ਕਰਮਾਂ ਨੂੰ ਦੇਖਣਹਾਰਾ ਹੈ। ਜਿਸ ਉੱਤੇ ਤੂੰ ਦਇਆ ਕਰਦਾ ਹੈਂ, ਉਸ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ। ਹੇ ਸਮਰੱਥ ! ਤੂੰ ਇਕ ਪਲ ਵਿੱਚ ਢਾਹ ਕੇ ਉਸਾਰ ਲੈਂਦਾ ਹੈਂ।

Dear House of Mercy, please be merciful and bless me (jeev) a gift of your (Almighty) name, you are the creator and you then oversee all the deeds of your creation (beings).

Upon whomever you shower your mercy, you unite them in your true form, Dear Capable (Samrath) you are able to destroy and construct in split of an eye.

ਦਾਨਾ ਤੂ ਬੀਨਾ ਤੁਹੀ ; ਦਾਨਾ ਕੈ ਸਿਰਿ ਦਾਨੁ ॥
ਦਾਲਦ ਭੰਜਨ ਦੁਖ ਦਲਣ ; ਗੁਰਮੁਖਿ ਗਿਆਨੁ ਧਿਆਨੁ ॥੩੫॥

ਪਦ ਅਰਥ:- ਦਾਨਾ-ਦਾਨ ਦੇਨ ਵਾਲਾ, ਦਾਤਾ, donor। **ਬੀਨਾ-ਦੇਖਨ ਵਾਲਾ,** observer। **ਸਿਰਿ-ਸਿਰ ਉਤੇ ਭਾਵ ਸ੍ਰੇਸ਼ਟ,** supreme। **ਦਾਲਦ-ਦਲਿਦਰ, ਗਰੀਬੀ,** poverty। **ਭੰਜਨ-ਭੰਨਣ ਵਾਲਾ,** perisher, destroyer। **ਦੁਖ**-pain। **ਦਲਣ—ਨਾਸ ਕਰਨ ਵਾਲਾ,** smasher। **ਗਿਆਨੁ-ਆਤਮਕ ਗਿਆਨ,** wisdom, enlightment। **ਧਿਆਨ**-concentration।

ਦਾਨਾ ਵੀ ਤੂੰ ਹੀ ਹੈਂ ਅਤੇ ਦੇਖਣ ਵਾਲਾ ਵੀ ਤੂੰ ਹੀਂ ਹੈਂ। ਦਾਨੀਓ ਦੇ ਸਿਰ ਦਾਨ ਦੇਣ ਵਾਲਾ ਤੂੰ ਦਾਤਾ ਹੈਂ। ਦਲਿਦ੍ਰ ਨੂੰ ਭੰਨਣ (ਭੰਜਨ) ਵਾਲਾ ਭਾਵ ਦੁਖਾਂ ਨੂੰ ਦਲਨ ਹਾਰ ਵੀ ਤੂੰ ਹੀ ਹੈਂ। ਗਿਆਨ ਕਰਕੇ ਗੁਰਮੁਖਾਂ ਦਾ ਤੁਹਾਡੇ ਵਿੱਚ ਧਿਆਨ ਲਗਦਾ ਹੈ॥੩੫॥

You (Almighty) are the donor (Dana), you are the observer (Bina) and the supreme donor to all other donors.

You (Almighty) are the destroyer of poverty and the smasher of pains, through knowledge You bless one to be agreeable to your true existence and focus his/her concentrations on you.

ਧਨਿ ਗਇਐ ਬਹਿ ਝੂਰੀਐ ; ਧਨ ਮਹਿ ਚੀਤੁ ਗਵਾਰ ॥
ਧਨੁ ਵਿਰਲੀ ਸਚੁ ਸੰਚਿਆ ; ਨਿਰਮਲੁ ਨਾਮੁ ਪਿਆਰਿ ॥

ਪਦ ਅਰਥ:- ਧਨਿ–wealth। **ਗਇਐ–ਚਲਾ ਜਾਵੇ,** gone। **ਝੂਰੀਐ–ਝੁਰੀਦਾ ਹੈ,** grieves , afflicts। **ਚੀਤੁ–ਚਿੱਤ,** interest, attachment। **ਗਵਾਰ**–fools। **ਵਿਰਲੀ–ਵਿਰਲਿਆ ਨੇ,** rare। **ਸਚੁ**–truth। **ਸੰਚਿਆ–ਇਕੱਠਾ ਕੀਤਾ,** accumulate, collect।

ਜਿਸ ਧਨ ਦੇ ਚਲੇ ਜਾਣ ਤੇ ਬੈਠ ਕੇ ਝੁਰੀਦਾ ਹੈ, ਉਸ ਧਨ ਵਿੱਚ ਗਵਾਰ ਦਾ ਚਿੱਤ ਲੱਗ ਰਿਹਾ ਹੈ, ਇਸ ਤੋਂ ਰਹਿਤ ਹੋ ਕੇ ਉਸ ਪ੍ਰਮੇਸ਼ਰ ਦਾ ਨਿਰਮਲ ਅਤੇ ਸੱਚਾ ਧਨ ਜੋ ਨਾਮ ਹੈ, ਇਸ ਨੂੰ ਥੋੜੇ ਪੁਰਸ਼ਾਂ ਨੇ ਪਿਆਰ ਕਰਕੇ ਇਕੱਠਾ ਕੀਤਾ ਹੈ, ਭਾਵ ਆਪਣੇ ਹਿਰਦੇ ਅੰਦਰ ਧਾਰਿਆ ਹੈ।

Wealth, for losing which one grieves while sitting at home (means one is unable to do anything else) only the fools attaches their mind with such wealth.

Only very rare ones have loved Almighty whole heartedly without any wealth influences and collected Almighty's Name as the true wealth in their heart.

ਧਨੁ ਗਇਆ ਤਾ ਜਾਣ ਦੇਹਿ ; ਜੇ ਰਾਚਹਿ ਰੰਗਿ ਏਕ ॥
ਮਨੁ ਦੀਜੈ ਸਿਰੁ ਸਉਪੀਐ ; ਭੀ ਕਰਤੇ ਕੀ ਟੇਕ ॥

ਪਦ ਅਰਥ:- ਧਨੁ–wealth। **ਗਇਆ**–gone। **ਤਾ ਜਾਣ ਦੇਹਿ**–let it go। **ਰਾਚਹਿ–ਰਚ ਜਾਵੇ,** immersed। **ਰੰਗਿ ਏਕ–ਇਕ ਵਾਹਿਗੁਰੂ ਦੇ ਰੰਗ (ਪ੍ਰੇਮ) ਵਿੱਚ,** for the sake of Almighty's love। **ਸਿਰੁ**–head means everything। **ਸਉਪੀਐ–ਸੌਂਪ ਦੇ,** surrender। **ਭੀ**–even then। **ਕਰਤੇ**–creators। **ਟੇਕ–ਆਸਰਾ, ਸ਼ਰਨ,** support, sanctuary।

ਜੇ ਇਕ ਵਾਹਿਗੁਰੂ ਦੇ ਪ੍ਰੇਮ ਵਿੱਚ ਮਨ ਰਚ ਜਾਵੇ ਅਤੇ ਧਨ ਗਿਆ ਹੈ ਤਾਂ ਜਾਣ ਦੇਹ। ਮਨ ਦੇ ਕੇ ਹੰਤਾ (ਸਿਰੁ) ਵੀ ਸੌਂਪੀਏ ਫੇਰ ਵੀ ਕਰਤੇ ਦੀ ਹੀ ਸਰਨ (ਟੇਕ) ਲਈਏ ਭਾਵ ਤਿਆਗ ਦਾ ਅਭਿਮਾਨ ਨ ਕਰੀਏ।

If our mind is immersed in Almighty's love then if the wealth goes, let it go.

Surrender your (jeev) mind and also pride, by sacrificing everything including self one should still embrace the Almighty's sanctuary means that one should never be proud of the sacrifices made, as it is nothing compare to attaining Almighty.

ਧੰਧਾ ਧਾਵਤ ਰਹਿ ਗਏ ; ਮਨ ਮਹਿ ਸਬਦੁ ਅਨੰਦੁ ॥
ਦੁਰਜਨ ਤੇ ਸਾਜਨ ਭਏ ; ਭੇਟੇ ਗੁਰ ਗੋਵਿੰਦ ॥

ਪਦ ਅਰਥ:- ਧੰਧਾ–worldly affairs, trade। **ਧਾਵਤ–ਦਦੌੜਨਾ,** striving। **ਰਹਿ**–give-up, abandon। **ਦੁਰਜਨ–ਦੁਸ਼ਟ ਜਨ,** enemies। **ਤੇ**–from। **ਸਾਜਨ**–friend। **ਭਏ**–became। **ਭੇਟੇ–ਮਿਲੇ,** met। **ਗੋਵਿੰਦ–ਗੋ+ਵਿੰਦ ਭਾਵ ਸ਼ੰਸਾਰ ਨੂੰ ਪਾਲਣ ਵਾਲਾ,** the univesal sustainer, **ਗੁਰਬਾਣੀ ਕਰਕੇ ਲਭਿਆ ਜਾਵੇ (ਵਿੰਦ),** the One who can be found through Gurbani ।

ਜਿਸ ਵੇਲੇ ਮਨ ਵਿੱਚ ਗੁਰ ਸ਼ਬਦ ਦਾ ਅਨੰਦ ਪ੍ਰਾਪਤ ਹੋਇਆ ਅਤੇ ਪੂਜਾ ਰੂਪ ਪ੍ਰਮੇਸ਼ਰ ਨੂੰ ਮਿਲੇ ਤਦ ਸਭ ਧੰਧੇ ਵੱਲ ਦੌੜਣ ਤੋਂ ਰਹਿਤ ਹੋ ਗਏ । ਜੋ ਦੁਸ਼ਮਣ ਸੀ ਉਹ ਵੀ ਸੱਜਣ ਹੋ ਗਏ।

When the bliss of hymn (shabad) is experienced, since then the chase towards worldly affairs and trades ended.

All the enemies become beloved friends since the Almighty is seen within all.

Guru Ji explains that the most blissful act in this world is to read, listen, believe and practice Gurbani. Thereafter one sees Almighty as the form of life within all; which ends the differences created by the mind between the creations.

ਬਨੁ ਬਨੁ ਫਿਰਤੀ ਢੂਢਤੀ ; ਬਸਤੁ ਰਹੀ ਘਰਿ ਬਾਰਿ ॥
ਸਤਿਗੁਰਿ ਮੇਲੀ ਮਿਲਿ ਰਹੀ ; ਜਨਮ ਮਰਣ ਦੁਖੁ ਨਿਵਾਰਿ ॥੩੬॥

ਪਦ ਅਰਥ:- ਬਨੁ–ਜੰਗਲ, forest। **ਫਿਰਤੀ**–roam, wander। **ਢੂਢਤੀ–ਲੱਭਦੀ,** search। **ਬਸਤੁ**–material here it means real-self। **ਰਹੀ**–remained। **ਘਰਿ–ਘਰ ਵਿੱਚ ਭਾਵ ਅੰਤਹਕਰਨ,** home here it means Antahkaran (fourfold mind)। **ਬਾਰਿ–ਵਿੱਚ,** inside। **ਮੇਲੀ–ਮੇਲਨ ਵਾਲਾ,** the one who unites। **ਮਿਲਿ**–unite। **ਨਿਵਾਰ–ਨਿਵਰਤ,** taken away, perish।

ਅੱਗੇ ਤਾਂ ਬੁੱਧੀ ਜੰਗਲ ਜੰਗਲ ਵਿੱਚ ਲੱਭਦੀ ਫਿਰਦੀ ਸੀ ਅਤੇ ਅੰਤਹਕਰਨ ਵਿੱਚ ਆਤਮ ਵਸਤੂ ਰਹਿ ਗਈ। ਜਿਸ ਦੀ ਬੁੱਧੀ ਸਤਿਗੁਰੂ ਜੀ ਨੇ ਮੇਲੀ ਹੈ, ਉਹਨਾਂ ਦੀ ਮਿਲ ਰਹੀ ਹੈ। ਉਸ ਦਾ ਫਲ ਕੀ ਹੋਇਆ ਜੋ ਜਨਮ ਮਰਨ ਦਾ ਦੁੱਖ ਸੀ, ਉਹ ਮਿਟ ਗਿਆ॥੩੬॥

Previously the intellect were roaming in forest (uncultivated places) searching for Almighty whereas in reality Almighty was all the while within Antahkaran.

The True Guru has united the intellect and Almighty thereafter the pains of birth and death ended.

ਨਾਨਾ ਕਰਤ ਨ ਛੂਟੀਐ ; ਵਿਣੁ ਗੁਣ ਜਮ ਪੁਰਿ ਜਾਹਿ ॥
ਨਾ ਤਿਸੁ ਏਹੁ ਨ ਓਹੁ ਹੈ ; ਅਵਗੁਣਿ ਫਿਰਿ ਪਛੁਤਾਹਿ ॥

ਪਦ ਅਰਥ:- ਨਾਨਾ–ਅਨੇਕਾ ਕਰਮ, plenty types। **ਕਰਤ–ਕਰਦੇ ਹੋਏ,** while doing। **ਛੂਟੀਐ–** escape, release। **ਵਿਣੁ–**without। **ਗੁਣ–**virtues। **ਜਮ ਪੁਰਿ–ਜਮ ਦੀ ਪੁਰੀ ਵਿੱਚ,** hell। **ਜਾਹਿ–ਜਾਂਦੇ ਹਨ,** going। **ਨਾ–**not। **ਤਿਸੁ–**that। **ਏਹੁ–**this। **ਅਵਗੁਣਿ–**demerit, vices। **ਫਿਰਿ–**then। **ਪਛੁਤਾਹਿ–**regrat।

ਅਨੇਕਾਂ ਪ੍ਰਕਾਰ ਦੇ ਕਰਮ ਕਰਦਿਆ ਜਨਮ ਮਰਨ ਤੋਂ ਛੁਟਕਾਰਾ ਨਹੀ ਹੋ ਸਕਦਾ। ਬਿਨਾਂ ਗਿਆਨ ਗੁਣ ਤੋਂ ਜਮਪੁਰੀ ਹੀ ਜਾਣਾ ਪੈਂਦਾ ਹੈ। ਔਗੁਣ ਧਾਰਨ ਕਰਕੇ ਜੀਵ ਬਹੁਤ ਪਛਤਾਉਂਦਾ ਹੈ। ਉਸ ਜੀਵ ਦਾ ਨਾ ਇਹ ਲੋਕ ਸਵਰਿਆ ਹੈ ਅਤੇ ਨਾ ਹੀ ਪ੍ਰਲੋਕ ਸਵਰਿਆ ਹੈ, ਭਾਵ ਇਸ ਜੀਵ ਨੂੰ ਨਾ ਤਾਂ ਇਹ ਸੰਸਾਰ ਰੂਪੀ ਮਾਇਆ ਮਿਲੀ ਅਤੇ ਨਾ ਹੀ ਪ੍ਰਮੇਸ਼ਰ ਮਿਲਿਆ।

While performing various types of deeds, one does not attain salvation and without knowledge and virtues (merits) one is assigned to hell.

Upon adopting demerits (Augun) one regrets because one has not rectified (adorn) this world and next world (after death) as well.

ਨਾ ਤਿਸੁ ਗਿਆਨੁ ਨ ਧਿਆਨੁ ਹੈ ; ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ ; ਕਿਆ ਜਾਣਾ ਅਭਿਮਾਨੁ ॥

ਪਦ ਅਰਥ:- ਧਿਆਨੁ–ਉੱਚੀ ਸੁਰਤ, concentration। **ਕਹਾ–ਕਿਥੇ?,** where?। **ਅਭਿਮਾਨੁ–** ego, pride।

ਨਾਹੀਂ ਇਸ ਨੂੰ ਗਿਆਨ ਪ੍ਰਾਪਤ ਹੋਇਆ ਨਾ ਇਸ ਦਾ ਵਾਹਿਗੁਰੂ ਵਿੱਚ ਧਿਆਨ ਹੀ ਲੱਗਾ। ਨਾ ਇਸ ਦਾ ਧਰਮ ਕਮਉਣ ਵਿੱਚ ਹੀ ਧਿਆਨ ਲੱਗਾ। ਇਹ ਜੀਵ ਨਾਮ ਜਪੇ ਬਿਨਾ ਨਿਰਭੈਤਾ ਨੂੰ ਕਿਵੇਂ ਪ੍ਰਾਪਤ ਹੋਵੇਗਾ ਅਤੇ ਕੀ ਜਾਣੀਏ ਇਸ ਜੀਵ ਦਾ ਅਭਿਮਾਨ ਕਰਕੇ ਪ੍ਰਲੋਕ ਵਿੱਚ ਕੀ ਹਾਲ ਹੋਵੇਗਾ।

ਜਗਿਆਸੂ ਦੀ ਦ੍ਰਿਸਟ ਦਿਖਾਉਂਦੇ ਹਨ:-

Nor one has obtain knowledge neither concentration in Almighty and nor focus on practicing the religious deeds (Note: The religious deeds which emphasizes the recitation of Almighty’s Name).

Without reciting Almighty’s Name, how can ever this jeev attain fearless state and who knows what will happen to this being (jeev) in the next world means the next world becomes painful due to the remaining residue ego.

Guru Ji in the next line describes the vision of a disciple;

ਥਾਕਿ ਰਹੀ ਕਿਵ ਅਪੜਾ ; ਹਾਥ ਨਹੀ ਨਾ ਪਾਰੁ ॥
ਨਾ ਸਾਜਨ ਸੇ ਰੰਗੁਲੇ ; ਕਿਸੁ ਪਹਿ ਕਰੀ ਪੁਕਾਰ ॥

ਪਦ ਅਰਥ:- ਥਾਕਿ–tired, fatigue। **ਅਪੜਾ–ਪਹੁੰਚਨਾ,** reach। **ਹਾਥ–ਥਾਹ,** vastness । **ਰੰਗੁਲੇ–ਰੰਗੇ ਹੋਏ, ਪ੍ਰਭੂ ਦੇ ਪਿਆਰ ਵਿੱਚ ਰੰਗੇ ਹੋਏ,** immersed in Almighty's love। **ਪੁਕਾਰ**–plead, appeal।

ਅਨੇਕਾ ਕਰਮ ਕਰਦੀ ਹੋਈ ਇਹ ਬੁੱਧੀ ਥੱਕ ਗਈ ਹੈ। ਉਸ ਪ੍ਰਮੇਸ਼ਰ ਤੱਕ ਕਿਸ ਤਰ੍ਹਾਂ ਪਹੁੰਚਾਂ। ਇਸ ਸੰਸਾਰ ਸਮੁੰਦਰ ਦੀ ਕੋਈ ਥਾਹ ਨਹੀ ਹੈ ਅਤੇ ਪਾਰ ਰੂਪ ਆਪਣਾ ਸਰੂਪ ਨਜ਼ਰ ਨਹੀਂ ਆਉਂਦਾ ਹੈ। ਨਾ ਸੰਤ ਜਨ ਮੈਨੂੰ ਪ੍ਰਾਪਤ ਹੋਏ ਹਨ ਜੋ ਪ੍ਰੇਮੀ ਹਨ। ਇਸ ਕਰਕੇ ਮੈਂ ਕਿਸ ਅੱਗੇ ਪੁਕਾਰ ਕਰਾਂ।

The intellect is being tired performing various deeds, by which method shall I (jeev) attain Almighty as there is no shore of the materialistic worldly ocean and then my real-self is not visible.

Neither have I obtained the saints who are Almighty lovers therefore before whom shall I plead for help.

ਨਾਨਕ ਪ੍ਰਿਉ ਪ੍ਰਿਉ ਜੇ ਕਰੀ ; ਮੇਲੇ ਮੇਲਣਹਾਰੁ ॥
ਜਿਨਿ ਵਿਛੋੜੀ ਸੋ ਮੇਲਸੀ ; ਗੁਰ ਕੈ ਹੇਤਿ ਅਪਾਰਿ ॥੩੭॥

ਪਦ ਅਰਥ:- ਪ੍ਰਿਉ–ਪਿਆਰਾ ਪ੍ਰਭੂ ਪਤੀ, ਪਤੀ ਪ੍ਰਮੇਸ਼ਰ, beloved groom (Almighty)। **ਮੇਲਣਹਾਰੁ–ਜੋ ਮੇਲਣ ਨੂੰ ਸਮਰੱਥ ਹੈ,** the one who unites। **ਜਿਨਿ–ਜਿਸ ਨੇ,** whom। **ਵਿਛੋੜੀ**–separates। **ਮੇਲਸੀ**–unites। **ਹੇਤਿ– ਪਿਆਰ,** love। **ਅਪਾਰਿ–ਬੇਅੰਤ,** beyond।

ਗੁਰੂ ਜੀ ਕਹਿੰਦੇ ਹਨ, ਕਿ ਪਤੀ ਪਤੀ ਜੇ ਕਹੀਏ ਤਾਂ ਪਰਮੇਸਰ (ਮੇਲਣਹਾਰੁ) ਮੇਲੇਗਾ। ਜਿਸਨੇ ਇਹ ਜੀਵ ਰੂਪ ਇਸਤਰੀ ਪਾਪ ਕਰਨ ਕਰਕੇ ਵਿਛੋੜੀ ਹੈ, ਉਹ ਵਿਛੋੜਨਹਾਰ ਹੀ ਕ੍ਰਿਪਾ ਦ੍ਰਿਸਟੀ ਨਾਲ ਗੁਰਾਂ ਵਿੱਚ ਅਪਾਰ ਪ੍ਰੇਮ (ਹੇਤਿ) ਦੇ ਕੇ ਮੇਲੇਗਾ॥੩੭॥

Guru Ji says that Almighty will surely reunite if we continuously utter Husband, Husband (Perio, Perio).

The jeev (being) form of wife is separated by Almighty because of committing sins therefore the jeev can only be reunited by the grace vision of the separator (Almighty) through the utmost love in Guru.

ਪਾਪੁ ਬੁਰਾ ; ਪਾਪੀ ਕਉ ਪਿਆਰਾ ॥
ਪਾਪਿ ਲਦੇ ; ਪਾਪੇ ਪਾਸਾਰਾ ॥

ਪਦ ਅਰਥ:- ਪਾਪੁ–sin। **ਬੁਰਾ–ਮਾੜਾ ਹੈ,** bad। **ਪਾਪੀ**–sinner। **ਪਿਆਰਾ**–lovely। **ਲਦੇ**–load, accumulate। **ਪਾਸਾਰਾ**–spreads, broaden।

ਪਾਪ ਬੁਰਾ ਹੈ, ਫਿਰ ਵੀ ਪਾਪੀ ਨੂੰ ਪਿਆਰਾ ਲਗਦਾ ਹੈ ਅਤੇ ਪਾਪ ਲੱਦਦਾ ਹੈ, ਭਾਵ ਇਕੱਠੇ ਕਰਦਾ ਹੈ ਅਤੇ ਅੱਗੋ ਹੋਰਨਾਂ ਤੋਂ ਵੀ ਪਾਪ ਦਾ ਵਾਧਾ ਵਧਾਉਂਦਾ ਹੈ।

Sin is bad even then it is lovely to a sinner.

In this manner the sin is loaded on the jeev means one accumulate sins and broaden the sins further through other as well.

Sin is evil, but it is sweet unto the sinner. He loads sins and through sin he makes ostentation.

ਪਰਹਰਿ ਪਾਪੁ ; ਪਛਾਣੈ ਆਪੁ ॥
ਨਾ ਤਿਸੁ ; ਸੋਗੁ ਵਿਜੋਗੁ ਸੰਤਾਪੁ ॥

ਪਦ ਅਰਥ:- ਪਰਹਿਰ–ਤਿਆਗ ਕੇ, abandon। **ਆਪੁ–ਆਪਣੇ ਆਪ ਨੂੰ,** real-self। **ਸੋਗੁ**–sadness, sorrow। **ਵਿਜੋਗੁ–ਵਿਛੋੜਾ,** separation। **ਸੰਤਾਪੁ–ਦੁੱਖ,** sorrow।

ਜੇਕਰ ਪਾਪਾਂ ਨੂੰ ਤਿਆਗ ਕੇ, ਆਪਣੇ ਆਪ ਨੂੰ ਪਛਾਣੇ ਤਾਂ ਇਸ ਨੂੰ ਨਾ ਵਿਜੋਗ ਦਾ ਦੁੱਖ ਹੋਵੇਗਾ, ਨਾ ਹੀ ਇਸ ਦੇ ਸਰੀਰ ਨੂੰ ਦੁੱਖ ਹੋਵੇਗਾ।

If one recognizes himself (or herself) by abandoning sins;

One shall never have the sorrow of separation (with Almighty) neither one will have any physical body pains.

ਨਰਕਿ ਪੜੰਤਉ ਕਿਉ ਰਹੈ ; ਕਿਉ ਬੰਚੈ ਜਮਕਾਲੁ ॥
ਕਿਉ ਆਵਣ ਜਾਣਾ ਵੀਸਰੈ ; ਝੂਠੁ ਬੁਰਾ ਖੈ ਕਾਲੁ ॥

ਪਦ ਅਰਥ:- ਨਰਕਿ–hell। **ਪੜੰਤਉ–ਵਿੱਚ ਪੈਣ ਤੋਂ,** falling into hell। **ਬੰਚੈ–** saved। **ਜਮਕਾਲੁ**–angels of death। **ਖੈ–ਨਾਸ,** destroyed।

ਇਹ ਜੀਵ ਨਰਕ ਵਿੱਚ ਪੈਣ ਤੋਂ ਕਿਵੇਂ ਰਹੇ, ਇਸ ਕਿਸ ਤਰ੍ਹਾਂ ਜਮ ਕਾਲ ਕਰਤਾ ਤੋਂ ਬਚੇ ਅਤੇ ਕਿਸ ਤਰ੍ਹਾਂ ਇਸ ਦਾ ਆਵਣ ਜਾਵਣ ਹਟੇ। ਝੂਠ ਜੋ ਬੁਰਾ ਹੈ, ਉਸ ਨੂੰ ਜੀਵ ਧਾਰਦਾ ਹੈ। ਇਸ ਕਰਕੇ ਹੀ ਕਾਲ ਇਸ ਦਾ ਨਾਸ (ਖੈ) ਕਰਦਾ ਹੈ।

How can this jeev be spared from falling into the hell and can jeev be saved from the angel of death who kills.

How would the birth (arrive) and death (depart) be separated from this jeev means birth and death end, the false which is accepted by this jeev is the cause for jeev to be vanished by the angel of death.

ਮਨੁ ਜੰਜਾਲੀ ਵੇੜਿਆ ; ਭੀ ਜੰਜਾਲਾ ਮਾਹਿ ॥
ਵਿਣੁ ਨਾਵੈ ਕਿਉ ਛੂਟੀਐ ; ਪਾਪੇ ਪਚਹਿ ਪਚਾਹਿ ॥੩੮॥

ਪਦ ਅਰਥ:- ਜੰਜਾਲੀ–ਜੰਜਾਲਾ ਵਿੱਚ, entanglement। **ਵੇੜਿਆ–ਫਸਿਆ ਹੋਇਆ, ਵਲ੍ਹੇਟਿਆ ਹੋਇਆ,** captured tightly। **ਪਚਹਿ–ਸੜਦਾ ਹੈ, ਖਰਾਬ ਹੁੰਦਾ ਹੈ,** suffer। **ਪਚਾਹਿ–ਹੋਰਾ ਨੂੰ ਵੀ ਖਰਾਬ ਕਰਦਾ ਹੈ,** make others suffer।

ਇਹ ਜੀਵ ਜੰਜਾਲਾ ਵਿੱਚ ਵੜਿਆ ਹੋਇਆ ਫਸਿਆ ਹੈ, ਫਿਰ ਵੀ ਜੰਜਾਲਾਂ ਵਿੱਚ ਹੀ ਪੈਂਦਾ ਹੈ। ਨਾਮ ਤੋਂ ਬਿਨਾ ਕਿਸ ਤਰ੍ਹਾਂ ਛੁਟਕਾਰਾ ਹੋਵੇ। ਆਪ ਪਾਪਾਂ ਵਿੱਚ ਖਰਾਬ ਹੁੰਦਾ ਹੈ ਤੇ ਸੰਗੀਆਂ ਨੂੰ ਵੀ ਖਰਾਬ ਕਰਦਾ ਹੈ॥੩੮॥

Although this jeev is entangled tightly in worldly affairs but still prefers to engross further into more worldly entanglements;

Without Almighty’s name how will ever the jeev be free from worldly entanglements and keeps on engrossing in sins further more engrosses his (or her) associates in sins as well.

ਫਿਰਿ ਫਿਰਿ ; ਫਾਹੀ ਫਾਸੈ ਕਉਆ ॥
ਫਿਰਿ ਪਛੁਤਾਨਾ ; ਅਬ ਕਿਆ ਹੂਆ ॥

ਪਦ ਅਰਥ:- ਫਿਰਿ–again। **ਫਾਹੀ**–noose। **ਫਾਸੈ**–trapped। **ਕਉਆ–ਕਾਂ, ਮੂਰਖ, ਕਾਲੀਆਂ ਕਰਤੂਤਾਂ ਵਾਲਾ ਮਨੁੱਖ,** crow i.e. sinful person। **ਅਬ**–now।

ਜੀਵ ਰੁਪ ਕਾਂ ਮੁੜ ਮੁੜ ਕੇ ਜਮਾਂ ਦੀ ਫਾਹੀ ਵਿੱਚ ਫਸਦਾ ਹੈ। ਜਦੋਂ ਜਮਾਂ ਵੱਲੋ ਸਜ਼ਾ ਮਿਲਦੀ ਹੈ ਤਾਂ ਫਿਰ ਪਛਤਾਉਂਦਾ ਹੈ, ਤਦ ਜਮਦੂਤ ਕਹਿੰਦੇ ਹਨ, ਹੁਣ ਕੀ ਹੋ ਸਕਦਾ ਹੈ।

This jeev form of crow again and again gets trap into the angel of death's net while roaming in the cycle of birth and death.

Jeev regrets upon being yelled by the angel of death, then the angel of Death says there is nothing can be done now.

ਫਾਥਾ ਚੋਗ ਚੁਗੈ ; ਨਹੀ ਬੂਝੈ ॥
ਸਤਗੁਰੁ ਮਿਲੈ ; ਤ ਆਖੀ ਸੂਝੈ ॥

ਪਦ ਅਰਥ:- ਫਾਥਾ–ਫਸਿਆ ਹੋਇਆ, captivity। **ਚੁਗੈ**–bird food e.g. seeds ।**ਬੂਝੈ–ਸਮਜੈ,** realize।

ਇਸ ਸੰਸਾਰ ਵਿਚ ਐਸਾ ਫਾਹਾ ਹੈ, ਵਿਸ਼ਿਆ ਰੂਪੀ ਚੋਗ ਨੂੰ ਚੁਗਦਾ ਹੋਇਆ ਸਮਝਦਾ ਹੀ ਨਹੀਂ। ਜੇ ਸਤਿਗੁਰਾਂ ਨੂੰ ਮਿਲੇ ਤਾਂ ਬੁੱਧੀ ਰੂਪ ਨੇਤਰਾਂ ਵਿੱਚ ਸੁਝ ਆ ਜਾਵੇ।

The entrapment of the materialistic world is such that while picking up the seeds form of desires one never understands (realize) the truth.

Upon meeting True Guru the eyes form of intellect is opened and one obtains realization of truth.

ਜਿਉ ਮਛੁਲੀ ; ਫਾਥੀ ਜਮ ਜਾਲਿ ॥

ਵਿਣੁ ਗੁਰ ਦਾਤੇ ; ਮੁਕਤਿ ਨ ਭਾਲਿ ॥

ਪਦ ਅਰਥ:- ਜਿਉ–ਜਿਵੇਂ, like। **ਮਛੁਲੀ**–fish। **ਫਾਥੀ–ਫਸੀ ਹੋਈ,** capture। **ਜਾਲਿ**–net। **ਮੁਕਤਿ–ਮੁਕਤੀ,** liberation। **ਭਾਲਿ**–find, expect।

ਇਹ ਜੀਵ ਜਮਾਂ ਦੇ ਜਾਲ ਵਿੱਚ ਇਸ ਤਰ੍ਹਾਂ ਫਸਿਆ ਹੋਇਆ ਹੈ, ਜਿਵੇਂ ਮਛਲੀ ਜਾਲ ਵਿੱਚ ਫਸੀ ਹੋਈ ਹੁੰਦੀ ਹੈ। ਗੁਰੂ ਦਾਤਿਆਂ ਤੋਂ ਬਿਨਾਂ ਮੁਕਤੀ ਨਾ ਭਾਲ, ਭਾਵ ਮੁਕਤੀ ਪ੍ਰਾਪਤ ਨਹੀ ਹੁੰਦੀ ਹੈ।

One is trapped in the angel of death's net just like a fish in a fisherman's fishing net.Without the bestower Guru never search for salvation means that salvation can never be obtained.

ਫਿਰਿ ਫਿਰਿ ਆਵੈ ; ਫਿਰਿ ਫਿਰਿ ਜਾਇ ॥
ਇਕ ਰੰਗਿ ਰਚੈ ; ਰਹੈ ਲਿਵ ਲਾਇ ॥
ਇਵ ਛੂਟੈ ; ਫਿਰਿ ਫਾਸ ਨ ਪਾਇ ॥੩੯॥

ਪਦ ਅਰਥ:- ਇਕ ਰੰਗਿ–ਇਕ ਪ੍ਰਮਾਤਮਾ ਦੇ ਪ੍ਰੇਮ ਵਿੱਚ, one love। **ਰਚੈ–ਸਮਾਏ ਹਨ,** dissolved। **ਲਿਵ–ਬਿਰਤੀ,** concentration। **ਫਾਸ–ਫਾਹੀ,** trap।

ਇਸ ਕਰਕੇ ਜੀਵ ਇਸ ਸੰਸਾਰ ਵਿੱਚ ਵਾਰ ਵਾਰ ਆਉਂਦਾ ਹੈ ਤੇ ਵਾਰ ਵਾਰ ਜਾਂਦਾ ਹੈ, ਭਾਵ ਜੰਮਦਾ ਮਰਦਾ ਰਹਿੰਦਾ ਹੈ। ਇਕ ਦੇ ਪ੍ਰੇਮ ਵਿੱਚ ਜੋ ਰਚੇ ਹਨ, ਉਹ ਬਿਰਤੀ ਨੂੰ ਜੋੜ ਰਹੇ ਹਨ। ਇਸ ਤਰ੍ਹਾਂ ਕਰਕੇ ਜੋ ਵੀ ਛੁੱਟੇ ਹਨ, ਉਹ ਫਿਰ ਜਮਾਂ ਦੀ ਫਾਹੀ ਵਿੱਚ ਨਹੀ ਪੈਂਦੇ॥੩੯॥

Due to the entrapment one comes and goes over and over again means one is in the cycle of birth and death.

One who is immersed in Almighty's love continuously concentrate on Almighty's name.

In this manner one is free from all worldly entrapment and will never have angel of death's noose in the neck

ਬੀਰਾ ਬੀਰਾ ਕਰਿ ਰਹੀ ; ਬੀਰ ਭਏ ਬੈਰਾਇ ॥
ਬੀਰ ਚਲੇ ਘਰਿ ਆਪਣੈ ; ਬਹਿਣ ਬਿਰਹਿ ਜਲਿ ਜਾਇ ॥

ਪਦ ਅਰਥ:- ਬੀਰਾ–ਮੁੜ ਕੇ, again। **ਬੈਰਾਇ–ਬਿਗਾਨੇ, ਓਪਰੇ,** stranger। **ਬਹਿਣ–ਭੈਣ, ਬੁੱਧੀ,** sister। **ਬਿਰਹਿ–ਵਿਛੋੜੇ ਵਿੱਚ,** sad।

ਹੇ ਭਾਈ! ਬੁੱਧੀ ਵਾਰ ਵਾਰ ਪਦਾਰਥਾਂ ਨੂੰ ਚਾਹ ਰਹੀ ਹੈ, ਉਹ ਹੀ ਇਸ ਸਮੇਂ ਉਸ ਦੇ ਵੈਰੀ ਹੋ ਗਏ।

ਜਦ ਪਦਾਰਥ ਆਪਣੇ ਘਰ ਅਰਥਾਤ ਪੁੰਨੀ ਪੁਰਸ਼ਾ ਦੇ ਘਰ ਚਲੇ ਜਾਂਦੇ ਹਨ ਤਦ ਭੈਣ ਜੋ ਪਦਾਰਥਾਂ ਦੀ ਬੁੱਧੀ ਹੈ , ਉਹ ਉਹਨਾਂ ਦੇ ਵਿਛੋੜੇ ਵਿੱਚ ਸੜ ਜਾਂਦੀ ਹੈ।

Intellect utters again (Bira) and again for worldly materials means that wish for worldly materials which is the form of enemy in creating separation between the being (jeev) and Almighty.

When the worldly materials goes back to their home which means when the materials goes to another person with greater merits then the sister which is intellect of materials so burns in the separation of materials.

ਬਾਬੁਲ ਕੈ ਘਰਿ ਬੇਟੜੀ ; ਬਾਲੀ ਬਾਲੈ ਨੇਹਿ ॥
ਜੇ ਲੋੜਹਿ ਵਰੁ ਕਾਮਣੀ ; ਸਤਿਗੁਰੁ ਸੇਵਹਿ ਤੇਹਿ ॥

ਪਦ ਅਰਥ:- ਬਾਬਲ–ਪਿਤਾ (ਰੂਪੀ ਅਗਿਆਨ), father (akin ignorance)। **ਬੇਟੜੀ–ਬੇਟੀ,** daughter। **ਬਾਲੀ–ਜੀਵ ਇਸਤਰੀ,** wife। **ਬਾਲੈ–ਪਦਾਰਥ,** materials। **ਨੇਹਿ–ਪਿਆਰ,** love। **ਜੇ**–if। **ਲੋੜਹਿ–** yearned। **ਵਰੁ–ਪ੍ਰਮੇਸ਼ਰ ਪਤੀ,** husband i.e. Almighty। **ਕਾਮਣੀ– ਇਸਤ੍ਰੀ,** wife। **ਤੇਹਿ–ਹਿਤ,** love।

ਇਹ ਸੰਸਾਰ ਐਸਾ ਹੈ ਜੈਸਾ ਬਾਬੁਲ (ਪੇਕਾ ਘਰ) ਰੂਪੀ ਇਹ ਅਗਿਆਨਤਾ ਦਾ ਘਰ ਹੈ, ਜਿਸ ਵਿੱਚ ਜੀਵ ਰੂਪ ਬੇਟੀ ਹੈ ਅਤੇ ਇਸ ਜੀਵ ਰੂਪ ਬੇਟੀ ਦਾ ਪਦਾਰਥਾਂ ਦੇ ਨਾਲ ਪ੍ਰੇਮ ਹੈ। ਜੋ ਪ੍ਰਮੇਸਰ ਨੂੰ ਜੀਵ ਰੂਪ ਇਸਤਰੀ ਚਾਹੁੰਦੀ ਹੈ ਤਾਂ ਸਤਿਗੁਰਾਂ ਨੂੰ ਪ੍ਰੇਮ ਨਾਲ ਸੇਵੇ।

This world is a form of parental house, which is filled with ignorance, in which the being (jeev) form of daughter dwells with attachment to this worldly materials.

The Almighty groom for whom this jeev form of bride wishes for; the bride should serve the True Guru with utmost love.

ਬਿਰਲੋ ਗਿਆਨੀ ਬੂਝਣਉ ; ਸਤਿਗੁਰੁ ਸਾਚਿ ਮਿਲੇਇ ॥
ਠਾਕੁਰ ਹਾਥਿ ਵਡਾਈਆ ; ਜੈ ਭਾਵੈ ਤੈ ਦੇਇ ॥

ਪਦ ਅਰਥ:- ਬਿਰਲੋ-ਕੋਈ ਵਿਰਲਾ ਹੀ, rare। **ਬੂਝਣਉ-ਸਮਝ ਵਾਲਾ,** the one who makes others to understand। **ਸਾਚਿ-ਸੱਚੇ,** truth। **ਮਿਲੇਇ-ਮਿਲੇ ਹਨ,** meet। **ਵਡਾਈਆ-ਵਡਿਆਈਆਂ,** praise। **ਜੈ-**upon whom। **ਭਾਵੈ-**pleased।

ਕੋਈ ਵਿਰਲਾ ਹੀ ਗਆਨੀ ਸਮਝ ਵਾਲਾ (ਬੂਝਣਉ) ਹੁੰਦਾ ਹੈ, ਧਾਰਨ ਵਾਲੇ ਥੋੜੇ ਹੁੰਦੇ ਹਨ। ਉਹ ਹੀ ਹੁੰਦੇ ਹਨ, ਜਿਸ ਨੂੰ ਸੱਚੇ ਸਤਿਗੁਰੂ ਮਿਲੇ ਹਨ ਪਰ ਇਹ ਵਡਿਆਈਆਂ ਤਾਂ ਪ੍ਰਮੇਸ਼ਰ ਦੇ ਹੱਥ ਵਿੱਚ ਹਨ। ਉਹ ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਦਿੰਦਾ ਹੈ।

Only rare scholar is wise enough to understand the Guru's sermons among them are a few who embraces and practices the sermons in their daily life and they are the fortunate ones who meets the True Guru.

However all the merits are in Almighty's hand, He gives to who ever pleases.

ਬਾਣੀ ਬਿਰਲਉ ਬੀਚਾਰਸੀ ; ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ; ਨਿਜ ਘਰਿ ਵਾਸਾ ਹੋਇ ॥੪੦॥

ਪਦ ਅਰਥ:- ਬਿਰਲਉ-ਵਿਰਲਾ ਹੀ, rare। **ਬੀਚਾਰਸੀ-ਵਿਚਾਰਦਾ ਹੈ,** contemplates। **ਮਹਾ ਪੁਰਖ-ਸਤਿਗੁਰੂ,** Guru Ji। **ਨਿਜ ਘਰਿ-ਆਪਣੇ ਘਰ ਵਿੱਚ ਭਾਵ ਆਤਮ ਸਰੂਪ,** real-self, Atma।

ਗੁਰੂ ਦੇ ਉਪਦੇਸ਼ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ। ਜਿਹੜਾ ਕੋਈ ਵਿਚਾਰਦਾ ਹੈ ਉਹ ਪੁਰਸ਼ ਗੁਰਮੁਖ ਹੁੰਦਾ ਹੈ। ਜੋ ਵੀ ਗੁਰੂ ਦੀ ਬਾਣੀ ਨੂੰ ਧਾਰਨ ਕਰਦਾ ਹੈ, ਉਸ ਦਾ ਸਵੈ (ਨਿਜ) ਸਰੂਪ ਵਿੱਚ ਵਾਸਾ ਹੋ ਜਾਂਦਾ ਹੈ।

ਇਹ ਓਅੰਕਾਰ ਰੂਪ ਜੋ ਬਾਣੀ ਹੈ ਪਰਮ ਪੁਰਖ ਪ੍ਰਮਾਤਮਾ ਦੀ ਹੈ। ਪ੍ਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਇਸ ਬਾਣੀ ਨੂੰ ਵਿਚਾਰਨ ਨਾਲ ਹੀ ਨਿਜ ਘਰ ਵਿੱਚ ਵਾਸਾ ਹੁੰਦਾ ਹੈ॥੪੦॥

Only a rare one contemplates (Vichar) on Guru's preaching (Bani), the person who contemplates is truly a Gurmukh.

This hymn (Bani) belongs to the Greatest Universal Protector (Mahapurakh e.g. True Guru), therefore whoever adopts this Guru's Bani (Hymn) in their mind shall reside in the very own-self meaning one shall immerse in Almighty.

Second Meaning: This hymn is the form of Almighty, which describes Almighty who is the great universal protector, therefore who ever contemplates its principals shall reside in its own-self which is Atma the true form.

ਭਨਿ ਭਨਿ ਘੜੀਐ , ਘੜਿ ਘੜਿ ਭਜੈ ; ਢਾਹਿ ਉਸਾਰੈ , ਉਸਰੇ ਢਾਹੈ ॥

ਪਦ ਅਰਥ:– ਭੰਨ–shatter। **ਘੜੀਐ**– construct। **ਉਸਾਰੈ–ਉਸਾਰਦਾ ਹੈ,** build। **ਉਸਾਰੇ–ਬਣੇ ਹੋਏ,** built।

ਭੰਨ ਭੰਨ ਕੇ ਘੜਦਾ ਹੈ ਅਤੇ ਜੋ ਘਾੜਤ ਉਸ ਨੇ ਘੜੀ ਹੈ, ਉਹ ਉਸ ਪ੍ਰਭੂ ਦੇ ਹੁਕਮ ਵਿੱਚ ਹੀ ਨਸਟ ਹੁੰਦੀ ਹੈ। ਉਹ ਢਠਿਆਂ ਨੂੰ ਉਸਾਰਦਾ ਹੈ ਤੇ ਉਸਰਿਆ ਨੂੰ ਢਾਹੁੰਦਾ ਹੈ।

Almighty destroys, demolishes and creates, the creation which Almighty has created is then destroyed by His command (Hukam); after total destruction He builds and after building He does the destruction again.

ਸਰ ਭਰਿ ਸੋਖੈ , ਭੀ ਭਰਿ ਪੋਖੈ ; ਸਮਰਥ ਵੇਪਰਵਾਹੈ ॥

ਪਦ ਅਰਥ:– ਸਰ–ਸਰੋਵਰ, ਤਲਾਬ, lake, pool। **ਸੋਖੈ–ਸੁਕਾਂਦਾ ਹੈ,** parched। **ਪੋਖੈ–ਨਕਾ ਨਕ ਭਰਦਾ ਹੈ,** completely filled। **ਸਮਰਥ**–omnipotent, all-capable। **ਵੇਪਰਵਾਹੈ**–care-free।

ਤਲਾਬ ਜੋ ਭਰੇ ਹੋਏ ਹਨ, ਉਹਨਾਂ ਨੂੰ ਸੁਕਾਉਂਦਾ ਹੈ ਅਤੇ ਜੋ ਭਰੇ (ਪੋਖੈ) ਹੋਏ ਹਨ ਉਹਨਾਂ ਨੂੰ ਹੋਰ ਵੀ ਨਕਾ ਨਕ ਭਰ ਦਿੰਦਾ ਹੈ।

The Omnipotent (Samrath) and Care-free (Veparvah) Almighty fills the lakes with water then dries them, the ones which are already filled is filled again till the top.

Guru Ji explains that Almighty has infinite gifts as He is able to fill the empty and fill the fullest just as Guru Nanak Dev Ji place a Jasmine (Chambeli) flower on the milk surface contained till the top of a jug. The jug was presented to him in Multan with a message that Multan is contented with Pir (Saint) and He was not required to be there, Guru Ji placed flower to deliver the message that he was there not to take over their place instead to enhance them with the fragrance of Almighty's meditation.

ਭਰਮਿ ਭੁਲਾਨੇ ਭਏ ਦਿਵਾਨੇ ; ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ; ਜਿਨ ਖਿੰਚੈ ਤਿਨ ਜਾਈਐ ॥

ਪਦ ਅਰਥ:- ਭਰਮਿ–ਭਰਮ ਵਿੱਚ, ਵਹਿਮ ਵਿੱਚ, illusion। **ਭੁਲਾਨੇ**–strayed। **ਭਾਗਾ**– destiny। **ਡੋਰੀ**–string। **ਪਕੜੀ**–hold। **ਖਿੰਚੈ–ਖਿਚਦਾ ਹੈ,** pull।

ਭਰਮ ਵਿੱਚ ਭੁੱਲੇ ਹੋਏ ਜੀਵ ਕਮਲੇ (ਦਿਵਾਨੇ) ਹੋ ਗਏ ਹਨ। ਬਿਨਾਂ ਭਾਗਾਂ ਤੋਂ ਇਹ ਕੀ ਵਿਚਾਰ ਪਾ ਸਕਦੇ ਹਨ। ਗੁਰਮੁਖਾਂ ਨੇ ਆਪ ਜਾਣਿਆ ਹੈ, ਕਿ ਪਰਾਰਬਧ ਕਰਮ (ਕਰਮ ਜੋ ਜਨਮ ਦਾ ਕਾਰਨ) ਰੂਪ ਡੋਰੀ ਪ੍ਰਭੂ ਨੇ ਆਪ ਫੜੀ ਹੋਈ ਹੈ, ਭਾਵ ਸਾਰੇ ਜੀਵਾਂ ਦੇ ਕਰਮ ਫਲ ਦਾ ਵਿਧਾਤਾ ਉਹ ਪ੍ਰਮੇਸ਼ਰ ਹੈ। ਉਹ ਜਿਸ ਪਾਸੇ ਨੂੰ ਖਿਚਦਾ ਹੈ, ਉਸ ਪਾਸੇ ਹੀ ਜਾਈਦਾ ਹੈ।

The illusion (bharam) has strayed the jeev (being), which caused this jeev to become crazy in search of power and wealth however without fate what can one attain.

Gurmukh has realized that the string of fated deeds (Pralbad Karam) is in Almighty's hand means that Almighty is the bestower of all the returns of previous deeds therefore towards whoever He pulls the one goes.

ਹਰਿ ਗੁਣ ਗਾਇ , ਸਦਾ ਰੰਗਿ ਰਾਤੇ ; ਬਹੁੜਿ ਨ ਪਛੋਤਾਈਐ ॥

ਪਦ ਅਰਥ:- ਸਦਾ–ਹਮੇਸ਼ਾ, always। **ਬਹੁੜਿ–ਫਿਰ,** subsequently, again। **ਪਛੋਤਾਈਐ**–regret।

ਜੋ ਜੀਵ ਪ੍ਰਭੂ ਦੇ ਗੁਣ ਗਾ ਕੇ ਸਦਾ ਉਸ ਦੇ ਪ੍ਰੇਮ ਦੇ ਰੰਗ ਵਿੱਚ ਰੰਗੇ ਹਨ, ਉਹ ਫਿਰ ਪਛੁਤਾਪ ਨਹੀ ਕਰਦੇ।

The ones who sing Almighty's praises remain in the bliss of Almighty's love therefore they never regret again as attain the contentment in life.

ਭਭੈ , ਭਾਲਹਿ ਗੁਰਮੁਖਿ ਬੂਝਹਿ ; ਤਾ ਨਿਜ ਘਰਿ ਵਾਸਾ ਪਾਈਐ ॥

ਪਦ ਅਰਥ:- ਭਾਲਹਿ–search। **ਨਿਜ ਘਰ**–real-self, Atma। **ਵਾਸਾ**–residential।

ਭਭੇ ਦੁਆਰਾ ਗੁਰੂ ਜੀ ਕਥਨ ਕਰਦੇ ਹਨ, ਕਿ ਜੋ ਸਤਿਗੁਰਾਂ ਨੂੰ ਖੋਜਦੇ ਹਨ, ਉਹ ਗੁਰਮੁਖ ਸਮਝਦੇ ਹਨ। ਜੋ ਸਮਝਦੇ ਹਨ, ਉਹ ਪੁਰਸ਼ ਸਵੈ ਸਰੂਪ (ਨਿਜ ਘਰ) ਵਿੱਚ ਵਾਸਾ ਪਾ ਲੈਂਦੇ ਹਨ।

Through Bheba alphabet Guru Ji says that those who search for the True Guru understand the truth and those who understand the truth immerse in their true-self (Almighty).

ਭਭੈ ਭਉਜਲੁ ਮਾਰਗੁ ਵਿਖੜਾ ; ਆਸ ਨਿਰਾਸਾ ਤਰੀਐ ॥

ਪਦ ਅਰਥ:- ਭਉਜਲੁ–ਸਮੁੰਦਰ, ocean। **ਮਾਰਗੁ–ਰਸਤਾ,** path, route। **ਵਿਖੜਾ–ਕਠਨ,** challenging। **ਆਸ**–hope, wish। **ਨਿਰਾਸਾ**–without hope or wish। **ਤਰੀਐ**–swim।

ਭਭੇ ਦੁਆਰਾ ਕਹਿੰਦੇ ਹਨ, ਕਿ ਸੰਸਾਰ ਸਮੁੰਦਰ ਦਾ ਰਸਤਾ ਬਹੁਤ ਕਠਨ ਹੈ। ਇਹ ਰਸਤਾ ਆਸ ਤੋਂ ਨਿਰਾਸ ਹੋ ਕੇ ਤਰਨਾ ਹੁੰਦਾ ਹੈ ਭਾਵ ਮਾਯਾ ਤੋਂ ਨਿਰਉਸ ਹੋ ਕੇ ਹੀ ਮੁਕਤੀ ਪ੍ਰਾਪਤ ਹੁੰਦੀ ਹੈ।

Through Bheba alphabet Guru Ji says that the route across the materialistic worldly ocean is difficult therefore only those are able to swim across who have attain a state beyond wishes (Niraas).

ਗੁਰਪਰਸਾਦੀ ਆਪੋ ਚੀਨੈ ; ਜੀਵਤਿਆ ਇਵ ਮਰੀਐ ॥੪੧॥

ਪਦ ਅਰਥ:- ਗੁਰਪਰਸਾਦੀ–ਗੁਰੂ ਦੀ ਕਿਰਪਾ ਨਾਲ, Guru's blessing। **ਚੀਨੈ– ਪਛਾਣ,** recognise । **ਜੀਵਤਿਆ**–while living। **ਇਵ–ਇਸ ਤਰ੍ਹਾਂ,** alike।

ਜੇ ਜੀਵ ਗੁਰੂ ਦੀ ਕ੍ਰਿਪਾ ਨਾਲ ਜੀਵਤ ਭਾਵ ਤੋਂ ਮਰੇ ਤਾਂ ਇਸ (ਇਵ) ਤਰ੍ਹਾਂ ਜੀਵ ਆਪਣੇ ਸਵੈ ਸਰੂਪ ਨੂੰ ਪਛਾਣਦਾ ਹੈ। ਫਿਰ ਇਸ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ॥੪੧॥

The ones who have abandoned their sense of living (Jeev Bhav) with Guru's grace; swim across the worldly ocean in this manner.

ਮਾਇਆ ਮਾਇਆ ਕਰਿ ਮੁਏ ; ਮਾਇਆ ਕਿਸੈ ਨ ਸਾਥਿ ॥

ਪਦ ਅਰਥ:- ਮੁਏ–dies। **ਸਾਥਿ**–accompany।

ਮਾਇਆ ਮਾਇਆ ਕਰਦੇ ਸਭ ਮਰ ਗਏ ਪਰ ਮਾਇਆ ਕਿਸੇ ਦੇ ਵੀ ਸਾਥ ਨਹੀ ਗਈ।

All had died uttering mammon (maya) again and again but mammon (maya) never followed along anyone to the next world.

Guru Ji explains the ultimate truth of Maya – Although one may spend all his life in striving for Maya but in the end it all stays behind.

ਹੰਸੁ ਚਲੈ ਉਠਿ ਡੁਮਣੋ ; ਮਾਇਆ ਭੂਲੀ ਆਥਿ ॥

ਪਦ ਅਰਥ:– ਹੰਸ–swan। **ਚਲੈ–**goes। **ਡੁਮਣੋ–ਦੁੱਖੀ, ਦੁਚਿੱਤਾ,** sad। **ਆਥਿ–ਰਹ ਜਾਂਦੀ ਹੈ,** left behind।

ਜਿਸ ਵੇਲੇ ਹੰਸ ਰੂਪੀ ਜੀਵ ਦੁਖੀ ਹੋਇਆ ਉਠ ਕੇ ਚਲਾ ਜਾਂਦਾ ਹੈ ਭਾਵ ਮਰ ਜਾਂਦਾ ਹੈ ਤਾਂ ਮਾਇਆ ਇਥੇ ਹੀ ਜੀਵ ਨੂੰ ਭੁੱਲ ਜਾਂਦੀ ਹੈ, ਭਾਵ ਮਾਇਆ ਇਥੇ ਹੀ ਪਈ ਰਹਿ ਜਾਂਦੀ ਹੈ।

The swan form of the Jeev (being) wakes-up from this life form of sleep and walks away (dies) and mammon (maya) is left behind.

ਮਨੁ ਝੂਠਾ ਜਮਿ ਜੋਹਿਆ ; ਅਵਗੁਣ ਚਲਹਿ ਨਾਲਿ ॥

ਪਦ ਅਰਥ:– ਝੂਠਾ–false। **ਜਮਿ–ਜਮ ਨੇ,** angel of death। **ਜੋਹਿਆ–ਤੱਕਿਆ ਹੈ, ਵੇਖਿਆ ਹੈ,** observed। **ਚਲਹਿ–**goes। **ਨਾਲਿ–**along।

ਜੀਵ ਜੋ ਝੂਠਾ ਹੈ, ਉਹ ਜਮਾਂ ਨੇ ਵੇਖਿਆ (ਜੋਹਿਆ) ਹੈ। ਔਗੁਣ ਇਸ ਦੇ ਨਾਲ ਹੀ ਚਲਦੇ ਹਨ।

The false jeev (being) is monitored by the angel of death and all the demerits go along to the next world.

Note : The false word is used to described the truth that in reality the Jeev or being is self-created from ego (haumai) until one proclaims to be different from Almighty the jeev remains and upon enlightment the jeev vanishes away.

ਮਨ ਮਹਿ ਮਨੁ ਉਲਟੋ ਮਰੈ ; ਜੇ ਗੁਣ ਹੋਵਹਿ ਨਾਲਿ ॥

ਪਦ ਅਰਥ:– ਉਲਟੋ–ਮਾਇਆ ਵੱਲੋ ਉਲਟ ਕੇ, ਪਰਤ ਕੇ, against selfness।

ਜੇਕਰ ਸ਼ੁਭ ਗੁਣ ਜੀਵ ਦੇ ਨਾਲ ਹੋਣ ਤਾਂ ਮਨ ਦਾ ਸੰਕਲਪ ਪਲਟ ਕੇ ਮਨ ਵਿਚ ਹੀ ਮਰ ਜਾਂਦਾ ਹੈ।

If jeev (being) had virtues then the thoughts of the mind shall reversely vanish within the mind itself before the execution of evil deeds.

Note: Mind is created by thoughts, which are self-centered and divine virtues are always in the interest of others so the negative (self-centered) thoughts merges into the positive thoughts therefore the mind desolves.

ਮੇਰੀ ਮੇਰੀ ਕਰਿ ਮੁਏ ; ਵਿਣੁ ਨਾਵੈ ਦੁਖੁ ਭਾਲਿ ॥

ਪਦ ਅਰਥ:- ਨਾਵੈ–ਨਾਮ, true Name। **ਭਾਲਿ–ਪ੍ਰਾਪਤ ਕਰਦੇ ਹਨ,** obtains।

ਮੇਰੀ ਮੇਰੀ ਕਰਦੇ ਜੀਵ ਮਰ ਜਾਂਦੇ ਹਨ ਅਤੇ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਦੁੱਖਾਂ ਨੂੰ ਭਾਲਦੇ ਹਨ, ਭਾਵ ਦੁੱਖਾਂ ਨੂੰ ਪ੍ਰਾਪਤ ਹੋਵਣਗੇ।

While declaring worldly materials as mine one dies and at the end nothing is of use other than Almighty's Name.

Note: The pain of leaving behind the worldly possessions and attachments is one of the greatest. Although the separation of physical attachments occurs after death but the attachment bondage remains with the soul after life. Therefore, Guru Ji says that one should recite Almighty's Name to disengage with the mesmerizing Maya during lifetime.

ਗੜ ਮੰਦਰ ਮਹਲਾ ਕਹਾ ; ਜਿਉ ਬਾਜੀ ਦੀਬਾਣੁ ॥

ਪਦ ਅਰਥ:- ਗੜ–ਕਿਲ੍ਹ, fortresses। **ਮੰਦਰ**–mansions। **ਮਹਲਾ**–palaces। **ਬਾਜੀ–ਮਦਾਰੀ ਦੀ ਖੇਡ,** magician। **ਦੀਬਾਣੁ–ਕਚਹਿਰੀ, ਹਕੂਮਤ,** Durbar।

ਕਿਲ੍ਹੇ, ਮੰਦਰ, ਮਹਿਲ ਪੱਕੇ ਕੀ ਹਨ ਅਤੇ ਇਹ ਕਚਹਿਰੀਆਂ (ਦੀਬਾਣੁ) ਇਸ ਤਰ੍ਹਾਂ ਹਨ, ਜਿਵੇਂ ਬਾਜੀਗਰ ਦੀ ਬਾਜੀ ਹੈ, ਭਾਵ ਸਭ ਕੁਝ ਦਿਖਾਵੇ ਮਾਤਰ ਹੀ ਮਿਥਿਆ ਹੈ।

What are the fortresses, mansions, palaces and courts, they are nothing but a temporary building just like the one build on a stage for a drama means that all these buildings are constructed for a show during lifetime and vanishes away afterlife therefore it is all false.

ਨਾਨਕ , ਸਚੇ ਨਾਮ ਵਿਣੁ ਝੂਠਾ ; ਆਵਣ ਜਾਣੁ ॥
ਆਪੇ ਚਤੁਰੁ ਸਰੂਪੁ ਹੈ ; ਆਪੇ ਜਾਣੁ ਸੁਜਾਣੁ ॥੪੨॥

ਪਦ ਅਰਥ:- ਝੂਠਾ-ਵਿਅਰਥ ਹੈ, false। **ਆਵਣ ਜਾਣੁ-ਆਉਣਾ ਤੇ ਜਾਣਾ, ਸਾਰਾ ਜੀਵਣ,** reincarnate। **ਚਤੁਰੁ-ਸਿਆਣਾ,** smart। **ਸੁਜਾਣੁ-ਉੱਤਮ ਗਿਆਨ ਵਾਲਾ, ਚਤੁਰ,** wise, all-knower।

ਗੁਰੂ ਜੀ ਕਹਿੰਦੇ ਹਨ, ਕਿ ਸੱਚੇ ਨਾਮ ਤੋਂ ਬਿਨਾਂ ਜੋ ਜੀਵ ਝੂਠਾ ਹੈ, ਉਸ ਦਾ ਆਵਣ ਜਾਵਣ ਹੀ ਰਹਿੰਦਾ ਹੈ। ਉਹ ਪ੍ਰਮੇਸ਼ਰ ਆਪ ਹੀ ਸਰਬ ਸਰੂਪ ਹੋਇਆ ਹੈ। ਪ੍ਰਮੇਸ਼ਰ ਆਪ ਹੀ ਉਹਨਾਂ ਦੇ ਕਰਮਾਂ ਨੂੰ ਜਾਨਣ ਨੂੰ ਚਤੁਰ (ਸੁਜਾਣੁ) ਹੈ॥੪੨॥

Guru Ji says without Almighty's (Sache) Name, jeev is false whereby he (jeev) has to come (birth) and go (death).

Almighty Himself is the form of all and He (Almighty) Himself is intelligent to know the deeds of all.

ਜੋ ਆਵਹਿ ਸੇ ਜਾਹਿ ਫੁਨਿ ; ਆਇ ਗਏ ਪਛੁਤਾਹਿ ॥

ਪਦ ਅਰਥ:- ਫੁਨਿ-ਫਿਰ, ਉਸੇ ਹਾਲਤ ਵਿੱਚ, ਮਮਤਾ ਵਿੱਚ ਬੱਧੇ ਹੋਏ ਹੀ, again ।

ਜੋ ਜੀਵ ਜੰਮਦੇ ਉਹ ਮਰਦੇ ਹਨ ਅਤੇ ਆਵਣ ਜਾਣ ਵਿੱਚ ਹੀ ਪਛਤਾਪ ਕਰਦੇ ਹਨ।

Those who are born (comes) in to a physical form will definitely die (goes), the jeev (soul) repents in various reincarnations.

ਲਖ ਚਉਰਾਸੀਹ ਮੇਦਨੀ ; ਘਟੈ ਨ ਵਧੈ ਉਤਾਹਿ ॥

ਪਦ ਅਰਥ:- ਮੇਦਨੀ-ਸ੍ਰਿਸ਼ਟੀ, world। **ਉਤਾਹਿ-ਉਪਰ ਨੂੰ,** upwards।

ਇਹ ਜੋ ਚੌਰਾਸੀ ਲੱਖ ਜੂਨਾਂ ਵਾਲੀ ਸ੍ਰਿਸ਼ਟੀ ਹੈ ਪ੍ਰਮੇਸ਼ਰ ਨੇ ਬਣਾਈ ਹੈ, ਉਹ ਨਾ ਇਹ ਹੇਠਾ ਨੂੰ ਘਟਦੀ ਹੈ ਅਤੇ ਨਾ ਹੀ ਉੱਪਰ ਨੂੰ ਵਧਦੀ ਹੈ। ਭਾਵ ਪੂਰੀ ਚੁਰਾਸੀ ਲੱਖ ਬਣੀ ਰਹਿੰਦੀ ਹੈ, ਨਾ ਘਟਦੀ ਹੈ ਨਾ ਉੱਪਰ ਨੂੰ ਵਧਦੀ ਹੈ, ਭਾਵ ਜੀਵ ਪ੍ਰਮੇਸ਼ਰ ਦੇ ਵੱਲ ਨਹੀਂ ਆਉਂਦਾ। ਦਿਨੋ ਦਿਨ ਗਿਰਾਵਟ ਵੱਲ ਜਾਂਦਾ ਹੈ।

The 8.4 million (84 Lakhs) types of species created on this earth never increase beyond its limit or decreases which means that the 8.4 million remains at any one time. (New species are created while the old extinct).

Note: The total species are divided in four categories as follows;

Andraj - The creation from eggs (e.g. reptilias) – 2.1 million species

Jeraj - The creation from womb (e.g. mamalia) – 2.1 million species

Setaj - The creation from sweat (e.g. virus, bacterias) – 2.1 million species

Uthpuj - The creation originated from earth (e.g. tree) – 2.1 million species

Creation is also balanced with 4.2 million living in water and the other 4.2 million living on surface.

Second Meaning: The 8.4 millions (84 Lakhs) types of species created on this earth among which is the human species who is not progressing towards Almighty but keep on rolling down in the cycle of reincarnation.

ਸੇ ਜਨ ਉਬਰੇ ; ਜਿਨ ਹਰਿ ਭਾਇਆ ॥
ਧੰਧਾ ਮੁਆ ; ਵਿਗੂਤੀ ਮਾਇਆ ॥

ਪਦ ਅਰਥ:- ਉਬਰੇ-ਬਚੇ ਹਨ, saved। **ਭਾਇਆ-ਪਿਆਰਾ ਲੱਗਾ,** mesmerising। **ਵਿਗੂਤੀ-ਖਰਾਬ ਹੋਈ,** ruined।

ਉਹ ਜਨ ਬਚੇ ਹਨ, ਜਿੰਨਾਂ ਨੂੰ ਹਰੀ ਦਾ ਭਜਨ ਪਿਆਰਾ ਹੈ। ਉਹਨਾ ਦਾ ਧੰਧਾ ਮਰ ਗਿਆ ਹੈ ਅਤੇ ਮਾਇਆ ਜੋ ਛਲਣਹਾਰੀ ਸੀ ਉਹ ਖਰਾਬ ਹੋਈ ਹੈ। ਭਾਵ ਉਹ ਮਾਇਆ ਨੂੰ ਮਿਥਿਆ ਜਾਣ ਕੇ ਧੰਧਿਆਂ ਦਾ ਵਿਸਥਾਰ ਨਹੀ ਕਰਦੇ।

The jeev that is saved is the only one who loved the recitation of Almighty's praises. Their worldly affair has been vanished by which the cheater mammon (maya) is ruined means that such enlightened ones acknowledge mammon (maya) as false therefore they do not expand the worldly affairs.

ਜੋ ਦੀਸੈ ਸੋ ਚਾਲਸੀ ; ਕਿਸ ਕਉ ਮੀਤੁ ਕਰੇਉ ॥
ਜੀਉ ਸਮਪਉ ਆਪਣਾ ; ਤਨੁ ਮਨੁ ਆਗੈ ਦੇਉ ॥

ਪਦ ਅਰਥ:- ਦੀਸੈ-seen। **ਚਾਲਸੀ**-going। **ਕਿਸ**-whom। **ਸਮਪਉ-ਅਰਪਣ ਕਰ,** devote। **ਆਗੈ ਦੇਉ-ਭੇਟਾ ਰੱਖਾਂ,** offering।

ਉਹਨਾਂ ਦਾ ਇਹ ਨਿਸਚਾ ਹੋਇਆ ਹੈ, ਕਿ ਜੋ ਦੇਖਣ ਵਿੱਚ ਆਉਂਦਾ ਹੈ, ਉਹ ਤਾਂ ਤਿੰਨ ਕਾਲ (ਭੂਤ ਕਾਲ, ਵਰਤਮਾਨ ਕਾਲ, ਭਵਿੱਖਤ ਕਾਲ) ਵਿੱਚ ਹੀ ਚਲਣਹਾਰ ਹੈ। ਅਸੀਂ ਆਪਣਾ ਮਿੱਤਰ ਬਣਾਈਏ। ਅਜਿਹੇ ਮਹਾਤਮਾ ਨੂੰ ਜੀਅ ਅਤੇ ਤਨ ਮਨ ਅਰਪਣ ਕਰਦਾ ਹਾਂ।

It is an undoubtful fact that what ever is within my vision is all subject to go (vanish) in all three dimensions of time (past, present & future) therefore whom shall I adopt as my true companion?

To such spiritual enlightened companion I shall surrender my life and also the body and mind, which I believed to be my own before He enlightened me.

ਅਸਥਿਰੁ ਕਰਤਾ ਤੂ ਧਣੀ ; ਤਿਸ ਹੀ ਕੀ ਮੈ ਓਟ ॥
ਗੁਣ ਕੀ ਮਾਰੀ ਹਉ ਮੁਈ ; ਸਬਦਿ ਰਤੀ ਮਨਿ ਚੋਟ ॥੪੩॥

ਪਦ ਅਰਥ:- ਅਸਥਿਰੁ-ਸਦਾ ਕਾਇਮ ਰਹਿਣ ਵਾਲਾ, permanent। **ਧਣੀ-ਮਾਲਕ,** paramount। **ਓਟ-ਆਸਰਾ,** support। **ਹਉ-ਹਉਮੈ,** pride। **ਸਬਦਿ-ਗੁਰੂ ਦੇ ਉਪਦੇਸ਼,** sermon। **ਰਤੀ**-a bit, Rati equals to the weight of 8 grain of rice। **ਚੋਟ**-hurt।

ਹੇ ਕਰਤੇ ਸਰੂਪ! ਤੈਨੂੰ ਹੀ ਅਸਥਿਰ ਧਨੀ ਜਾਣਿਆ ਹੈ। ਮੈਨੂੰ ਆਪ ਜੀ ਦਾ ਹੀ ਆਸਰਾ ਹੈ। ਗੁਰੂ ਦੇ ਉਪਦੇਸ਼ ਦੀ ਰੱਤੀ ਭਰ ਚੋਟ ਮੇਰੇ ਮਨ ਨੂੰ ਜਦ ਲੱਗੀ ਤਦ ਇਸ ਗੁਣ ਦੀ ਮਾਰੀ ਹੋਈ ਹਉਮੈ ਮਰ ਗਈ॥੪੩॥

Dear Creator, I acknowledge you as permenantly prosperous and you are my support.

When the slight hit of Guru's hymn on the mind, only then I have obtained the divine virtues thereafter the strike of virtues has completely killed my ego.

ਰਾਣਾ ਰਾਉ ਨ ਕੋ ਰਹੈ ; ਰੰਗੁ ਨ ਤੁੰਗੁ ਫਕੀਰੁ ॥

ਪਦ ਅਰਥ:- ਰਾਣਾ–ਵੱਡਾ ਰਾਜਾ, Supreme King। **ਰਾਉ–ਰਾਜਾ,** King। **ਰੰਗੁ–ਰੰਕ, ਕੰਗਾਲ,** penniless। **ਤੁੰਗੁ–ਉੱਚਾ, ਅਮੀਰ,** wealthy।

ਇਸ ਸੰਸਾਰ ਵਿੱਚ ਰਾਣਾ ਅਤੇ ਰਾਜਾ ਕੋਈ ਨਹੀ ਰਹਿੰਦਾ, ਨਾ ਵਿਸ਼ੇ ਵਿਕਾਰਾਂ ਦਾ ਅਨੰਦ (ਰੰਗ), ਨਾ ਹੀ ਗਰੀਬ, ਅਮੀਰ ਅਤੇ ਨਾ ਹੀ ਫਕੀਰ ਰਹਿੰਦੇ ਹਨ।

The supreme ruler (Rana), ruler (Rai), the bliss of desires (Rang), wealthy and beggers will never remain.

Note: Death is common to all the worldly being no matter what the being claims to be during his/her lifetime. Even the bliss obtain by the mind from the fulfillment of desire dies away. Therefore all that a one thinks as a jeev (being) are temporary.

ਵਾਰੀ ਆਪੋ ਆਪਣੀ ; ਕੋਇ ਨ ਬੰਧੈ ਧੀਰ ॥

ਪਦ ਅਰਥ:-ਵਾਰੀ–turn। **ਧੀਰ–ਧੀਰਜ,** fortitude।

ਆਪਣੀ ਆਪਣੀ ਵਾਰੀ ਅਨੁਸਾਰ ਸਭ ਚਲੇ ਜਾਂਦੇ ਹਨ। ਕਾਲ ਅੱਗੇ ਕੋਈ ਵੀ ਧੀਰਜ ਨਹੀ ਬੰਨ੍ਹਦਾ।

All go by their own turn and no one maintains their permanent stay in this lifetime.

ਰਾਹੁ ਬੁਰਾ ਭੀਹਾਵਲਾ ; ਸਰ ਡੂਗਰ ਅਸਗਾਹ ॥

ਪਦ ਅਰਥ:- ਰਾਹੁ–path। **ਬੁਰਾ–**horrible। **ਭੀਹਾਵਲਾ– ਡਰਾਉਣਾ,** frightening। **ਸਰ–ਵੈਤਰਨੀ ਨਦੀ,** the unswimable river। **ਡੂਗਰ–ਪਰਬਤ,** mountain। **ਅਸਗਾਹ–ਨਾ ਗਾਹਿਆ ਜਾਣ ਵਾਲਾ, ਅਥਾਹ ਜਲ,** vast।

ਅੱਗੇ ਰਸਤਾ ਬੜਾ ਬੁਰਾ ਤੇ ਡਰਾਉਣਾ ਹੈ। ਇਸ ਰਸਤੇ ਵਿਚ ਇਕ ਭਿਆਨਕ ਨਦੀ ਹੈ ਜਿਸ ਨੂੰ ਵੈਤਰਨੀ ਕਿਹਾ ਜਾਂਦਾ ਹੈ ਜਿਸ ਦਾ ਵਿਥਾਰ ੧੦,੦੦੦ ਜੋਜਨ ਦਾ ਹੈ , ਉਹ ਅਥਾਹ ਹੈ ਅਤੇ ਉਸ ਵਿੱਚ ਪਰਬਤ ਆਉਂਦੇ ਹਨ। ਤ੍ਰਿਸ਼ਨਾ ਰੂਪੀ ਨਦੀ ਹੈ ਅਤੇ ਪੰਜ ਕੋਸ਼ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਉੱਚੇ ਪਹਾੜ ਹਨ ਅਤੇ ਰਸਤਾ ਬਹੁਤ ਕਠਨ ਹੈ।

The path after death is horrible and dreadful (scary), there is a non-swimable river which is believed to be 10,000 jojhan (1 jojhan = 10 km) and in this afterlife path there are huge and tall mountains.

ਮੈ ਤਨਿ ਅਵਗਣ ਝੁਰਿ ਮੁਈ ; ਵਿਣੁ ਗੁਣ ਕਿਉ ਘਰਿ ਜਾਹ ॥

ਪਦ ਅਰਥ:- ਤਨਿ–ਸਰੀਰ ਵਿੱਚ, body। **ਕਿਉ–ਕਿਵੇਂ?,** how?। **ਘਰਿ–ਘਰ ਵਿੱਚ, ਮੰਜਲ ਤੇ,** destiny।

ਮੇਰੇ ਤਨ ਅੰਦਰ ਬਹੁਤ ਹੀ ਔਗੁਣ ਹਨ। ਇਸ ਕਰਕੇ ਮੈਂ ਝੁਰ ਝੁਰ ਕੇ ਮਰਦੀ ਹਾਂ। ਉਸ ਪ੍ਰਮਾਤਮਾ ਦੇ ਦੈਵੀ ਗੁਣਾਂ ਤੋਂ ਬਿਨਾਂ ਮੈ ਸਰੂਪ ਘਰ ਵਿੱਚ ਕਿਸ ਤਰ੍ਹਾਂ ਸਵਾਂਗੀ।

There are many demerits in my body therefore I remain worried and subject to death, without divine virtues how can I proceed to immerse in my true-self (Almighty). (This shabad reveals a disciple's contemplation).

ਗੁਣੀਆ ਗੁਣ ਲੇ ਪ੍ਰਭ ਮਿਲੇ ; ਕਿਉ ਤਿਨ ਮਿਲਉ ਪਿਆਰਿ ॥

ਪਦ ਅਰਥ:- ਗੁਣੀਆ–ਗੁਣਵਾਨ, virtuous person। **ਪਿਆਰਿ–ਪਿਆਰਿਆ ਨੂੰ,** passionately।

ਜੋ ਪੁਰਸ਼ ਗੁਣਵਾਨ ਹਨ, ਉਹ ਆਪਣੇ ਗੁਣਾਂ ਦਾ ਆਸਰਾ ਲੈ ਕੇ ਪ੍ਰਭੂ ਨੂੰ ਮਿਲਨਗੇ। ਮੈਂ ਉਹਨਾਂ ਗੁਰਮੁਖ ਪੁਰਸ਼ਾ ਨੂੰ ਪਿਆਰ ਨਾਲ ਕਿਸ ਤਰ੍ਹਾਂ ਮਿਲਾਂ?

ਫਿਰ ਸੋਚਦਾ ਹੈ:-

The ones who are wise shall meet Almighty with the support of their virtues but how will I meet Almighty with love. Then a disciple contemplates further as follows;

ਤਿਨ ਹੀ ਜੈਸੀ ਥੀ ਰਹਾਂ ; ਜਪਿ ਜਪਿ ਰਿਦੈ ਮੁਰਾਰਿ ॥

ਪਦ ਅਰਥ:- ਰਿਦੈ–ਹਿਰਦੇ ਅੰਦਰ, in the heart। **ਮੁਰਾਰਿ–ਪ੍ਰਮੇਸ਼ਰ,** Almighty।

ਹਿਰਦੇ ਅੰਦਰ ਉਸ ਪ੍ਰਮਾਤਮਾ ਦੇ ਜਪ ਨੂੰ ਜਪ ਕੇ, ਮੈਂ ਤਿੰਨਾਂ ਹੀ ਵਰਗੀ ਹੋ ਕੇ ਰਹਾਂ। ਇਸ ਤਰ੍ਹਾਂ ਹੀ ਮਿਲਣਾ ਠੀਕ ਹੈ।

I should recite Almighty's Name continuously within my mind, in order for me to be just like Him (Almighty), reuniting in this manner is excellent.

ਅਵਗੁਣੀ ਭਰਪੂਰ ਹੈ ; ਗੁਣ ਭੀ ਵਸਹਿ ਨਾਲਿ ॥

ਪਦ ਅਰਥ:- ਅਵਗਣੀ-ਔਗੁਣਾਂ ਨਾਲ, demerits। **ਭਰਪੂਰ-ਨਕਾ ਨਕ ਭਰਿਆ ਹੋਇਆ,** abundant, brimful, completely filled। **ਵਸਹਿ-**dwells।

ਇਹ ਜੀਵ ਔਗੁਣ ਕਰਕੇ ਤਾਂ ਨਕਾ ਨਕ ਭਰਿਆ ਹੀ ਹੈ, ਪਰ ਗੁਣ ਵੀ ਇਸ ਦੇ ਨਾਲ ਹੀ ਵਸਦੇ ਹਨ। ਭਾਵ ਔਗੁਣ ਅਤੇ ਦੈਵੀ ਗੁਣ ਦੋਨੋ ਹੀ ਜੀਵ ਦੇ ਅੰਦਰ ਵਸਦੇ ਹਨ।

This jeev is completely filled (Bharpur – brimful) with demerits, however the merits stay together as well which mean that both the evil and godly virtues reside within this jeev (being).

ਵਿਣੁ ਸਤਗੁਰ ਗੁਣ ਨ ਜਾਪਨੀ ; ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥

ਪਦ ਅਰਥ:- ਵਿਣੁ-without। **ਜਾਪਨੀ- ਜਾਣੀਦੇ,** recognize। **ਜਿਚਰੁ-ਜਿੰਨਾ ਚਿਰ,** until then।

ਪਰ ਸਤਿਗੁਰ ਦੀ ਕਿਰਪਾ ਤੋਂ ਬਿਨਾਂ ਉਹ ਦੈਵੀ ਗੁਣ ਜਾਣੇ ਨਹੀ ਜਾਂਦੇ।

ਪ੍ਰਸ਼ਨ:- ਕਿਰਪਾ ਕਦ ਤੱਕ ਨਹੀ ਹੋਵੇਗੀ।

ਉੱਤਰ:- ਜਿੰਨਾਂ ਚਿਰ ਗੁਰ ਉਪਦੇਸ਼ ਦਾ ਵਿਚਾਰ ਨਹੀ ਕਰੇਂਗਾ॥੪੪॥

However without the True Guru's grace, the divine virtues remain unknown although they reside within.

Question: Till when the Guru's grace will not be obtained?

Answer : One would never obtain Guru's grace until this jeev do not contemplate on Guru's sermons (Updesh).

ਲਸਕਰੀਆ ਘਰ ਸੰਮਲੇ ; ਆਏ ਵਜਹੁ ਲਿਖਾਇ ॥

ਪਦ ਅਰਥ:- ਲਸਕਰੀਆ-ਨੌਕਰਾਂ ਨੇ, servant। **ਸੰਮਲੇ-ਸੰਭਾਲੇ,** take care। **ਵਜਹੁ-ਦੁਮਾਹਾ, ਰੋਜ਼ੀਨਾ, ਤਨਖਾਹ,** wage।

ਗੁਰੂ ਜੀ ਦ੍ਰਿਸਟਾਂਤ ਦੇ ਕੇ ਜੀਵਾਂ ਦੀ ਸਨਮੁਖਤਾ ਤੇ ਬੇਮੁਖਤਾ ਦਿਖਾਉਂਦੇ ਹਨ।

ਜਿਵੇਂ ਨੌਕਰਾਂ ਨੇ ਆਪਣੇ ਘਰ ਸੰਭਾਲੇ ਹਨ, ਭਾਵ ਪਰਮੇਸ਼ਰ ਦੇ ਭੇਜੇ ਜੀਵ ਸੰਸਾਰ ਵਿੱਚ ਦੁਮਾਹਾਂ ਲਿਖਾ ਕੇ ਆਏ ਹਨ। ਜੋ ਦੁੱਖ ਸੁੱਖ ਭੋਗਣਾ ਹੈ, ਉਹ ਪਹਿਲਾ ਹੀ ਲਿਖਿਆ ਗਿਆ ਹੈ।

Through example Guru Ji illustrates the jeev's obedience (in line with Guru's way) and disobedience (against Guru's way).

The employees with fixed wages come and get their work place in order means that Almighty sent jeev (being) to this world with their wages fixed as the pains and joy in the lifetime is pre-written prior to jeev's birth this known as Pralbaad Karam.

ਕਾਰ ਕਮਾਵਹਿ ਸਿਰਿ ਧਣੀ ; ਲਾਹਾ ਪਲੈ ਪਾਇ ॥

ਪਦ ਅਰਥ:- ਸਿਰਿ-ਸਿਰ ਉੱਤੇ, utmost obedience। **ਧਣੀ-ਮਾਲਕ,** owner। **ਲਾਹਾ-ਲਾਭ,** profit। **ਪਲੈ ਪਾਇ-ਹਾਸਲ ਕਰਕੇ, ਖੱਟ ਕੇ,** obtain।

ਜੋ ਸਿਰ ਉੱਤੇ ਮਾਲਕ ਪ੍ਰਮੇਸ਼ਰ ਦੀ ਆਗਿਆ ਜਾਣ ਕੇ ਪ੍ਰਮੇਸ਼ਰ ਦੀ ਭਗਤੀ ਦੀ ਕਾਰ ਕਮਾਉਂਦੇ ਹਨ, ਉਹਨਾ ਦੇ ਪ੍ਰਲੋਕ ਵਿੱਚ ਸੁੱਖ ਰੂਪ ਲਾਭ ਪੱਲੇ ਪੈ ਜਾਂਦਾ ਹੈ। ਭਾਵ ਉਹਨਾਂ ਨੂੰ ਸੁੱਖ ਪ੍ਰਾਪਤ ਹੋ ਜਾਂਦਾ ਹੈ।

Those who uphold Almighty's meditation by acknowledging it as the Almighty's permission, such ones shall be rewarded with joy in the next world.

Note: Although the fate is predetermine, one who goes through the lifetime by meditating on the Almighty's Name shall obtain bliss no matter he/she goes through joy or pain.

ਲਬੁ ਲੋਭੁ ਬੁਰਿਆਈਆ ; ਛੋਡੇ ਮਨਹੁ ਵਿਸਾਰਿ ॥

ਪਦ ਅਰਥ:- ਲਬੁ-ਪਦਾਰਥਾਂ ਦੇ ਹੰਡਉਣ ਲੋਭ, greed of consumption। **ਲੋਭੁ-ਪਦਾਰਥਾਂ ਦੇ ਇਕਠੇ ਕਰਨ ਦਾ ਲੋਭ,** greed of collection।

ਜਿੰਨ੍ਹਾਂ ਨੇ ਬੁਰਿਆਈਆਂ ਤੇ ਲੋਭ ਮੋਹ ਮਨ ਵਿੱਚੋਂ ਭੁਲਾ ਦਿੱਤੇ ਹਨ।

Those who have abandon the demerits, greed of consumption (Lab) and greed of worldly materials collection (Lob) from their mind.

Note: This state of abandoning the demerit will only be attain once the predetermine fate is understood as one cannot be denied from what he/she supposed to obtain and one cannot obtain what he/she is not suppose to obtain. Theefore the unnecessary chase for worldly possessions ends.

ਗੜਿ ਦੋਹੀ ਪਾਤਿਸਾਹ ਕੀ ; ਕਦੇ ਨ ਆਵੈ ਹਾਰਿ ॥

ਪਦ ਅਰਥ:- ਗੜਿ-ਕਿਲ੍ਹਾ, fort। **ਦੋਹੀ-ਦੁਹਾਈ, ਰਾਜ, ਹਕੂਮਤ,** reign, command। **ਹਾਰਿ-** defeat।

ਜਿਸ ਕਿਲ੍ਹੇ ਵਿੱਚ ਬਾਦਸ਼ਾਹ ਦੀ ਦੁਹਾਈ ਹੋਵੇ ਤਾਂ ਕਦੇ ਵੀ ਹਾਰ ਨਹੀ ਹੁੰਦੀ। ਤਿਵੇਂ ਹੀ ਇਸ ਸਰੀਰ ਰੂਪੀ ਕਿਲ੍ਹੇ ਵਿੱਚ ਪ੍ਰਮੇਸ਼ਰ ਦੀ ਦੁਹਾਈ ਫਿਰੀ ਹੈ, ਭਾਵ ਜਿਸ ਸਰੀਰ ਰੂਪੀ ਕਿਲ੍ਹੇ ਵਿੱਚ ਪ੍ਰਮੇਸ਼ਰ ਦਾ ਹੁਕਮ ਮੰਨਿਆ ਜਾਵੇ ਤਾਂ ਉਸ ਸਰੀਰ ਵਿੱਚ ਜੀਵ ਨੂੰ ਫੇਰ ਜਨਮ ਮਰਨ ਰੂਪੀ ਹਾਰ ਨਹੀ ਆਉਂਦੀ।

The fort in which the King is in command the fort is never defeated in the same manner in this body form of fort where King form of Almighty is in command means that if Almighty's command is pursued then the jeev never again faces defeat of birth and death cycle.

ਚਾਕਰੁ ਕਹੀਐ ਖਸਮ ਕਾ ; ਸਉਹੇ ਉਤਰ ਦੇਇ ॥

ਪਦ ਅਰਥ:- ਚਾਕਰੁ-servant। **ਸਉਹੇ-ਸਾਹਮਣੇ,** right upon।

ਜਿਵੇਂ ਮਾਲਕ ਦਾ ਨੌਕਰ ਕਹਾਵੇ ਅਤੇ ਸਾਹਮਣੇ ਉੱਤਰ ਦੇਵੇ, ਭਾਵ ਹੁਕਮ ਨਾ ਮੰਨੇ।

The one who claims to be an employee and be disobedient by answering right on the face and never obey any order.

ਵਜਹੁ ਗਵਾਏ ਆਪਣਾ ; ਤਖਤਿ ਨ ਬੈਸਹਿ ਸੇਇ ॥

ਪਦ ਅਰਥ:- ਵਜਹੁ–ਦੁਮਾਹਾ, salary। **ਤਖਤਿ**–throne।

ਉਹ ਆਪਣਾ ਦੁਮਾਹਾ (ਤਨਖਾਹ) ਗਵਾ ਲਵੇਗਾ। ਉਹ ਪੁਰਸ਼ ਤਖਤ ਉੱਪਰ ਕਦੇ ਨਹੀ ਬੈਠਦਾ। ਤਿਵੇਂ ਹੀ ਪ੍ਰਮੇਸ਼ਰ ਦੇ ਹੁਕਮ ਨੂੰ ਨਾ ਮੰਨਣ ਕਰਕੇ ਪਰਾਰਬਧ ਦੁਖੀ ਹੋਇਆ ਭੋਗੇਗਾ ਅਤੇ ਸਰੂਪ ਦੀ ਪ੍ਰਾਪਤੀ ਨਹੀ ਹੋਵੇਗੀ।

Such employee will lose his salary (Vajhu) and such person will never be seated on the throne (never be promoted to higher postion), in the same manner one who does not obey Almighty’s command shall be in pains while reaping the fruits of previous deeds (Pralbad) and will never obtain the oneness with true-self (Almighty).

ਪ੍ਰੀਤਮ ਹਥਿ ਵਡਿਆਈਆ ; ਜੈ ਭਾਵੈ ਤੈ ਦੇਇ ॥

ਪਦ ਅਰਥ:- ਪ੍ਰੀਤਮ–beloved। **ਵਡਿਆਈਆ**–glories।

ਸਾਰੀਆਂ ਵਡਿਆਈਆਂ ਉਸ ਪ੍ਰਮੇਸ਼ਰ ਦੇ ਹੱਥ ਵਿੱਚ ਹਨ। ਉਹ ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਹੀ ਦਿੰਦਾ ਹੈ।

All the glories are in Almighty’s hand and He gives to who ever He is pleased with.

ਆਪਿ ਕਰੇ ਕਿਸੁ ਆਖੀਐ ; ਅਵਰੁ ਨ ਕੋਇ ਕਰੇਇ ॥੪੫॥

ਪਦ ਅਰਥ:- ਆਖੀਐ–said। **ਅਵਰੁ**– no other।

ਉਹ ਪ੍ਰਮਾਤਮਾ ਆਪ ਹੀ ਸਭ ਕੁਝ ਕਰਦਾ ਹੈ, ਇਸ ਲਈ ਹੋਰ ਕਿਸ ਨੂੰ ਕਹੀਏ, ਹੋਰ ਕੋਈ ਕੁਝ ਨਹੀ ਕਰ ਸਕਦਾ। ਭਾਵ ਉਸ ਪ੍ਰਮਾਤਮਾ ਦੇ ਕਰੇ ਵਿੱਚ ਹੀ ਰਾਜ਼ੀ ਰਹੀਏ॥੪੫॥

Almighty is the creator of all, other than Him who else shall we call the creator and other then Him no one else can do anything means that we should be delighted in His (Almighty) doings (Will).

Note: Guru Ji says if Almighty is the sole creator then why our ego comes in between His Will to judge and determine therefore one should stay contented in His Will and focus on His meditation instead.

ਬੀਜਉ ਸੂਝੈ ਕੋ ਨਹੀ ; ਬਹੈ ਦੁਲੀਚਾ ਪਾਇ ॥

ਪਦ ਅਰਥ:- ਬੀਜਉ–ਦੂਜਾ, other। **ਦੁਲੀਚਾ ਪਾਇ–ਆਸਣ ਵਿਛਾ ਕੇ, ਗੱਦੀ ਲਾ ਕੇ,** parallel throne।

ਸਾਨੂੰ ਦੂਜਾ ਕੋਈ ਹੋਰ ਉਸ ਜਿਹਾ ਨਹੀ ਸੁੱਝਦਾ, ਜੋ ਪ੍ਰਮੇਸ਼ਰ ਦੇ ਬਰਾਬਰ ਗੱਦੀ ਲਾ ਕੇ ਬੈਠ ਜਾਵੇ।

There is no one else that we can think about who can sit on a throne next to Almighty.

ਨਰਕ ਨਿਵਾਰਣੁ ਨਰਹ ਨਰੁ ; ਸਾਚਉ ਸਾਚੈ ਨਾਇ ॥

ਪਦ ਅਰਥ:- ਨਰਹ ਨਰੁ–ਨਰਾਂ ਵਿੱਚੋਂ ਨਰ, Almighty। **ਸਾਚੈ ਨਾਇ–ਸੱਚੇ ਨਾਮ ਰਾਹੀਂ,** true Name।

ਨਰਾਂ ਵਿੱਚੋਂ ਜੋ ਸ੍ਰੇਸ਼ਟ ਹੈ, ਐਸਾ ਪ੍ਰਮੇਸ਼ਰ ਸੱਚਾ ਨਾਮ ਦੇ ਕੇ ਨਰਕ ਨਿਵਾਰਣ ਨੂੰ ਨਿਸਚੇ ਕਰਕੇ ਸਮਰੱਥ ਹੈ।

The Name of Almighty who is the Supreme Being within the beings (jeev), blesses His Name, which prevents jeev from falling to into hell for sure.

ਵਣੁ ਤ੍ਰਿਣੁ ਢੂਢਤ ਫਿਰਿ ਰਹੀ ; ਮਨ ਮਹਿ ਕਰਉ ਬੀਚਾਰੁ ॥

ਪਦ ਅਰਥ:- ਵਣੁ ਤ੍ਰਿਣੁ–ਸਾਰਾ ਜੰਗਲ ਬੇਲਾ, wilderness। **ਢੂਢਤ–ਲਭਦੀ,** searching।

ਅਜਿਹਾ ਪ੍ਰਭੂ ਮੈ ਜੰਗਲ ਬੇਲਾ ਲੱਭਦੀ ਫਿਰਦੀ ਰਹੀ। ਜਦੋਂ ਮੈਂ ਆਪਣੇ ਮਨ ਵਿੱਚ ਵਿਚਾਰ ਕੀਤਾ।

I am searching for Almighty in forest and blade-grass bushes however when I contemplated in my mind;

ਲਾਲ ਰਤਨ ਬਹੁ ਮਾਣਕੀ ; ਸਤਿਗੁਰ ਹਾਥਿ ਭੰਡਾਰੁ ॥

ਪਦ ਅਰਥ:- ਲਾਲ–ruby। **ਰਤਨ**–jewel। **ਮਾਣਕੀ**–emerald। **ਭੰਡਾਰੁ**–treasure।

ਬਹੁਤ ਸਾਰੇ ਲਾਲ, ਰਤਨ ਅਤੇ ਮਾਣਕਾਂ ਦਾ ਭੰਡਾਰ ਸਤਿਗੁਰੂ ਜੀ ਦੇ ਹੱਥ ਵਿੱਚ ਹੈ, ਭਾਵ ਗਿਆਨ, ਵੈਰਾਗ ਰੂਪ ਰਤਨ ਸਤਿਗੁਰੂ ਜੀ ਕੋਲ ਹਨ।

The treasure of rubies, jewels and emeralds are in the hands of True Guru means that the treasure of knowledge (ruby) and renunciation (jewel) is in True Guru's hand.

ਊਤਮੁ ਹੋਵਾ ਪ੍ਰਭੁ ਮਿਲੈ ; ਇਕ ਮਨਿ ਏਕੈ ਭਾਇ ॥

ਪਦ ਅਰਥ:- ਊਤਮੁ-ਸ੍ਰੇਸ਼ਟ, highest, supreme। **ਇਕ ਮਨਿ-ਇਕਾਗਰ ਮਨ,** tranquil mind। **ਏਕੈ ਭਾਇ- ਇਕ ਦਾ ਹੀ ਪ੍ਰੇਮ,** only devotion।

ਜੋਂ ਤਿੰਨ ਰਤਨਾਂ ਆਦਿ ਭੂਸਣ ਨੂੰ ਧਾਰ ਕੇ ਭਾਵ ਵੈਰਾਗ ਧਾਰ ਕੇ ਸ੍ਰੇਸ਼ਟ ਹੋਵੇ ਅਤੇ ਮਨ ਨੂੰ ਇਕਾਗਰ ਕਰਕੇ ਮਨ ਵਿੱਚ ਇਕ ਦਾ ਹੀ ਪ੍ਰੇਮ ਹੋਵੇ ਤਾਂ ਹੀ ਪ੍ਰਭੂ ਦੀ ਪ੍ਰਾਪਤੀ ਹੋਵੇਗੀ।

Those who wear the virtues form of jewelleries means those who adopt virtues (mercy, knowledge, renunciation, etc.) become supreme and in mind there should be only one Almighty only then Almighty is obtained.

ਨਾਨਕ ਪ੍ਰੀਤਮ ਰਸਿ ਮਿਲੇ ; ਲਾਹਾ ਲੈ ਪਰਥਾਇ ॥

ਪਦ ਅਰਥ:- ਰਸਿ-ਰਸ ਵਿੱਚ, ਆਨੰਦ ਵਿੱਚ, in bliss। **ਲਾਹਾ**-profit। **ਪਰਥਾਇ-ਪ੍ਰਲੋਕ ਦਾ,** afterlife।

ਗੁਰੂ ਜੀ ਕਹਿੰਦੇ ਹਨ, ਕਿ ਜੋ ਜੀਵ ਪ੍ਰਭੂ ਦੇ ਪਿਆਰ ਕਰਕੇ ਮਿਲੇ ਹਨ, ਉਹ ਜੀਵ ਪ੍ਰਲੋਕ ਦਾ ਲਾਭ ਲੈਂਦੇ ਹਨ।

Guru Ji says that those who have met Almighty by means of love, earns the benefits of the next world.

ਰਚਨਾ ਰਾਚਿ ਜਿਨਿ ਰਚੀ ; ਜਿਨਿ ਸਿਰਿਆ ਆਕਾਰੁ ॥

ਪਦ ਅਰਥ:- ਸਿਰਿਆ-ਸਿਰਜਿਆ, create। **ਆਕਾਰੁ- ਸਰੀਰਾਂ ਦੇ ਆਕਾਰ,** physical form।

ਜਿਸ ਨੇ ਪਹਿਲੇ ਸੂਖਮ ਤੱਤਾਂ ਦੀ ਰਚਨਾਂ ਕਰਕੇ ਫਿਰ ਅਸਥੂਲ ਤੱਤ ਦੀ ਰਚਨਾ ਜਿਸ ਨੇ ਰਚੀ ਹੈ, ਫਿਰ ਉਹਨਾਂ ਤੱਤਾਂ ਦੁਆਰਾ ਜਿਸ ਨੇ ਸਰੀਰ ਰਚਿਆ ਹੈ।

Almighty who has created primely the creation of all fine (Sukshem) principal elements (Tat) then created the physical (Asthul) principal elements' creation and from all this principal elements Almighty created the body.

ਗੁਰਮੁਖਿ ਬੇਅੰਤੁ ਧਿਆਈਦੈ ; ਅੰਤੁ ਨ ਪਾਰਾਵਾਰੁ ॥੪੬॥

ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀ ਹੈ, ਉਸ ਪ੍ਰਮੇਸ਼ਰ ਨੂੰ ਬੇਅੰਤ ਵਾਰ ਧਿਆਈਏ, ਭਾਵ ਉਸ ਦਾ ਅਧਿਕ ਭਜਨ ਕਰੀਏ॥੪੬॥

Almighty is endless and beyond all shores, such Almighty should be concentrated upon for countless times means that sing His praises continuously.

ੜਾੜੈ ਰੂੜਾ ; ਹਰਿ ਜੀਉ ਸੋਈ ॥
ਤਿਸੁ ਬਿਨੁ ਰਾਜਾ ; ਅਵਰੁ ਨ ਕੋਈ ॥

ਪਦ ਅਰਥ:– ਰੂੜਾ–ਸੁੰਦਰ, beautiful।

ੜਾੜੇ ਦੁਆਰਾ ਕਹਿੰਦੇ ਹਨ, ਕਿ ਸੁੰਦਰ ਉਹ ਹੀ ਹਰਿ ਜੀਉ ਹੈ। ਉਸ ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਰਾਜਾ ਨਹੀ ਹੈ। ਭਾਵ ਉਹ ਪ੍ਰਮਾਤਮਾ ਸਭ ਦਾ ਸੁਆਮੀ ਹੈ।

Through Rarra alphabet Guru Ji says that Almighty is the most handsome.

Without Almighty there is no other King means that there is no other Master.

ੜਾੜੈ , ਗਾਰੁੜੁ ਤੁਮ ਸੁਣਹੁ ; ਹਰਿ ਵਸੈ ਮਨ ਮਾਹਿ ॥

ਪਦ ਅਰਥ:– ਗਾਰੁੜੁ–ਕਾਮ ਆਦਿਕ ਰੂਪੀ ਸੱਪਾਂ ਨੂੰ ਵੱਸ ਕਰਨ ਵਾਲਾ ਮੰਤਰ, snake charm।

ੜਾੜੇ ਦੁਆਰਾ ਕਹਿੰਦੇ ਹਨ, ਕਿ ਜੋ ਗਾਰੁੜ ਮੰਤ੍ਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਸੱਪਾਂ ਨੂੰ ਵੱਸ ਕਰਨ ਵਾਲਾ ਗੁਰ ਉਪਦੇਸ ਹੈ, ਉਸ ਨੂੰ ਸੁਣੋ। ਇਸ ਨਾਲ ਹਰੀ ਵੀ ਮਨ ਵਿੱਚ ਆ ਵਸੇਗਾ।

Through Rarra alphabet Guru Ji says the Garurr charm (snake charm can even heal snake bite) which brings snakes in control of the reader in the same manner Guru's sermons are also a charm which overpowers the snake form of desires (lust, anger, greed, attachement & ego) therefore listen to Guru's preaching as this will manifest Almighty within.

ਗੁਰਪਰਸਾਦੀ ਹਰਿ ਪਾਈਐ ; ਮਤੁ ਕੋ ਭਰਮਿ ਭੁਲਾਹਿ ॥

ਪਦ ਅਰਥ:- ਗੁਰਪਰਸਾਦੀ-ਗੁਰੂ ਦੀ ਕਿਰਪਾ ਦੁਆਰਾ, through Guru's blessing। **ਮਤੁ-ਮਤ,** do not।

ਗੁਰੂ ਦੀ ਕਿਰਪਾ ਨਾਲ ਉਸ ਪ੍ਰਮਾਤਮਾ ਨੂੰ ਪਾਈਦਾ ਹੈ, ਪਰ ਮਤਾ ਕੋਈ ਹੋਰ ਭੁਲੇਖੇ ਵਿੱਚ ਪਵੇ ਕਿ ਪ੍ਰਭੂ ਗੁਰੂ ਬਿਨਾਂ ਪ੍ਰਾਪਤ ਹੋ ਸਕਦਾ ਹੈ।

Only with Guru's grace Almighty is obtained and no one should be ignorant pertaining to this fact strayed by worldly illusions.

ਸੋ ਸਾਹੁ ਸਾਚਾ ; ਜਿਸੁ ਹਰਿ ਧਨੁ ਰਾਸਿ ॥

ਪਦ ਅਰਥ:- ਸਾਹੁ-ਸ਼ਾਹ, wealthy। **ਹਰਿ ਧਨੁ-ਹਰੀ ਦਾ ਨਾਮ ਰੂਪ ਧਨ,** true wealth। **ਰਾਸਿ-ਪੂੰਜੀ, ਮੂਲ ਧਨ,** capital।

ਉਹ ਸੱਚਾ ਸ਼ਾਹ ਹੈ, ਜਿਸ ਦੇ ਕੋਲ ਸੱਚੀ ਪ੍ਰਭੂ ਦਾ ਨਾਮ ਧਨ ਰੂਪ ਪੂੰਜੀ ਹੈ।

Almighty is the true Master who has the capital of true wealth (Almighty's Name).

ਗੁਰਮੁਖਿ ਪੂਰਾ ; ਤਿਸੁ ਸਾਬਾਸਿ ॥

ਪਦ ਅਰਥ:- ਸਾਬਾਸਿ-ਵਡਿਆਈ, well done।

ਜਿਸ ਗੁਰਮੁਖ ਨੂੰ ਪੂਰਾ ਧਨ ਮਿਲਿਆ ਹੈ, ਉਸ ਨੂੰ ਸਾਬਾਸ ਹੈ।

Bravo (Sabas) to the Gurmukh who has obtained the complete wealth (Almighty's Name) praiseful.

ਰੂੜੀ ਬਾਣੀ ਹਰਿ ਪਾਇਆ ; ਗੁਰ ਸਬਦੀ ਬੀਚਾਰਿ ॥

ਪਦ ਅਰਥ:- ਰੂੜੀ-ਸੁੰਦਰ, beautiful।

ਸੁੰਦਰ ਬਾਣੀ ਜੋ ਗੁਰ ਉਪਦੇਸ ਦਾ ਵਿਚਾਰ ਹੈ, ਉਸ ਕਰਕੇ ਹੀ ਗੁਰ ਸ਼ਬਦੀਆਂ ਨੇ ਹਰੀ ਪ੍ਰਮਾਤਮਾ ਨੂੰ ਪਾਇਆ ਹੈ।

The magnificent hymn which is the contemplation of Guru's sermons by which the readers has obtained Almighty.

ਆਪੁ ਗਇਆ ਦੁਖੁ ਕਟਿਆ ; ਹਰਿ ਵਰੁ ਪਾਇਆ ਨਾਰਿ ॥੪੭॥

ਪਦ ਅਰਥ:- ਆਪੁ–ਆਪਾ ਭਾਵ, self-conceit। **ਵਰੁ–ਪਤੀ, ਖਸਮ,** spouse।

ਜਿਸ ਦਾ ਆਪਾ ਭਾਵ ਹੰਕਾਰ ਚਲਾ ਗਿਆ ਹੈ, ਉਸ ਦਾ ਅਗਿਆਨ ਰੋਗ ਕਟਿਆ ਗਿਆ ਹੈ ਅਤੇ ਉਸ ਜੀਵ ਰੂਪ ਇਸਤਰੀ ਨੇ ਹਰੀ ਰੂਪ ਪਤੀ ਪਾਇਆ ਹੈ॥੪੭॥

The ones whose disease of ego has disappeared and their disease of ignorance is vanished, such jeev form of bride has obtained the Almighty as their groom.

ਸੁਇਨਾ ਰੁਪਾ ਸੰਚੀਐ ; ਧਨੁ ਕਾਚਾ ਬਿਖੁ ਛਾਰੁ ॥

ਪਦ ਅਰਥ:- ਸੁਇਨਾ–gold। **ਰੁਪਾ–ਚਾਂਦੀ,** silver। **ਸੰਚੀਐ–ਇਕੱਠਾ ਕਰੀਦਾ ਹੈ,** gather। **ਬਿਖੁ–ਜ਼ਹਿਰ,** poison। **ਛਾਰੁ–ਸੁਆਹ, ਵਿਅਰਥ,** useless, dust।

ਸੋਨਾ, ਚਾਂਦੀ ਰੂਪ ਜੋ ਧਨ ਇਕੱਠਾ ਕਰੀਦਾ ਹੈ, ਇਹ ਕੱਚਾ ਧਨ ਹੈ। ਇਹ ਧਨ ਸੁਆਹ ਵਾਂਗ ਤੁੱਛ ਹੈ ਅਤੇ ਜ਼ਹਿਰ ਵਾਗ ਦੁਖਦਾਈ ਹੈ।

The accumulated gold and silver form of wealth which is false, poisonous (creates pains) and tiny which means the value is not justified with the precious breath spend to earn.

ਸਾਹੁ ਸਦਾਏ ਸੰਚਿ ਧਨੁ ; ਦੁਬਿਧਾ ਹੋਇ ਖੁਆਰੁ ॥

ਪਦ ਅਰਥ:- ਸਾਹੁ–ਸ਼ਾਹ, wealthy। **ਸਦਾਏ–ਅਖਵਾਉਂਦਾ ਹੈ,** to be called। **ਸੰਚਿ–ਇਕੱਠਾ ਕਰਕੇ,** gather। **ਦੁਬਿਧਾ–ਦੁਚਿੱਤਾ ਪਨ,** duality। **ਖੁਆਰੁ–ਖਰਾਬ,** suffer।

ਜੋ ਇਸ ਧਨ ਨੂੰ ਇਕੱਠਾ ਕਰਕੇ ਸ਼ਾਹ ਅਖਵਾਉਂਦਾ ਹੈ, ਉਹ ਦੁਬਿਧਾ ਵਿੱਚ ਖਰਾਬ ਹੁੰਦਾ ਹੈ।

Those who earn the wealth is called a Shah (Wealthy, Rich) but then he drifts (Khuar) in doubt (Dhubida- duality) as wealth creates more desires.

ਸਚਿਆਰੀ ਸਚੁ ਸੰਚਿਆ ; ਸਾਚਉ ਨਾਮੁ ਅਮੋਲੁ ॥

ਪਦ ਅਰਥ:- ਸਚਿਆਰੀ—ਸੱਚ ਦੇ ਵਣਜਾਰਿਆਂ ਨੇ, merchant of truth। **ਸਚੁ–ਸਦਾ ਥਿਰ ਰਹਿਣ ਵਾਲਾ ਨਾਮ ਧਨ,** true wealth। **ਸਾਚਉ ਨਾਮ–ਸੱਚਾ ਨਾਮ,** true name। **ਅਮੋਲੁ–ਅਮੋਲਕ,** priceless।

ਸਚਿਆਰ ਗੁਰਮੁਖਾਂ ਨੇ ਸੱਚਾ ਨਾਮ ਧਨ ਇਕੱਠਾ ਕੀਤਾ ਹੈ। ਉਹ ਸੱਚਾ ਨਾਮ ਕਿਹੋ ਜਿਹਾ ਹੈ? ਸਭ ਤੋਂ ਅਮੋਲਕ ਹੈ।

The true disciples have accumulated the Almighty's true name and how valuable is the true name? Guru Ji says the True name is the most invaluable (amolak - priceless).

ਹਰਿ ਨਿਰਮਾਇਲੁ ਊਜਲੋ ; ਪਤਿ ਸਾਚੀ ਸਚੁ ਬੋਲੁ ॥

ਪਦ ਅਰਥ:- ਨਿਰਮਾਇਲ–ਪਵਿੱਤਰ, pure। **ਊਜਲੋ–ਨਿਰਮਾਲ, ਸਾਫ,** cleansed। **ਪਤਿ–ਇੱਜ਼ਤ,** honour।

ਹਰਿ ਨਿਰਮਲ ਨੂੰ ਜਾਣ ਕੇ ਤਿੰਨ੍ਹਾਂ ਦਾ ਹਿਰਦਾ ਉਜਲਾ ਹੋਇਆ ਹੈ, ਸੱਚੀ ਇੱਜ਼ਤ ਪ੍ਰਾਪਤ ਹੋਈ ਹੈ ਅਤੇ ਸੱਚੇ ਹੀ ਤਿੰਨ੍ਹਾਂ ਦੇ ਬਚਨ ਹਨ। ਤੂੰ ਇਸ ਤਰ੍ਹਾਂ ਪ੍ਰਾਰਥਨਾ ਕਰ:-

The mind of ones is cleared upon meeting the Almighty who is pure (Nirmal- dirtless) and they have obtained the true honour; their words are true and you (jeev) should pray as follows;

ਸਾਜਨੁ ਮੀਤੁ ਸੁਜਾਣੁ ਤੂ ; ਤੂ ਸਰਵਰੁ ਤੂ ਹੰਸੁ ॥

ਪਦ ਅਰਥ:- ਸੁਜਾਣੁ–ਚਤੁਰ, wise। **ਸਰਵਰੁ–ਸਰੋਵਰ, ਸਤਿਸੰਗ ਰੂਪ ਸਰੋਵਰ,** sacred pool।

ਹੇ ਸੁਜਾਣ! ਤੂੰ ਹੀ ਮੇਰਾ ਸੱਜਣ ਮਿੱਤਰ ਹੈਂ। ਤੂੰ ਸਤਿਸੰਗ (ਸਰਵਰੁ) ਸਰੋਵਰ ਹੈਂ ਅਤੇ ਤੂੰ ਹੀ ਸੰਤ ਰੂਪ ਹੋ ਕੇ ਤਿੰਨ੍ਹਾਂ ਵਿੱਚ ਬਿਰਾਜ ਰਿਹਾ ਹੈਂ।

Dear Omniscient (the knower of all) you are my dearest friend, you are the form of true congregation and You reside in the form of saint within it means that Guru Himself is the Almighty who leads the true congregation.

ਸਾਚਉ ਠਾਕੁਰੁ ਮਨਿ ਵਸੈ ; ਹਉ ਬਲਿਹਾਰੀ ਤਿਸੁ ॥

ਪਦ ਅਰਥ:- ਸਾਚਉ-ਸਚਾ, true। **ਬਲਿਹਾਰੀ-**surrender।

ਹੇ ਸੱਚੇ ਠਾਕੁਰ! ਤੂੰ ਜਿਸ ਦੇ ਮਨ ਵਿੱਚ ਤੂੰ ਵਸੇ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।

Dear True Master within whose mind you reside, I shall surrender myself before him.

ਮਾਇਆ ਮਮਤਾ ਮੋਹਣੀ ; ਜਿਨਿ ਕੀਤੀ ਸੋ ਜਾਣੁ ॥

ਪਦ ਅਰਥ:- ਮੋਹਣੀ-ਮਨ ਨੂੰ ਮੋਹਣ ਵਾਲੀ, captivating, mesmerising। **ਜਿਨਿ ਕੀਤੀ-ਜਿਸ ਨੇ ਕੀਤੀ ਹੈ,** who have done। **ਸੋ ਜਾਣੁ-ਤਿਸ ਨੂੰ ਸਮਝ,** to know।

ਇਹ ਮਾਇਆ ਜੋ ਮੋਹਣੀ ਹੈ, ਇਸ ਦੀ ਮਮਤਾ ਜਿਸ ਪ੍ਰਮੇਸ਼ਰ ਨੇ ਕੀਤੀ ਹੈ, ਤੂੰ ਉਸ ਪ੍ਰਮੇਸ਼ਰ ਨੂੰ ਸਮਝ।

Know the creator who has created the attachment for such mesmerizing (Mohni) mammon (maya) means that one should be fascinated with Almighty instead of Maya as Almighty is the creator of such compelling creation.

ਬਿਖਿਆ ਅੰਮ੍ਰਿਤੁ ਏਕੁ ਹੈ ; ਬੂਝੈ ਪੁਰਖੁ ਸੁਜਾਣੁ ॥੪੮॥

ਪਦ ਅਰਥ:- ਬਿਖਿਆ- poison।

ਅੰਮ੍ਰਿਤ ਅਤੇ ਜ਼ਹਿਰ ਇੱਕ ਹੈ, ਭਾਵ ਦੁੱਖ ਸੁੱਖ ਨੂੰ ਆਪਣੇ ਕਰਮਾਂ ਦਾ ਫਲ ਹੋਣਾ ਤਾਂ ਤੋਲ ਹੈ ਪਰੰਤੂ ਕੇਵਲ ਚਤੁਰ ਭਾਵ ਗਿਆਨਵਾਣ ਪੁਰਖ ਹੀ ਇਸ ਤਰ੍ਹਾਂ ਬੁੱਝਦੇ ਹਨ॥੪੮॥

Nectar and poison is the same means that the pains and joys are the same as this are the returns of our previous deeds but only the wise ones realize this fact.

ਖਿਮਾ ਵਿਹੂਣੇ ਖਪਿ ਗਏ ; ਖੂਹਣਿ ਲਖ ਅਸੰਖ ॥

ਪਦ ਅਰਥ:- ਖਿਮਾ–to forgive। **ਵਿਹੂਣੇ–ਹੀਣ, ਬਿਨਾਂ,** without। **ਖਪਿ ਗਏ–ਮਰ ਖਪ ਗਏ,** perished। **ਖੂਹਣਿ–(ਇਕ ਬੜੀ ਭਾਰੀ ਸੈਨਾ ਜਿਸ ਵਿੱਚ ੨੧੮੭੦ ਰਥ, ੨੧੮੭੦ ਹਾਥੀ, ੬੫੬੧੦ ਘੋੜ ਸਵਾਰ ਅਤੇ ੧੦੯੩੫੦ ਪੈਦਲ ਸਿਪਾਹੀ ਹੋਣ) ਬੇਅੰਤ ਜੀਵ,** voluminous। **ਅਸੰਖ–ਅਣਗਿਣਤ,** countless।

ਗਿਣਤੀ ਰਹਿਤ ਲੱਖਾਂ ਖੂਹਣੀਆਂ ਦੀਆਂ ਖੂਹਣੀਆਂ ਖਿਮਾਂ ਤੋਂ ਬਿਨਾਂ ਖਪ ਗਏ, ਨਾਸ ਹੋ ਗਏ ਹਨ।

Countless hundreds of thousands of khoohnee's of khoohnees has perished without being forgiven during the life time.

Note: One (1) Khoohnee: An Army of 218,700 which includes 21,870 elephants, 21,870 chariots (raths), 65,610 horses and 109,350 soldier on foot.

ਗਣਤ ਨ ਆਵੈ ਕਿਉ ਗਣੀ ; ਖਪਿ ਖਪਿ ਮੁਏ ਬਿਸੰਖ ॥

ਪਦ ਅਰਥ:- ਕਿਉ ਗਣੀ–ਗਿਣਤੀ ਦਾ ਕੀ ਲਾਭ? ਗਿਣੇ ਨਹੀ ਜਾ ਸਕਦੇ, beyond count। **ਬਿਸੰਖ–ਅਣਗਿਣਤ,** infinite।

ਉਹਨਾਂ ਦੀ ਗਿਣਤੀ ਨਹੀ ਆਉਂਦੀ, ਕਿਸ ਤਰ੍ਹਾਂ ਗਿਣਤੀ ਕਰੀਏ, ਖਪ ਖਪ ਕੇ ਬੇਅੰਤ ਹੀ ਮਰੇ ਹਨ।

The count never comes to end and how to have a count on those who live in various worries and die.

ਖਸਮੁ ਪਛਾਣੈ ਆਪਣਾ ; ਖੂਲੈ ਬੰਧੁ ਨ ਪਾਇ ॥

ਪਦ ਅਰਥ:- ਖੂਲੈ–ਖੁਲ੍ਹ ਜਾਂਦਾ ਹੈ, ਖੁੱਲ੍ਹੇ ਦਿਲ ਵਾਲਾ ਹੋ ਜਾਂਦਾ ਹੈ, liberated, free from attachment । **ਬੰਧੁ–ਰੋਕ, ਤੰਗ ਦਿਲੀ,** bondage।

ਜਿਹੜੇ ਆਪਣੇ ਖਸਮ ਪ੍ਰਮੇਸ਼ਰ ਨੂੰ ਪਛਾਣਦੇ ਹਨ, ਉਹ ਖੁੱਲ੍ਹੇ ਹਨ, ਭਾਵ ਉਹ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ। ਉਹਨਾਂ ਨੂੰ ਫਿਰ ਕੋਈ ਬੰਧਨ ਨਹੀ ਪਾ ਸਕਦਾ।

Those who recognize their master are free which means that they are freed from all worldly attachments and there is no attachment that will entangle them again.

ਸਬਦਿ ਮਹਲੀ ਖਰਾ ਤੂ ; ਖਿਮਾ ਸਚੁ ਸੁਖ ਭਾਇ ॥
ਖਰਚੁ ਖਰਾ ਧਨੁ ਧਿਆਨੁ ; ਤੂ ਆਪੇ ਵਸਹਿ ਸਰੀਰਿ ॥

ਪਦ ਅਰਥ:- ਖਰਾ-ਚੰਗਾ, ਅਸਲ ਸਰੂਪ ਵਿੱਚ, pure। **ਭਾਇ-ਪ੍ਰੇਮ,** adore। **ਖਰਚੁ-ਜ਼ਿੰਦਗੀ ਦੇ ਸਫਰ ਦੀ ਪੂੰਜੀ,** life-long spending। **ਖਰਾ ਧਨੁ-ਸੱਚਾ ਧਨ,** true wealth।

ਹੇ ਜਗਿਆਸੂ ! ਤੂੰ ਗੁਰ ਉਪਦੇਸ ਨੂੰ ਗਹ੍ਰਿਣ ਕਰਕੇ ਹੀ ਖਰਾ ਹੋਵੇਂਗਾ। ਖਿਮਾਂ ਅਤੇ ਪ੍ਰੇਮ ਜੋ ਨਿਸਚੇ ਹੀ ਸੁੱਖ ਰੂਪ ਹੈ ਉਸ ਨੂੰ ਧਾਰਨ ਕਰਕੇ ਫਿਰ ਪ੍ਰਮੇਸ਼ਰ ਦਾ ਧਿਆਨ ਰੂਪੀ ਧਨ ਦਾ ਖਰਚ ਕਰ, ਤਾਂ ਹੀ ਉਹ ਪ੍ਰਮੇਸ਼ਰ ਆਪ ਹੀ ਤੇਰੇ ਸਰੀਰ ਵਿੱਚ ਆ ਵਸੇਗਾ।

Dear disciple, you shall be purified by the Guru’s sermons, the virtue of forgiveness and love is surely the source of happiness.

Spend the wealth of breath on the concentration of pure Almighty’s rememberance by which Almighty shall manifest within.

ਮਨਿ ਤਨਿ ਮੁਖਿ ਜਾਪੈ ਸਦਾ ; ਗੁਣ ਅੰਤਰਿ ਮਨਿ ਧੀਰ ॥

ਪਦ ਅਰਥ:- ਜਾਪੈ-ਜਪਦਾ ਹੈ, recitation। **ਅੰਤਰਿ-ਅੰਦਰ,** within । **ਧੀਰ-ਧੀਰਜ,** fortitude।

ਜੇ ਮਨ ਤਨ ਕਰਕੇ ਮੁਖ ਚੋਂ ਸਦਾ ਉਸ ਪ੍ਰਮੇਸ਼ਰ ਨੂੰ ਜਪੇਂ, ਗੁਣਾਂ ਨੂੰ ਆਪਣੇ ਅੰਦਰ ਧਾਰਨ ਕਰਕੇ ਮਨ ਨੂੰ ਧੀਰਜ ਪ੍ਰਾਪਤ ਹੁੰਦਾ ਹੈ।

If the mind and body always recite Almighty’s Name through the mouth then by adopting the divine virtues, the mind will have fortitude (Dhiraj).

ਹਉਮੈ ਖਪੈ ਖਪਾਇਸੀ ; ਬੀਜਉ ਵਥੁ ਵਿਕਾਰੁ ॥

ਪਦ ਅਰਥ:- ਖਪਾਇਸੀ-ਹੋਰਨਾਂ ਨੂੰ ਵੀ ਖਪਾਉਂਦਾ ਹੈ, make others to worry। **ਬੀਜਉ**-to plant। **ਵਥੁ**-materials (here it means seeds)। **ਵਿਕਾਰੁ**-useless।

ਹਉਮੈ ਅਤੇ ਖਪਣਾ ਖਪਾਉਣਾ, ਦਵੈਤ ਭਾਵ ਤੇ ਹੋਰ ਜੋ ਵਿਕਾਰ ਰੂਪ ਵਸਤੂ ਹੈ।

Planting the seeds of self-existence (Haumai), worries, creating miseries (for others), doubt and other evil desires are useless as this distracts mortals and ruins the entire lifetime. Therefore without Almighty, everything else is pointless;

ਜੰਤ ਉਪਾਇ ਵਿਚਿ ਪਾਇਅਨੁ ; ਕਰਤਾ ਅਲਗੁ ਅਪਾਰੁ ॥੪੯॥

ਪਦ ਅਰਥ:– ਵਿਚਿ ਪਾਇਅਨੁ–ਹੰਗਤਾ ਵਿੱਚ ਪਾਇਆ ਹੈ, ਹਉਮੈ ਵਿੱਚ ਪਾਇਆ ਹੈ, with ego। **ਅਲਗੁ–ਨਿਰਲੇਪ, ਵੱਖਰਾ,** different। **ਅਪਾਰ–ਬਿਅੰਤ,** beyond limitation।

ਜੰਤ ਪੈਦਾ ਕਰਕੇ ਵਿੱਚ ਇਹਨਾਂ ਵਸਤੂਆਂ ਨੂੰ ਪਾ ਦਿੱਤਾ ਹੈ। ਆਪ ਕਰਤਾ ਪੁਰਖ ਅਪਾਰ ਹੈ, ਇਹਨਾਂ ਤੋਂ ਨਿਰਲੇਪ ਹੈ॥੪੯॥

Almighty has incorporated all these desires (as described in earlier line) when He created all the jeevs (beings) and Almighty himself is without all desires and He is beyond limitation.

ਸ੍ਰਿਸਟੇ ਭੇਉ ; ਨ ਜਾਣੈ ਕੋਇ ॥
ਸ੍ਰਿਸਟਾ ਕਰੈ ; ਸੁ ਨਿਹਚਉ ਹੋਇ ॥

ਪਦ ਅਰਥ:– ਸ੍ਰਿਸਟੇ–ਸਿਰਜਣਹਾਰ, ਕਰਤਾਰ, Creator। **ਜਾਣੈ–**knows। **ਭੇਉ–ਭੇਤ,** mystery, intention। **ਨਿਹਚਉ–ਜ਼ਰੂਰ,** definite।

ਈਸ਼ਵਰ (ਸ੍ਰਿਸਟੇ) ਦਾ ਭੇਤ ਕੋਈ ਨਹੀ ਜਾਣਦਾ ਅਤੇ ਜੋ ਈਸ਼ਵਰ ਕਰੇ ਉਹ ਨਿਸਚੇ ਹੀ ਹੁੰਦਾ ਹੈ।

Almighty’s intentions are not revealed to anyone. Whatever Almighty does definitely comes into reality.

ਸੰਪੈ ਕਉ ; ਈਸਰੁ ਧਿਆਈਐ ॥
ਸੰਪੈ ; ਪੁਰਬਿ ਲਿਖੇ ਕੀ ਪਾਈਐ ॥

ਪਦ ਅਰਥ:– ਸੰਪੈ–ਧਨ, ਸੰਪਦਾ, wealth। **ਪੁਰਬਿ–ਪੂਰਬਲੇ ਸਮੇਂ ਵਿੱਚ, ਪਹਿਲੇ ਸਮੇਂ ਵਿੱਚ,** past lives।

ਸੰਸਾਰ ਦੇ ਪਦਾਰਥਾਂ (ਸੰਪੈ, ਸੰਪਦਾ) ਵਾਸਤੇ ਮਨੁੱਖ ਉਸ ਪ੍ਰਮਾਤਮਾ ਨੂੰ ਧਿਆਉਂਦਾ ਹੈ ਅਤੇ ਸੰਪਦਾ ਪੂਰਬਲੇ ਲਿਖੇ ਹੋਏ ਕਰਮਾਂ ਦੀ ਦਿੱਤੀ ਹੋਈ ਪਾਈਦੀ ਹੈ।

Mortals remember Almighty in order to obtain worldly materials (wealth).

In reality the worldly possessions are received based on the pre-determined fate (Pralbad Karam) derived from previous deeds.

ਸੰਪੈ ਕਾਰਣਿ ; ਚਾਕਰ ਚੋਰ ॥
ਸੰਪੈ ; ਸਾਥਿ ਨ ਚਾਲੈ ਹੋਰ ॥

ਪਦ ਅਰਥ:- ਸੰਪੈ–wealth, worldly possessions। **ਚਾਕਰ–ਨੌਕਰ,** servant। **ਚੋਰ–**robber, looter।

ਧਨ ਦੀ ਖਾਤਰ ਨੌਕਰੀ ਕਰਦੇ ਹਨ, ਚੋਰੀਆਂ ਕਰਦੇ ਹਨ। ਇਹ ਧਨ ਨਾਲ ਨਹੀ ਜਾਂਦਾ ਹੈ ਤੇ ਫਿਰ ਹੋਰਨਾਂ ਦਾ ਬਣ ਜਾਂਦਾ ਹੈ। ਭਾਵ ਨਾਮ ਧਨ ਤੋਂ ਬਿਨਾਂ ਹੋਰ ਧਨ ਨਾਲ ਨਹੀ ਜਾਂਦਾ।

In order to earn wealth mortals serve others as servants (employee) and some even go to the extend of robbing others.

However the accumulated wealth never goes along after death and instantaneously becomes the ownership of others. Other than the wealth of Almighty's Name nothing goes along.

ਬਿਨੁ ਸਾਚੇ ; ਨਹੀ ਦਰਗਹ ਮਾਨੁ ॥
ਹਰਿ ਰਸੁ ਪੀਵੈ ; ਛੁਟੈ ਨਿਦਾਨਿ ॥੫੦॥

ਪਦ ਅਰਥ:- ਬਿਨੁ ਸਾਚੇ–ਬਿਨਾਂ ਸੱਚੇ ਨਾਮ ਤੋਂ, deprived of true name। **ਦਰਗਹ–ਪ੍ਰਮਾਤਮਾ ਦੀ ਹਜ਼ੂਰੀ,** in the Almighty's court। **ਨਿਦਾਨਿ–ਅੰਤ ਨੂੰ,** in the end।

ਬਿਨਾਂ ਸੱਚੇ ਨਾਮ ਤੋਂ ਦਰਗਾਹ ਵਿੱਚ ਮਾਣ ਪ੍ਰਾਪਤ ਨਹੀ ਹੋਵੇਗਾ। ਜੋ ਹਰੀ ਰਸ ਨੂੰ ਪੀਵੇਗਾ, ਅੰਤ ਨੂੰ ਉਹ ਹੀ ਛੁੱਟੇਗਾ॥੫੦॥

Without Almighty's Name no honour is given in the Almighty's court.

The one who drinks the love of Almighty's Name shall be released from the cycle of reincarnation at the end.

ਹੇਰਤ ਹੇਰਤ ਹੇ ਸਖੀ ; ਹੋਇ ਰਹੀ ਹੈਰਾਨੁ ॥
ਹਉ ਹਉ ਕਰਤੀ ਮੈ ਮੁਈ ; ਸਬਦਿ ਰਵੈ ਮਨਿ ਗਿਆਨੁ ॥

ਪਦ ਅਰਥ:- ਹੇਰਤ ਹੇਰਤ–ਵੇਖ ਵੇਖ ਕੇ, wandering। **ਮੁਈ–ਮਰ ਗਈ,** died। **ਰਵੈ–ਉਚਾਰਨ,** utterance। **ਮਨਿ–ਮਨ ਵਿੱਚ,** within mind। **ਗਿਆਨ**–wisdom।

ਹੇ ਸਖੀ! ਵੇਖ ਵੇਖ ਕੇ ਮੈਂ ਹੈਰਾਨ ਹੋ ਰਹੀ ਹਾਂ, ਕਿ ਜਿਸ ਕਰਕੇ ਮੈਂ ਹਉਂ ਹਉਂ ਕਰ ਰਹੀ ਸੀ, ਉਹ ਹਉਮੈ ਮਮਤਾ ਤਦ ਨਵਿੱਰਤ ਹੋਈ ਜਦੋਂ ਗੁਰ ਉਪਦੇਸ਼ ਦਾ ਉਚਾਰਨ ਕੀਤਾ ਅਤੇ ਮਨ ਵਿੱਚ ਗਿਆਨ ਹੋਇਆ।

Dear friend, I am amazed upon perceiving and discerning; Through all I have been me, as a different identity from Almighty, the ego and attachment was only vanished only after uttering the Guru's sermons and my mind is filled with divine knowledge.

ਹਾਰ ਡੋਰ ਕੰਕਨ ਘਣੇ ; ਕਰਿ ਥਾਕੀ ਸੀਗਾਰੁ ॥

ਪਦ ਅਰਥ:- ਹਾਰ–ਹਰਿ ਹਰਿ ਕਰਨੇ ਰੂਪੀ ਹਾਰ, necklace of recitation। **ਡੋਰ–ਬਿਰਤੀ,** rope here it means concentration। **ਕੰਕਨ–ਕੰਙਨ, ਕਰਤਾ,** bracelet here it means creator। **ਘਣੇ–ਬਥੇਰੇ,** various।

ਹਰਿ ਹਰਿ ਬਿਰਤੀ (ਡੋਰ) ਇਕਾਗਰ ਕਰੀ, ਕਰਤਾ ਕਰਤਾ (ਕੰਕਨ) ਕੀਤਾ, ਭਾਵ ਸਭ ਸਾਧਨ ਰੂਪ ਸ਼ਿੰਗਾਰ ਕਰਕੇ ਮੈ ਥੱਕ ਗਈ ਹਾਂ ਪਰ ਪਤੀ ਪ੍ਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਸੁੱਖ ਨਹੀ ਪਾਇਆ ਸੀ ਅਤੇ ਹੋਰ ਗੁਣ ਸੋਭਾ ਨਹੀ ਦਿੰਦੇ ਸਨ।

I have strived to recite Almighty's Name continuously which has developed concentration with a focused mind. I have beautified myself with the ornaments of practicing noble deeds by remembering Almighty as the creator. However without the attainment of Almighty groom all the achievements, virtues and hardwork does not reflect any glory or peace.

ਮਿਲਿ ਪ੍ਰੀਤਮ ਸੁਖੁ ਪਾਇਆ ; ਸਗਲ ਗੁਣਾ ਗਲਿ ਹਾਰੁ ॥

ਪਦ ਅਰਥ:- ਸਗਲ–all, complete। **ਗਲਿ**–neck। **ਹਾਰੁ**–necklace।

ਹੁਣ ਪ੍ਰੀਤਮ ਪ੍ਰਮੇਸ਼ਰ ਨੂੰ ਮਿਲੀ ਅਤੇ ਸੁੱਖ ਪਾਇਆ ਹੈ। ਸਰਬ ਗੁਣਾਂ ਦਾ ਜੋ ਹਾਰ ਗਲ ਵਿੱਚ ਪਾਇਆ ਸੀ, ਹੁਣ ਉਹ ਸੋਭ ਰਿਹਾ ਹੈ।

Now I have met my beloved Almighty and obtained happiness. All the virtues necklace around my neck is elegant (praiseful).

ਨਾਨਕ ਗੁਰਮੁਖਿ ਪਾਈਐ ; ਹਰਿ ਸਿਉ ਪ੍ਰੀਤਿ ਪਿਆਰੁ ॥

ਪਦ ਅਰਥ:- ਗੁਰਮੁਖਿ–ਗੁਰ+ਮੁਖਿ=ਮੁੱਖੀ ਗੁਰੂ, the leader Guru। **ਪਾਈਐ**–attain।

ਗੁਰੂ ਜੀ ਕਹਿੰਦੇ ਹਨ, ਕਿ ਹਰੀ ਪਿਆਰੇ ਨਾਲ ਤਨ ਮਨ ਕਰਕੇ ਪਿਆਰ ਕਰਨਾਂ ਗੁਰਾਂ ਕੋਲੋ ਪਾਈਦਾ ਹੈ।

Guru Ji says that the opportunity to love Almighty with mind and body is obtained from the Leader Guru (Gur + Mukh).

ਹਰਿ ਬਿਨੁ ਕਿਨਿ ਸੁਖੁ ਪਾਇਆ ; ਦੇਖਹੁ ਮਨਿ ਬੀਚਾਰਿ ॥

ਪਦ ਅਰਥ:- ਕਿਨਿ–ਕਿਸ ਨੇ, whom। **ਮਨਿ–ਮਨ ਵਿੱਚ,** within mind। **ਬੀਚਾਰਿ–ਵਿਚਾਰ ਕੇ,** contemplate।

ਮਨ ਵਿੱਚ ਵਿਚਾਰ ਕਰਕੇ ਦੇਖੋ, ਹਰੀ ਤੋਂ ਬਿਨਾਂ ਕਿਸ ਨੇ ਵੀ ਸੁੱਖ ਪਾਇਆ ਹੈ।

Contemplate in the mind; has anyone ever obtained happiness without Almighty?

ਹਰਿ ਪੜਣਾ ਹਰਿ ਬੁਝਣਾ ; ਹਰਿ ਸਿਉ ਰਖਹੁ ਪਿਆਰੁ ॥

ਪਦ ਅਰਥ:- ਬੁਝਣਾ–ਜਾਣਨਾ, knowing, understand। **ਹਰਿ ਸਿਉ–ਹਰੀ ਨਾਲ,** with Almighty।

ਤਾਂ ਤੇ ਹਰੀ ਦਾ ਨਾਮ ਪੜਨਾ ਅਤੇ ਹਰੀ ਨੂੰ ਹੀ ਸਮਝੋ। ਹਰੀ ਨਾਲ ਹੀ ਪਿਆਰ ਰੱਖੋ।

Therefore read pertaining to Almighty, understand and love Almighty alone.

ਹਰਿ ਜਪੀਐ ਹਰਿ ਧਿਆਈਐ ; ਹਰਿ ਕਾ ਨਾਮੁ ਅਧਾਰੁ ॥੫੧॥

ਪਦ ਅਰਥ:- ਹਰਿ–Almighty। **ਜਪੀਐ–** recite। **ਧਿਆਈਐ–**concentrate। **ਨਾਮੁ–**Name। **ਅਧਾਰੁ–**support।

ਹਰੀ ਨੂੰ ਜਪੀਏ, ਹਰੀ ਦਾ ਹੀ ਧਿਆਨ ਕਰੀਏ ਅਤੇ ਹਰੀ ਦੇ ਨਾਮ ਦਾ ਹੀ ਆਸਰਾ ਲਈਏ॥੫੧॥

Recite Almighty's Name, concentrate upon Almighty and only adopt Almighty's Name for support.

ਲੇਖੁ ਨ ਮਿਟਈ ਹੇ ਸਖੀ ; ਜੋ ਲਿਖਿਆ ਕਰਤਾਰਿ ॥

ਪਦ ਅਰਥ:- ਲੇਖੁ–fate। **ਮਿਟਈ**–fade, effaces। **ਲਿਖਿਆ**–written। **ਕਰਤਾਰਿ**–Almighty।

ਹੇ ਸਖੀ! ਕਰਤਾਰ ਨੇ ਜੋ ਲੇਖ ਲਿਖੇ ਹਨ ਉਹ ਲੇਖ ਮਿਟਦਾ ਨਹੀ। ਸੰਚਿਤ ਕਰਮਾਂ ਤੋਂ ਬਣੇ ਪ੍ਰਾਲਬਧ ਕਰਮ ਤੋਂ ਹੀ ਇਹ ਮਨੁੱਖਾ ਜਨਮ ਮਿਲਿਆ ਹੈ ਅਤੇ ਇਸ ਕਰਕੇ ਜੋ ਲੇਖ ਲਿਖੇ ਗਏ ਹਨ ਉਹ ਨਹੀ ਮਿਟ ਸਕਦੇ।

Dear Friend, the fate (Lekh) written by Almighty based on the accumulated deeds (Senchit Karam) from previous births never effaces (Mitna) means that the pre-written fate (Pralbhad Karam) will appear in reality as one have to repay his deeds.

ਆਪੇ ਕਾਰਣੁ ਜਿਨਿ ਕੀਆ ; ਕਰਿ ਕਿਰਪਾ ਪਗੁ ਧਾਰਿ ॥

ਪਦ ਅਰਥ:- ਕਾਰਣੁ–cause। **ਪਗੁ–ਪੈਰ,** foot। **ਧਾਰਿ–ਧਾਰਦਾ ਹੈ,** embrace।

ਆਪ ਹੀ ਬ੍ਰਹਮਾਦਿਕ ਨੂੰ ਜਿਸ ਨੇ ਪੈਦਾ ਕੀਤਾ, ਆਪ ਕ੍ਰਿਪਾ ਕਰਕੇ ਚਰਨ, ਭਾਵ ਸਮਝਣ ਦੀ ਬੁੱਧੀ ਜੀਵ ਦੇ ਹਿਰਦੇ ਅੰਦਰ ਧਾਰਦਾ ਹੈ। ਜਦ ਉਹ ਕਿਰਪਾ ਕਰਦਾ ਹੈ ਤਦ ਜੀਵ ਉਸ ਪ੍ਰਮਾਤਮਾ ਦੇ ਚਰਨਾਂ ਨੂੰ ਹਿਰਦੇ ਅੰਦਰ ਧਾਰਦਾ ਹੈ, ਭਾਵ ਉਸ ਦਾ ਧਿਆਨ ਧਰਦਾ ਹੈ।

Almighty himself has created all deities (Brahma, Vishnu, Shiva) and He himself with His grace blesses the understanding intellect within the jeev.

Second Meaning: When Almighty showers His blessings only then the concentration of His feet is developed within the mind.

ਕਰਤੇ ਹਥਿ ਵਡਿਆਈਆ ; ਬੂਝਹੁ ਗੁਰ ਬੀਚਾਰਿ ॥

ਪਦ ਅਰਥ:- ਕਰਤੇ–Almighty। **ਵਡਿਆਈਆ**–glories। **ਬੂਝਹੁ**–understand। **ਬੀਚਾਰਿ**–contemplate।

ਸਾਰੀਆਂ ਵਡਿਆਈਆਂ ਉਸ ਕਰਤੇ ਵਾਹਿਗੁਰੂ ਦੇ ਹੱਥ ਵਿੱਚ ਹਨ। ਇਹ ਵਿਚਾਰ ਦੁਆਰਾ ਜਾਣਨਾ ਕਰੋ।

All the glories are in Almighty's hand understand through contemplation of this truth.

ਲਿਖਿਆ ਫੇਰਿ ਨ ਸਕੀਐ ; ਜਿਉ ਭਾਵੀ ਤਿਉ ਸਾਰਿ ॥

ਪਦ ਅਰਥ:- ਫੇਰਿ–ਪਰਤਾ ਨਹੀ ਸਕਦੇ, ਮੋੜ ਨਹੀ ਸਕਦੇ, unchangeble। **ਭਾਵੀ–ਭਾਉਂਦਾ ਹੈ,** pleases। **ਸਾਰਿ–ਸੰਭਾਲ,** protection।

ਇਸ ਤਰ੍ਹਾਂ ਬੇਨਤੀ ਕਰੀਏ, ਕਿ ਹੇ ਹਰੀ! ਤੇਰਾ ਲਿਖਿਆ ਮੋੜ ਨਹੀ ਸਕੀਦਾ। ਜਿਸ ਤਰ੍ਹਾਂ ਤੈਨੂੰ ਭਾਉਂਦਾ ਹੈ, ਤੂੰ ਉਸ ਤਰਾਂ ਮੈਨੂੰ ਸੰਭਾਲ, ਭਾਵ ਰੱਖਿਆ ਕਰ।

One should humbly request 'Dear Almighty, the fate (Lekh) that you have written cannot be rejected therefore please protect me in any way that you wish', means that although we can't challenge or appose the fate in anyway but the only privilege we have is prayer therefore we ask for the strength to face the reality instead of trying to escape which is impossible.

ਨਦਰਿ ਤੇਰੀ ਸੁਖੁ ਪਾਇਆ ; ਨਾਨਕ ਸਬਦੁ ਵੀਚਾਰਿ ॥

ਪਦ ਅਰਥ:- ਨਦਰਿ–ਕਿਰਪਾ ਦ੍ਰਿਸ਼ਟੀ, blissful sight। **ਸੁਖੁ–**happiness। **ਵੀਚਾਰਿ–**contemplate।

ਗੁਰੂ ਜੀ ਕਹਿੰਦੇ ਹਨ, ਜਦ ਗੁਰ ਸ਼ਬਦ ਦਾ ਵਿਚਾਰ ਕੀਤਾ ਹੈ ਤਦ ਤੋਂ ਤੇਰੀ ਕਿਰਪਾ ਦ੍ਰਿਸ਼ਟੀ ਨਾਲ ਸੁੱਖ ਪਾਇਆ ਹੈ।

Guru Ji says that when I have contemplated the Guru's hymn (shabad) only then I have obtained happiness with Your (Almighty) glance.

ਮਨਮੁਖ ਭੂਲੇ ਪਚਿ ਮੁਏ ; ਉਬਰੇ ਗੁਰ ਬੀਚਾਰਿ ॥

ਪਦ ਅਰਥ:- ਭੂਲੇ–forgotten। **ਪਚਿ–ਸੜ੍ਹ ਕੇ, ਦੁਖੀ ਹੋ ਕੇ,** sad। **ਮੁਏ–**died। **ਉਬਰੇ–ਬਚ ਗਏ,** saved।

ਮਨਮੁਖਤਾ ਕਰਕੇ ਜੋ ਭੁੱਲੇ ਹਨ, ਉਹ ਸੰਸਾਰੀ ਅੱਗ ਵਿੱਚ ਸੜ੍ਹ ਮਰ ਗਏ ਹਨ ਅਤੇ ਉਹ ਹੀ ਬਚੇ ਹਨ, ਜਿੰਨ੍ਹਾਂ ਨੇ ਗੁਰਾਂ ਦੁਆਰਾ ਗੁਰ ਉਪਦੇਸ਼ ਦਾ ਵਿਚਾਰ ਕੀਤਾ ਹੈ।

The ones who have forgotten Almighty because of their mind-leading (Manmukhta) life are burned to death by the worldly fire and only those are saved who has contemplated through the Guru Ji's guidance.

ਜਿ ਪੁਰਖੁ ਨਦਰਿ ਨ ਆਵਈ ; ਤਿਸ ਕਾ ਕਿਆ ਕਰਿ ਕਹਿਆ ਜਾਇ ॥

ਪਦ ਅਰਥ:- ਪੁਰਖੁ-ਪੁ+ਰਖੁ=ਪੁਰੀਆਂ ਨੂੰ ਰਖਣ ਵਾਲਾ, the protector of the universe। **ਨਦਰਿ-ਨਜ਼ਰ,** blissful sight। **ਕਿਆ ਕਰਿ-ਕੀ ਕਰ ਕੇ, ਕਿਸ ਤਰ੍ਹਾਂ,** how then। **ਕਹਿਆ-**to be said।

ਜੋ ਪੁਰਖ ਨਜ਼ਰ ਹੀ ਨਾ ਆਵੇ, ਉਸ ਦਾ ਸਰੂਪ ਕੀ ਕਰਕੇ ਕਹਿਆ ਜਾਵੇ, ਭਾਵ ਬੇਅੰਤ ਹੀ ਕਹਿਣਾ ਬਣਦਾ ਹੈ।

Almighty the universal protector's form is invisible so how is it possible to describe His true form means that the perfect description will be that He is Endless.

ਬਲਿਹਾਰੀ ਗੁਰ ਆਪਣੇ ; ਜਿਨਿ ਹਿਰਦੈ ਦਿਤਾ ਦਿਖਾਇ ॥੫੨॥

ਪਦ ਅਰਥ:- ਬਲਿਹਾਰੀ-ਬਲਿ+ਹਾਰੀ=ਬਲ ਨੂੰ ਹਾਰਨਾ, surrender। **ਹਿਰਦੈ-ਹਿਰਦੇ ਅੰਦਰ,** in the heart। **ਦਿਤਾ ਦਿਖਾਇ-ਹਰੀ ਨੇ ਦਿਖਾ ਦਿੱਤਾ,** made it obvious।

ਅਸੀਂ ਆਪਣੇ ਗੁਰਾਂ ਤੋਂ ਸਦਾ ਬਲਿਹਾਰ ਜਾਂਦੇ ਹਾਂ, ਜਿੰਨ੍ਹਾਂ ਨੇ ਕਿਰਪਾ ਕਰਕੇ ਹਰੀ ਨੂੰ ਹਿਰਦੇ ਅੰਦਰ ਹੀ ਦਿਖਾ ਦਿੱਤਾ ਹੈ॥੫੨॥

I sacrifice upon my Guru who has gracefully enabled me to see Almighty within myself.

ਪਾਧਾ ਪੜਿਆ ਆਖੀਐ ; ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ; ਰਾਮ ਨਾਮ ਲਿਵ ਲਾਇ ॥

ਪਦ ਅਰਥ:- ਪੜਿਆ-ਵਿਦਵਾਨ, scholar। **ਬਿਦਿਆ ਬਿਚਰੈ-ਵਿੱਦਿਆਂ ਨੂੰ ਵਿਚਾਰੇ,** contemplates knowledge। **ਸਹਿਜ-ਸ਼ਾਤੀ,** peace। **ਸੋਧੈ-ਵਿਚਾਰ ਕੇ,** understand। **ਤਤੁ-ਸਿਧਾਂਤ,** principle।

ਜੋ ਸ਼ਾਤੀ ਸੁਭਾਅ ਨੂੰ ਧਾਰ ਕੇ ਵਿੱਦਿਆ ਨੂੰ ਵਿਚਾਰੇ ਅਤੇ ਹਰੀ ਦੇ ਨਾਮ ਵਿੱਚ ਲਿਵ ਲਾ ਕੇ ਵਿੱਦਿਆ ਦੇ ਸੋਧ ਕੇ ਤੱਤ ਨੂੰ ਜਾਣੇ, ਉਹ ਪਾਂਧਾ ਹੀ ਪੜ੍ਹਿਆ ਹੋਇਆ ਆਖੀਦਾ ਹੈ।

The one who adopts tolerant attitude while contemplating the knowledge is truly known as the literate teacher. Such teacher (Padha) should then understand the principals through purifying the knowledge by concentrating on Almighty's Name which means knowledge needs to be understood in its pure context in order to extract the ultimate truth.

ਮਨਮੁਖੁ ਬਿਦਿਆ ਬਿਕ੍ਰਦਾ ; ਬਿਖੁ ਖਟੇ ਬਿਖੁ ਖਾਇ ॥

ਪਦ ਅਰਥ:- ਬਿਦਿਆ-ਵਿੱਦਿਆ, education। **ਬਿਕ੍ਰਦਾ-ਵੇਚਦਾ,** sell। **ਬਿਖੁ-ਜ਼ਹਿਰ, ਵਿਸ਼ਿਆ ਰੂਪੀ ਜ਼ਹਿਰ,** poison।

ਮਨਮੁਖਤਾ ਕਰਕੇ ਜੋ ਵਿੱਦਿਆ ਨੂੰ ਵੇਚਦਾ ਹੈ, ਭਾਵ ਧਨ ਲੈ ਕੇ ਪੜ੍ਹਾਉਂਦਾ ਹੈ ਅਤੇ ਵਿਸ਼ਿਆਂ ਨੂੰ ਖੱਟਦਾ ਹੈ ਤੇ ਵਿਸ਼ਿਆਂ ਨੂੰ ਖਾਂਦਾ ਹੈ।

The mind-leading (Manmukhta) person sells the knowledge away means that he demands money to depart knowledge therefore he accumulates desires and later he consumes the desires which are equivalent to poison.

ਮੂਰਖੁ ਸਬਦੁ ਨ ਚੀਨਈ ; ਸੂਝ ਬੂਝ ਨਹ ਕਾਇ ॥੫੩॥

ਪਦ ਅਰਥ:- ਚੀਨਈ-ਚੀਨੈ, ਸਮਝਦਾ, ਪਛਾਣਦਾ, recognize। **ਕਾਇ-ਕੋਈ ਵੀ,** nil।

ਉਹ ਮੂਰਖ ਗੁਰਾਂ ਦੇ ਸ਼ਬਦ ਨੂੰ ਨਹੀ ਪਛਾਣਦਾ ਅਤੇ ਉਸ ਨੂੰ ਕੁਝ ਵੀ ਦੇਖਣੇ ਦੀ ਸਮਝ ਨਹੀ ਹੁੰਦੀ॥੫੩॥

Such fool never recognizes (Suuj) Almighty and dosen't even understand upon seeing (Buuj).

ਪਾਧਾ ਗੁਰਮੁਖਿ ਆਖੀਐ ; ਚਾਟੜਿਆ ਮਤਿ ਦੇਇ ॥

ਪਦ ਅਰਥ:- ਗੁਰਮੁਖਿ-ਗੁਰੂ ਦੇ ਸਨਮੁਖ, one who adopts Guru Ji's way of life। **ਚਾਟੜਿਆ-ਵਿਦਿਆਰਥੀ, ਮੁਰੀਦ, ਸ਼ਗਿਰਦਾ ਨੂੰ,** student। **ਮਤਿ-ਸਿੱਖਿਆ,** teaching।

ਉਹ ਪਾਂਧਾ ਹੀ ਗੁਰਮੁਖ ਆਖਣਾ ਚਾਹੀਦਾ ਹੈ, ਜੋ ਆਪਣੇ ਸ਼ਗਿਰਦਾ ਨੂੰ ਇਹ ਸਿੱਖਿਆ ਦਿੰਦਾ ਹੈ। ਕਿ...

Only that teacher is known as Gurmukh who advices his student; (as in the following line)

ਨਾਮੁ ਸਮਾਲਹੁ , ਨਾਮੁ ਸੰਗਰਹੁ ; ਲਾਹਾ ਜਗ ਮਹਿ ਲੇਇ ॥

ਪਦ ਅਰਥ:- ਸਮਾਲਹੁ–ਸੰਭਾਲੋ, ਚੇਤੇ ਰੱਖੋ, keep in mind। **ਸੰਗਰਹੁ–ਇਕੱਠਾ ਕਰੋ,** gather। **ਲਾਹਾ–ਲਾਭ, ਨਫਾ,** benefits।

ਹੇ ਪਿਆਰਿਓ! ਨਾਮ ਨੂੰ ਸੰਭਾਲੋ, ਨਾਮ ਨੂੰ ਹੀ ਇਕੱਠਾ ਕਰੋ, ਭਾਵ ਹਿਰਦੇ ਅੰਦਰ ਦ੍ਰਿੜ ਨਿਸਚਾ ਨਾਮ ਵਿੱਚ ਧਾਰੋ। ਇਸ ਨਾਲ ਹੀ ਜਗਤ ਵਿੱਚ ਲਾਭ ਹੋਵੇਗਾ।

Dear loved ones, maintain the recitation of Almighty's Name and accumulate the Almighty's Name means that in order to gain advantage in life one should have strong faith in Almighty's Name.

ਸਚੀ ਪਟੀ ਸਚੁ ਮਨਿ ; ਪੜੀਐ ਸਬਦੁ ਸੁ ਸਾਰੁ ॥

ਪਦ ਅਰਥ:- ਪਟੀ–slate with letters written on it। **ਮਨਿ–ਮਨ ਵਿੱਚ,** in the mind। **ਸਾਰੁ–ਸ੍ਰੇਸ਼ਟ,** supreme।

ਮਨ ਵਿੱਚ ਜੋ ਸੱਚ ਰੂਪ ਦੀ ਸਰਧਾ ਹੈ, ਇਹ ਹੀ ਸੱਚੀ ਪੱਟੀ ਹੈ। ਇਸ ਕਰਕੇ ਸੱਚ ਰੂਪ ਸ੍ਰੇਸ਼ਟ ਗੁਰ ਉਪਦੇਸ਼ ਨੂੰ ਪੜ੍ਹੀਏ, ਭਾਵ ਅਭਿਆਸ ਕਰੀਏ।

The faith in the true form within the mind is the true lesson through which true form of Guru's sermons are read means practiced.

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ; ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥

ਪਦ ਅਰਥ:- ਬੀਨਾ–ਵੇਖਣ ਵਾਲਾ, ਸਿਆਣਾ, ਚਤੁਰ, wise। **ਗਲਿ–ਗਲਿ ਵਿੱਚ,** in the neck।

ਗੁਰੂ ਜੀ ਕਹਿੰਦੇ ਹਨ, ਕਿ ਉਹ ਹੀ ਸਾਸਤ੍ਰ ਪੜ੍ਹਿਆ ਹੋਇਆ ਹੈ, ਉਹ ਹੀ ਚਤੁਰ ਪੰਡਿਤ ਹੈ, ਜਿਸ ਦੇ ਗਲ ਵਿੱਚ ਰਾਮ ਨਾਮ ਰੂਪੀ ਹਾਰ ਪਹਿਨਿਆ ਹੈ। ਭਾਵ ਜਿਸਨੇ ਪ੍ਰਮਾਤਮਾ ਦੀ ਭਗਤੀ ਕੀਤੀ ਹੈ। ਇਸ ਗੁਰ ਉਪਦੇਸ਼ ਨੂੰ ਪਾ ਕੇ ਉਸ ਪ੍ਰਮਾਤਮਾ ਦੇ ਵਿੱਚ ਲੀਨ ਹੋ ਗਿਆ॥੫੪॥੧॥

Guru Ji says only the ones has read divine books and are known as intelligent scholar who understands the core principals means they incline and believe in Almighty, whose neck is wearing the necklace of Almighty's Name. Only such ones has truly prayed (Upashna) to Almighty. Upon attaining Guru's sermons such scholar (Pandit) becomes highly respected and praiseful.

ੴ ਸਤਿਗੁਰ ਪ੍ਰਸਾਦਿ॥

ਗੁਰਬਾਣੀ ਵਿਚਾਰ – ਸਿਧ ਗੋਸਟਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕੈਡਮੀ

SRI GURU GRANTH SAHIB JI ACADEMY

Sidh Gost

A SRI GURU GRANTH SAHIB JI ACADEMY PUBLICATION

ਰਾਮਕਲੀ ਮਹਲਾ ੧

ਸ੍ਰੀ ਗੁਰੁ ਨਾਨਕ ਦੇਵ ਜੀ ਰਾਮਕਲੀ ਰਾਗ ਵਿੱਚ ਉਚਾਰਦੇ ਹਨ।

Sri Guru Nanak Dev Ji utters in Ramkali raga

ਸਿਧ ਗੋਸਟਿ

੧. ਜੋ ਮੁਕਤੀ ਦੀ ਚਰਚਾ ਹੈ (ਸਿਧ = ਮੁਕਤ , ਗੋਸਟਿ = ਚਰਚਾ)

੨. ਜੋ ਪ੍ਰਮੇਸਰ ਦੇ ਸਿਧ ਪੁਰਸਾਂ ਦੀ ਪਿਆਰੀ ਬਾਣੀ (ਸਿਧ = ਸਕਤੀ ਵਾਲੇ ਪੁਰਸ਼, ਗੋਸਟ=ਪਿਆਰੀ ਬਾਣੀ)

੩. ਪਰਮਾਤਮਾ ਨਾਲ ਮਿਲਾਪ (ਸਿਧ= ਪਰਮਾਤਮਾ, ਗੋਸਟ = ਮਿਲਾਪ)

1. The discussion of salvation (Sidh=Salvation, Gost=Discussion)
2. The loved hymn of Almighty's lovers (Sidh=the miraculous people, Gost=lovely hymn)
3. Union with Almighty (Sidh = Almighty, Gost = Union)

੧ੴ ਸਤਿਗੁਰ ਪ੍ਰਸਾਦਿ ॥

ਇਕ ਅਦ੍ਵੈਤ ਪ੍ਰਮਾਤਮਾ ਹੈ, ਜੋ ਸਾਰਿਆਂ ਦਾ ਪ੍ਰਕਾਸ਼ਕ ਹੈ ਅਤੇ ਉਸ ਨੂੰ ਸੱਚੇ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

The is one Almighty without duality (Eak), the life within the entire creation (Ongkaar), the truth form in all ages and time dimensions (Sat), the destroyer of ignorance darkness (Gu) and the illuminator of knowledge brightness (Ru), Grace (Persad) means the Almighty who is the life form of all is obtainable with the Guru's grace.

ਉਥਾਨਕਾ ੧: ਇਕ ਵਾਰ ਮਾਝੇ ਵਿਚ ਬਟਾਲੇ ਸ਼ਹਿਰ ਦੇ ਨਜ਼ਦੀਕ ਜਿਥੇ ਅਚਲ ਨਾਮ ਦਾ ਸਥਾਨ ਹੈ, ਜਿਥੇ ਸ਼ਿਵਰਾਤ ਫੱਗਣ ਵਦੀ ਚੌਦਾਂ (ਮੱਸਿਆ) ਦਾ ਮੇਲਾ ਹੁੰਦਾ ਹੈ, ਉਥੇ ਬਹੁਤ ਸਿਧ ਆਏ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਗਏ, ਉਸ ਸਮੇਂ ਸਿਧਾਂ ਨਾਲ ਜੋ ਚਰਚਾ ਹੋਈ, ਉਹ ਚਰਚਾ ਇਸ ਬਾਣੀ ਵਿੱਚ ਲਿਖੀ ਹੋਈ ਹੈ। ਇਸ ਕਰਕੇ ਇਸ ਬਾਣੀ ਕਾ ਨਾਮ ਸਿਧ ਗੋਸਟਿ ਹੈ। ਇਸ ਸਿਧ ਗੋਸਟਿ ਬਾਣੀ ਵਿਚ ਉਸ ਸਮੇਂ ਅਤੇ ਅਸਥਾਨ ਦਾ ਉਪਦੇਸ਼ ਸਿਖਾਂ ਨੂੰ ਦੇ ਰਹੇ ਹਨ॥

ਉਥਾਨਕਾ ੨: ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਅਤੇ ਬਾਬਾ ਬੁੱਢਾ ਜੀ ਨੇ ਸ੍ਰੀ ਕਰਤਾਰਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਬੇਨਤੀ ਕੀਤੀ, ਕਿ ਆਪ ਜੀ ਕਿਰਪਾ ਕਰਕੇ ਸੁਮੇਰ ਪਰਬਤ ਵਿਖੇ ਸਿਧ ਗੋਸਟਿ ਜੋ ਸਿਧਾਂ ਨਾਲ ਕੀਤੀ ਹੈ, ਦਾਸਾਂ ਨੂੰ ਸ੍ਰਵਣ ਕਰਵਾਉ ਜੀ। ਗੁਰੂ ਜੀ ਬੇਨਤੀ ਪਰਵਾਨ ਕਰਕੇ ਉਚਾਰਦੇ ਹਨ॥

Prologue 1: On the 14^{th} Phagun (27^{th} Febraury - the darkest day in a month) Guru Nanak Dev ji visited a town named Achal Vetala in Majha where Shivraat carnival was taking place, this carnival used to be attended by all the Sidhas annually. During Guru Ji's presence a dialogue with Sidhas took place which is recorded in this hymn titled Sidh Gost which means the Dialogue with the Sidhas. This hymns was read to the Sikhs on a separate occasion later.

Prologue 2: Once in Kartarpur Sahib Bhai Lehna Ji (later Guru Angad Dev Ji) and Baba Budha Ji did a humble request before Guru Nanak Dev Ji to utter the discussion held with the Sidhas in Summer Mountain, upon accepting the request Guru Ji composed the Sidh Gost as follows;

ਸਿਧ ਸਭਾ ਕਰਿ ਆਸਣਿ ਬੈਠੇ ; ਸੰਤ ਸਭਾ ਜੈਕਾਰੋ ॥

ਪਦ ਅਰਥ:- ਸਿਧ ਸਭਾ– ਸਾਰੇ ਸਿਧਾ ਦੀ ਸਭਾ, the congregation of Sidhas। **ਕਰਿ–ਲਗਾ ਕੇ। ਜੈਕਾਰੋ–ਨਮਾਸਕਾਰ ਹੋਵੇ,** salutation।

ਗੁਰੁ ਜੀ ਕਹਿੰਦੇ ਹਨ, ਹੇ ਭਾਈ ਸਿਧ, ਸਭਾ ਲਗਾ ਕੇ ਆਸਣਾਂ ਤੇ ਬੈਠੇ ਹੋਏ ਸਨ ਤਾਂ ਅਸੀ ਕਿਹਾ ਹੇ ਸੰਤ ਸਭਾ! ਤੁਹਾਨੂੰ ਨਮਸਕਾਰ ਹੈ, ਤਾਂ ਸਿਧਾਂ ਨੇ ਕਿਹਾ ਤੁਸੀ ਭਿੰਨ-ਭਿੰਨ ਨਮਸਕਾਰ ਕਿਉ ਨਹੀ ਕੀਤੀ, ਤਾਂ ਗੁਰੁ ਜੀ ਕਹਿੰਦੇ ਕਿ ਪਹਿਲਾਂ ਤਾਂ ਪ੍ਰਾਣਾ ਦਾ ਕੁਝ ਭਰੋਸਾ ਵੀ ਨਹੀ ਹੈ, ਦੂਜਾ ਵੱਖੋ-ਵੱਖ ਨਮਸਕਾਰ ਕਰਨ ਨਾਲ ਸਮਾਂ ਜਿਆਦਾ ਲੱਗਦਾ ਹੈ।

ਪੰਜ ਸਭਾ ਗੁਰਬਾਣੀ ਵਿਚ ਇਸ ਤਰ੍ਹਾਂ ਹਨ:-

੧. ਗੁਰ ਸਭਾ – ਗੁਰ ਸਭਾ ਏਵ ਨ ਪਾਈਐ ਨ ਨੇੜੈ ਨ ਦੂਰ ॥(ਅੰਗ ੮੪)

੨. ਸੰਤ ਸਭਾ – ਸੰਤ ਸਭਾ ਗੁਣ ਗਿਆਨੁ ਬੀਚਾਰੁ ॥ (ਅੰਗ ੧੩੪੩)

੩. ਸਿੱਖ ਸਭਾ – ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ॥(ਅੰਗ ੩੫੦)

੪. ਸਿਧ ਸਭਾ – ਸਿਧ ਸਭਾ ਕਰਿ ਆਸਣਿ ਬੈਠੇ ; ਸੰਤ ਸਭਾ ਜੈਕਾਰੋ ॥ (ਅੰਗ ੯੩੮)

੫. ਦੁਸਟ ਸਭਾ – ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥ (ਅੰਗ ੧੩੪੩)

Guru Ji says, Dear brothers all the sidhas was besited on their respective places leading a group of gatherings, I went in and amploud 'Victory for the gathering of saints and my bow to all'. Upon listening the Sidhas questioned me why didn't you bow separately as there are various people here belonging to different caste and background, then Guru Ji answered that first of all I have no faith on my life forces (Prana) and it would have consumed more time in bowing to all separately.

Guru Ji explained that the life the so short that it may end any time anytime and a person may not accomplish theeven the task which may only consume a few second.

<u>Five types of Sabha (Gathering) in Gurbani;</u>

1. Gur Sabha - In which Guru's knowledge is contemplated where Almighty is known within.

2. Sant Sabha - In which virtues and knowledge is contemplated.

3. Sikh Sabha - In which one obtains the gift of love and with Guru's obidient the true name is heared

4. Sidh Sabha - In which the people who have obtain miraculous powers by performing Almighty's meditation.

5. Dhust Sabha - The gathering of the wicked people in which the discussions are against the truth and by which the life is wasted.

ਤਿਸੁ ਆਗੈ ਰਹਰਾਸਿ ਹਮਾਰੀ ; ਸਾਚਾ ਅਪਰ ਅਪਾਰੋ ॥

ਪਦ ਅਰਥ:- ਤਿਸੁ ਆਗੈ-ਉਸ ਅੱਗੇ (before Him), **ਵਾਹਿਗੁਰੂ ਅੱਗੇ। ਰਹਰਾਸਿ-ਨਮਸਕਾਰ,** salutation। **ਸਾਚਾ-ਸੱਚਾ। ਅਪਰ-ਪਰੇ ਤੋਂ ਪਰੇ,** beyond borders। **ਅਪਾਰੋ-ਪਾਰ ਤੋਂ ਪਰੇ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ।**

ਹੇ ਸਿਧੋ! ਮੈਂ ਉਸ ਅੱਗੇ ਨਮਸਕਾਰ ਕੀਤੀ ਹੈ, ਜੋ ਸੱਚਾ ਅਤੇ ਅਪਰ ਅਪਾਰ ਹੈ। ਮੈਂ ਦੋਹਾਂ ਅੱਗੇ ਨਮਸਕਾਰ ਨਹੀ ਕੀਤੀ ਹੈ ਭਾਵ ਇਕ ਵਾਹਿਗੁਰੂ ਅਗੇ ਨਮਸਕਾਰ ਕਰਨ ਨਾਲ ਸਾਰਿਆਂ ਹੀ ਨਮਸਕਾਰ ਹੈ।

Dear Sidhas 'My Salutation is before Almighty who is truly beyond borders (infinite) and who exist within the entire creation therefore bowing once to Almighty means bowing to all'

ਮਸਤਕੁ ਕਾਟਿ ਧਰੀ ਤਿਸੁ ਆਗੈ ; ਤਨੁ ਮਨੁ ਆਗੈ ਦੇਉ ॥

ਪਦ ਅਰਥ:- ਮਸਤਕੁ-ਮੱਥਾ, ਸਿਰ, head। **ਕਾਟਿ-ਕੱਟ ਕੇ,** to cut। **ਧਰੀ-ਧਰਦਾ, ਸਮਰਪਿਤ,** present। **ਦੇਉ-ਧਰ ਦੇਵਾਂ, ਦੇ ਦੇਵਾਂ,** to place।

ਮੱਥਾ ਕਟਕੇ ਮਨ ਤਨ ਸਭ ਕੁਝ ਪ੍ਰਮਾਤਮਾ ਅੱਗੇ ਸਮਰਪਤ ਕਰ ਦੇਵਾ। ਜੇ ਕੋਈ ਕਹੇ ਜੇ ਪਰਮੇਸਰ ਨੂੰ ਤਨ ਮਨ ਦਿੰਦੇ ਹੋ ਤਾਂ ਸਿਧਾਂ ਨੂੰ ਨਮਸਕਾਰ ਕਿਉ ਕਰੀ ਹੈ। ਇਸ ਤੇ ਉਪਦੇਸ਼ ਕਰਦੇ ਹਨ.....

I shall cut off my head and lay my body and mind before the Almighty.

If one questions that if you (Guru Ji) surrender your body and mind to Almighty then why did you bow before the Sidhas? Guru Ji explains;

ਨਾਨਕ ਸੰਤੁ ਮਿਲੈ ਸਚੁ ਪਾਈਐ ; ਸਹਜ ਭਾਇ ਜਸੁ ਲੇਉ ॥੧॥

ਪਦ ਅਰਥ:- ਸਚੁ-ਸਚ ਸਰੂਪ ਪ੍ਰਮਾਤਮਾ, the form of truth; Almighty। **ਪਾਈਐ-ਪਾ ਲਈਦਾ ਹੈ। ਸਹਜ ਭਾਇ-ਸਹਿਜ ਅਵੱਸਥਾ, ਸੁੱਤੇ ਸਿੱਧ,** effortlessly। **ਲੇਉ-ਲਈਦਾ ਹੈ,** obtain।

ਗੁਰੂ ਜੀ ਕਹਿੰਦੇ ਹਨ, ਸੰਤਾਂ ਦੇ ਮਿਲਣ ਨਾਲ ਸੱਚ ਸਰੂਪ ਪ੍ਰਮੇਸਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਹਜ ਸੁਭਾਇ ਭਾਵ ਬਿਨਾ ਯਤਨ ਹੀ ਜਸ ਲਈਦਾ ਹੈ॥੧॥

ਫਿਰ ਸਿਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਹੇ ਬਾਲੇ ਚੱਲ ਤੈਨੂੰ ਤੀਰਥ ਯਾਤਰਾ ਕਰਵਾਈਏ, ਇਹ ਸੁਣ ਕੇ ਗੁਰੂ ਜੀ ਉਪਦੇਸ਼ ਕਰਦੇ ਹਨ;

Guru Ji says upon meeting the saints the Almighty can be attained and praise can be obtained naturally (without any effort) therefore bowing before such united souls is justified.

Then the Sidhas said 'Dear Bala (child-Guru Nanak Dev Ji) let us take you for a pilgrimage for all the well known shrines', Guru Ji answered;

ਕਿਆ ਭਵੀਐ ; ਸਚਿ ਸੂਚਾ ਹੋਇ ॥

ਪਦ ਅਰਥ:- ਕਿਆ–ਕੀ, what। **ਭਵੀਐ–ਭੌਣਾ,** roam। **ਸੂਚਾ–ਪਵਿੱਤਰ,** pure।

ਹੇ ਸਿਧੋ ! ਭੌਣ (ਤੀਰਥਾਂ ਤੇ ਫਿਰਨ) ਨਾਲ ਕੀ ਹੁੰਦਾ ਹੈ। ਸੱਚਾ ਨਾਮ ਜਪਣ ਕਰਕੇ ਮਨ ਸੁੱਚਾ ਹੁੰਦਾ ਹੈ॥

Dear Sidhas what will happen (be obtained) by roaming around? One can only be pure by reciting the Almighty's True Name not by completing mere ritualistic pilgrimage.

ਸਾਚ ਸਬਦ ਬਿਨੁ ; ਮੁਕਤਿ ਨ ਕੋਇ ॥੧॥ ਰਹਾਉ ॥

ਪਦ ਅਰਥ:- ਸਬਦ–ਗੁਰ ਉਪਦੇਸ, Guru's Sermons। **ਬਿਨੁ–** without।

ਇਸ ਕਰਕੇ ਸੱਚੇ ਗੁਰਾਂ ਦੇ ਸਬਦ ਤੋਂ ਬਿਨਾ ਕੋਈ ਮੁਕਤ ਨਹੀ ਹੋ ਸਕਦਾ॥

ਅੱਗੇ ਸਿਧ ਪ੍ਰਸ਼ਨ ਕਰਦੇ ਹਨ:-

Therefore, no one can attain salvation without the hymns of the True Guru.

The Sidhas questioned:--

ਕਵਨ ਤੁਮੇ ਕਿਆ ਨਾਉ ਤੁਮਾਰਾ ; ਕਉਨੁ ਮਾਰਗੁ ਕਉਨੁ ਸੁਆਓ ॥

ਪਦ ਅਰਥ:- ਕਵਨ–ਕੌਣ?, who। **ਤੁਮੇ–ਤੁਸੀ, ਤੁਹਾਡਾ ਸਰੂਪ,** you। **ਕਿਆ–ਕੀ?,** what। **ਕਉਨੁ–ਕਿਹੜਾ?,** which। **ਮਾਰਗੁ–ਰਸਤਾ,** path। **ਸੁਆਓ–ਪ੍ਰਯੋਜਨ, ਮਤਲਬ, ਆਦਰਸ਼,** purpose।

ਪ੍ਰਸ਼ਨ ੧. ਆਪ ਜੀ ਦਾ ਸਰੂਪ ਕੀ ਹੈ?

ਪ੍ਰਸ਼ਨ ੨. ਆਪ ਜੀ ਦਾ ਨਾਮ ਕੀ ਹੈ?

ਪ੍ਰਸ਼ਨ ੩. ਆਪ ਜੀ ਦਾ ਰਸਤਾ ਕਿਹੜਾ ਹੈ?

ਪ੍ਰਸ਼ਨ ੪. ਆਪ ਜੀ ਦਾ (ਸੁਆਓ) ਪ੍ਰਯੋਜਨ ਕੀ ਹੈ?

ਗੁਰੂ ਜੀ ਉੱਤਰ ਦਿੰਦੇ ਹਨ:-

Question No. 1 – What is your true form?

Question No. 2 – What is your actual name?

Question No. 3 – What is your practice?

Question No. 4 – What is your destiny (intentions)?

ਸਾਚੁ ਕਹਉ ਅਰਦਾਸਿ ਹਮਾਰੀ ; ਹਉ ਸੰਤ ਜਨਾ ਬਲਿ ਜਾਓ ॥

ਪਦ ਅਰਥ:- ਸਾਚੁ-ਸੱਚ, true। **ਕਹਉ-ਕਹਿੰਦਾ ਹਾਂ। ਹਉ-ਮੈਂ,** me। **ਬਲਿ-ਬਲਿਹਾਰ,** sacrifice। **ਜਾਓ-ਜਾਂਦਾ ਹਾਂ,** upon।

ਹੇ ਸਿੱਧੋ! ਮੈਂ ਸੱਚ ਕਹਿਦਾ ਹਾਂ ਅਤੇ ਸੰਤਾਂ ਦੇ ਅੱਗੇ ਮੇਰੀ ਅਰਦਾਸ ਹੈ। ਮੈ ਸੰਤ ਜਨਾ ਤੋ ਬਲਿਹਾਰ ਜਾਂਦਾ ਹਾਂ। ਭਾਵ ਅਰਥ ਇਹ ਹੈ:-

ਉੱਤਰ ੧. ਜੋ ਸੰਤਾਂ ਦਾ ਸਰੂਪ ਉਹ ਹੀ ਮੇਰਾ ਸਰੂਪ ਹੈ, ਭਾਵ ਸਤ ਚਿੱਤ ਅਨੰਦ ਸਾਡਾ ਸਰੂਪ ਹੈ।

ਉੱਤਰ ੨. ਜੋ ਸੰਤਾਂ ਦਾ ਨਾਮ ਉਹ ਹੀ ਮੇਰਾ ਨਾਮ ਹੈ, ਭਾਵ ਸਾਡਾ ਨਾਮ ਅਰਦਾਸੀਆ ਹੈ, ਹਰ ਵੇਲੇ ਅਸੀ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਰਹਿੰਦੇ ਹਾਂ।

ਉੱਤਰ ੩. ਜੋ ਸੰਤਾਂ ਦਾ ਮਾਰਗ ਉਹ ਹੀ ਮੇਰਾ ਮਾਰਗ ਹੈ, ਭਾਵ ਭਜਨ ਸਿਮਰਨ ਰੂਪ ਹੀ ਮੇਰਾ ਰਸਤਾ ਹੈ।

ਉੱਤਰ ੪. ਜੋ ਸੰਤਾ ਦਾ ਪ੍ਰਯੋਜਨ ਹੈ, ਉਹ ਹੀ ਮੇਰਾ ਪ੍ਰਯੋਜਨ ਹੈ, ਭਾਵ ਸੰਤ ਜਨਾਂ ਤੋ ਬਲਿਹਾਰ ਜਾਣਾ ਹੀ ਮੇਰਾ ਪ੍ਰਯੋਜਨ ਹੈ॥

ਅੱਗੇ ਸਿਧ ਪ੍ਰਸਨ ਕਰਦੇ ਹਨ:-

Dear Sidhas I utter the truth and my humble request (Ardaas) is before the saints and I sacrice myself unto the saints.

Answer No. 1 – The form of the saint is my true form (My true form is the Almighty's form which is true, energy & bliss or the the speaker of truth is my true form).

Answer No. 2 – The name of saint is my actual name (My actual name is the humble requester [Ardaasia])

Answer No. 3 – The practice of saints is my practice, which is to meditate upon Almighty

Answer No. 4 - The destiny (intentions) of saints is my destiny (intention). (My destiny is to sacrifice all my strength unto the saints).

The Sidhas questioned;

ਕਹ ਬੈਸਹੁ , ਕਹ ਰਹੀਐ ਬਾਲੇ ; ਕਹ ਆਵਹੁ , ਕਹ ਜਾਹੋ ॥

ਪਦ ਅਰਥ:- ਕਹ–ਕਿਥੇ?, where। **ਬੈਸਹੁ–ਬੈਠਦੇ ਹੋ,** sit। **ਰਹੀਐ–ਰਹਿੰਦੇ ਹੋ,** dwell, stay। **ਬਾਲੇ–ਬਾਲਕ,** child। **ਕਹ–ਕਿਥੇ?।** **ਆਵਹੁ–ਆਏ ਹੋ,** come from। **ਜਾਹੋ–ਜਾਵੋਗੇ,** will go।

ਹੇ ਬਾਲੇ!

ਪ੍ਰਸ਼ਨ ੫. ਕਿਥੇ ਬੈਠਦੇ ਹੋ?

ਪ੍ਰਸ਼ਨ ੬. ਕਿਥੇ ਰਹਿਦੇ ਹੋ?

ਪ੍ਰਸ਼ਨ ੭. ਕਿਥੋਂ ਆਏ ਹੋ?

ਪ੍ਰਸ਼ਨ ੮. ਕਿਥੇ ਜਾਉਗੇ?

Dear Bala,

Question No. 5 – Where do you sit which means in what do you concentrate?

Question No. 6 - Where do you reside?

Question No. 7 – Where are you from (origin)?

Question No. 8 – Where do you intend to go?

ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥

ਪਦ ਅਰਥ:- ਬੈਰਾਗੀ–ascetic । **ਕਿਆ–ਕੀ, ਕਿਹੜਾ?,** which। **ਰਾਹੋ–ਰਸਤਾ,** path, practice।

ਗੁਰੂ ਜੀ ਕਹਿਦੇ ਹਨ ਸਾਨੂੰ ਸਿੱਧ ਬੋਲੇ,

ਪ੍ਰਸ਼ਨ ੯. ਹੇ ਬੈਰਾਗਵਾਨ ਤੇਰਾ ਰਾਹ ਕਿਹੜਾ ਹੈ?॥੨॥

ਗੁਰੂ ਜੀ ਉੱਤਰ ਦਿੰਦੇ ਹਨ:-

Guru Ji said the sidhas said to me 'Listen Dear Ascetic, what is your way (believe)? – Question No. 9. Guru Ji answered,

ਘਟਿ ਘਟਿ ਬੈਸਿ ਨਿਰੰਤਰਿ ਰਹੀਐ ; ਚਾਲਹਿ ਸਤਿਗੁਰ ਭਾਏ ॥

ਪਦ ਅਰਥ:- ਘਟਿ ਘਟਿ–ਹਰ ਜਗ੍ਹਾ, everywhere, omnipresent। **ਬੈਸਿ–ਇਸਥਿਤ, ਵਿਆਪਕ, ਬੈਠਕ।** **ਨਿਰੰਤਰਿ–ਇਕ ਰਸ,** consistently। **ਰਹੀਐ–ਰਹਿੰਦੇ ਹਾਂ,** stay। **ਚਾਲਹਿ–ਚਲਣਾ,** move on, to go। **ਭਾਏ–ਆਗਿਆ,** Will।

ਉੱਤਰ ੬- ਘਟਾਂ ਘਟਾਂ ਵਿੱਚ ਜੋ ਇਕ ਰਸ (ਨਿਰੰਤਰਿ) ਇਸਥਿਤ (ਬੈਸਿ) ਹੈ, ਅਸੀ ਉਸ ਵਿਚ ਰਹਿੰਦੇ ਹਾਂ।

ਉੱਤਰ ੯- ਸਤਿਗੁਰ ਦੀ ਆਗਿਆ ਅਨੁਸਾਰ ਚਲਣਾ ਇਹ ਸਾਡਾ ਰਸਤਾ ਹੈ।

Answer to Question No.6 – I reside in the Almighty who consistently exists within the entire creation and He is in the name of whom i concentrate consistently.

Answer to Question No.9 – My way (believe) is to stay in the true Guru's will.

ਸਹਜੇ ਆਏ , ਹੁਕਮਿ ਸਿਧਾਏ ; ਨਾਨਕ ਸਦਾ ਰਜਾਏ ॥

ਪਦ ਅਰਥ:- ਸਹਜੇ-ਸੁਤੇ ਸਿਧ, by itself। **ਹੁਕਮਿ-**command। **ਸਿਧਾਏ-ਜਾਂਵਾਗੇ। ਰਜਾਏ-ਆਗਿਆ, ਰਜ਼ਾ,** Will।

ਉੱਤਰ ੭. ਸਹਜੇ ਹੀ ਵਾਹਿਗੁਰੂ ਦੇ ਹੁਕਮ ਵਿਚ ਆਏ ਹਾਂ।

ਉੱਤਰ ੮. ਉਸ ਵਾਹਿਗੁਰੂ ਦੇ ਹੁਕਮ ਵਿਚ ਹੀ ਜਾਂਵਾਗੇ।

ਗੁਰੂ ਜੀ ਕਹਿੰਦੇ ਹਨ, ਅਸੀ ਹਰ ਸਮੇਂ ਪ੍ਰਮੇਸ਼ਰ ਦੀ ਆਗਿਆ (ਰਜਾਏ) ਵਿੱਚ ਚਲਦੇ ਹਾ॥

Answer to Question No.7 – I came in the will of Almighty.

Answer to Question No.8 – I shall go in the will of Almighty as well.

Guru Ji says that I always stay in the Will of everlasting Almighty.

ਆਸਣਿ ਬੈਸਣਿ ਥਿਰੁ ਨਾਰਾਇਣੁ ; ਐਸੀ ਗੁਰਮਤਿ ਪਾਏ ॥

ਪਦ ਅਰਥ:- ਬੈਸਣਿ-ਬੈਠਣਾ, to sit। **ਥਿਰੁ-ਇਸਥਿਤ,** permenant। **ਐਸੀ-ਇਹੋ ਜਿਹੀ। ਗੁਰਮਤਿ-ਗੁਰੂ ਦੀ ਮੱਤ। ਪਾਏ-ਪ੍ਰਾਪਤ ਕੀਤੇ,** obtain।

ਉੱਤਰ ੫. ਆਸਣ ਕਰਕੇ ਜੋ ਥਿਰੁ ਪ੍ਰਮਾਤਮਾ ਹੈ, ਅਸੀ ਉਸ ਵਿੱਚ ਵਿੱਚ ਬੈਠਣਾ ਕੀਤਾ ਹੈ। ਇਹ ਇਹੋ ਜਿਹੀ ਗੁਰਮਤਿ ਹੈ, ਜਿਸ ਨਾਲ ਸਾਰੇ ਸਾਧਨ ਪ੍ਰਾਪਤ ਕੀਤੇ ਹਨ।

Answer to Question No.5 – Through Guru’s wisdom I have attained a permenant dwelling by merging into Almighty and I have accomplished all the religious pursuits.

Guru Ji explains that practicing meditation intentionally for the achievement of a particular super natural power, by means of meditation one can attain the fruits of the complete various methods upon realising Almighty’s true existence within.

ਗੁਰਮੁਖਿ ਬੂਝੈ ਆਪੁ ਪਛਾਣੈ ; ਸਚੇ ਸਚਿ ਸਮਾਏ ॥੩॥

ਪਦ ਅਰਥ:- ਬੂਝੈ-ਬੁੱਝ ਲਵੇ, understand। **ਆਪੁ-ਆਪਣਾ ਆਪ,** Himself। **ਪਛਾਣੈ-ਜਾਣ ਲਵੇ, ਪਹਿਚਾਣ ਲਵੇ,** recognise। **ਸਚੇ-ਸੱਚੇ ਵਾਹਿਗੁਰੂ। ਸਚਿ-ਨਿਸਚੇ ਹੀ। ਸਮਾਏ-ਸਮਾ ਜਾਂਦਾ ਹੈ।**

ਜੋ ਗੁਰੂ ਦੇ ਦੁਆਰੇ ਗੁਰੂ ਦੀ ਸਿੱਖਿਆ ਸਮਝ ਕੇ ਆਪਣੇ ਆਪ ਨੂੰ ਪਛਾਣ ਲਵੇ, ਉਹ ਸੱਚ ਵਿਚ ਨਿਸਚਾ ਕਰਕੇ ਸਹਿਜ ਵਿਚ ਸਮਾ ਜਾਂਦਾ ਹੈ, ਭਾਵ ਤੁਸੀ ਵੀ ਗੁਰਮਤਿ ਅੰਗੀਕਾਰ ਕਰਕੇ ਅਪਣੇ ਆਪ ਨੂੰ ਪਛਾਣੋ॥੩॥

ਅਗਲਾ ਸਿਧ ਚਰਪਟ ਨਾਥ ਦਾ ਪ੍ਰਸ਼ਨ:-

The fortunate one who understands through the Guru’s teachings will recognise the true form of Himself and through faith will merge with Almighty; means that the Sidhas were told to adopt the Guru’s way in order realise their true self.

One Sidh by the name of Charpat Nath questioned as follows;

ਦੁਨੀਆ ਸਾਗਰੁ ਦੁਤਰੁ ਕਹੀਐ ; ਕਿਉ ਕਰਿ ਪਾਈਐ ਪਾਰੋ ॥

ਪਦ ਅਰਥ:- ਦੁਨੀਆ-ਸੰਸਾਰ, world। **ਸਾਗਰੁ-ਸਮੁੰਦਰ,** ocean। **ਦੁਤਰੁ-ਜਿਸ ਦਾ ਤਰਨਾ ਔਖਾ ਹੋਵੇ,** unswimable। **ਕਹੀਐ-ਕਹੀਦਾ ਹੈ। ਕਿਉ-ਕਿਵੇਂ? ਕਰਿ-ਕਰਕੇ। ਪਾਰੋ-ਪਾਰ, ਕਿਨਾਰਾ।**

ਪ੍ਰਸ਼ਨ ੧੦ – ਇਹ ਜੋ ਦੁਨੀਆਂ ਨਾ ਤਰੇ ਜਾਣ ਵਾਲਾ ਔਖਾ ਸਮੁੰਦਰ ਕਹੀਦਾ ਹੈ, ਇਸ ਦੇ ਕਿਨਾਰੇ ਨੂੰ ਕਿਵੇਂ ਪਾਈਦਾ ਹੈ?

Question No. 10 – This world is unswimable ocean therefore how can one go across ?

ਚਰਪਟੁ ਬੋਲੈ ; ਅਉਧੂ ਨਾਨਕ , ਦੇਹੁ ਸਚਾ ਬੀਚਾਰੋ ॥

ਪਦ ਅਰਥ:- ਚਰਪਟ-ਸਿਧ ਦਾ ਨਾਮ, name of a Sidha। **ਬੋਲੈ-ਬੋਲਿਆ,** spoke। **ਅਉਧੂ-ਅਵਧੂਤ, ਜੋ ਕੰਪਾਇਮਾਨ ਨਾ ਹੋਵੇ,** ascetic। **ਦੇਹੁ-ਦੇਵੋ,** give। **ਬੀਚਾਰੋ-ਵਿਚਾਰ,** contemplation।

ਚਰਪਟ ਜੀ ਕਹਿੰਦੇ ਹਨ, ਹੇ ਅਵਧੂਤ ਨਾਨਕ! ਵੀਚਾਰ ਕੇ ਸੱਚਾ ਉੱਤਰ ਦੇਵੋ। ਗੁਰੂ ਜੀ ਚਰਪਟ ਨੂੰ ਵਡਿਆਈ ਸਹਿਤ ਉੱਤਰ ਦਿੰਦੇ ਹਨ।

Charpat ji says Dear Ascetic (from all worldly affairs) Nanak, please answer me thoughtfully? Guru Ji answer whilst honouring Charpat Nath;

ਆਪੇ ਆਖੈ ਆਪੇ ਸਮਝੈ ; ਤਿਸੁ ਕਿਆ ਉਤਰੁ ਦੀਜੈ ॥

ਪਦ ਅਰਥ:- ਆਖੈ-ਆਖੇ, ਪ੍ਰਸ਼ਨ ਕਰੇ, questions। **ਤਿਸੁ-ਉਸ ਨੂੰ,** him। **ਕਿਆ-ਕੀ,** what। **ਦੀਜੈ-ਦੇਈਏ,** give।

ਜੋ ਆਪੇ ਪ੍ਰਸ਼ਨ ਕਰੇ ਅਤੇ ਆਪੇ ਹੀ ਸਮਝਦਾ ਹੋਵੇ, ਉਸ ਨੂੰ ਕੀ ਉੱਤਰ ਦੇਣਾ, ਭਾਵ ਤੁਸੀ ਸਭ ਸਮਝਦੇ ਹੋ।

The one who questions and understands himself, how can one ever answer, means that Charpat Nath is wise enough to understand. This is a gesture of respect.

ਸਾਚੁ ਕਹਹੁ ਤੁਮ ਪਾਰਗਰਾਮੀ ; ਤੁਝੁ ਕਿਆ ਬੈਸਣੁ ਦੀਜੈ ॥੪॥

ਪਦ ਅਰਥ:- ਸਾਚੁ-ਸੱਚ। ਕਹਹੁ-ਕਹਿੰਦੇ ਹਾਂ। ਪਾਰਗਰਾਮੀ-ਸੰਸਾਰ ਸਮੁੰਦਰ ਤੋਂ ਪਾਰ ਲੰਘਣ ਵਾਲਾ, ਮੁਕਤ, liberated। **ਤੁਝੁ-ਤੁਹਾਨੂੰ,** you। **ਕਿਆ-ਕੀ। ਬੈਸਣੁ-ਉੱਤਰ,** answer। **ਦੀਜੈ-ਦੇਵਾਂ,** to give, response। **ਬੈਸਣੁ ਦੀਜੈ-**to reply।

ਅਸੀ ਸੱਚ ਕਹਿਦੇ ਹਾਂ, ਤੁਸੀ ਤਾਂ ਸੰਸਾਰ ਤੋਂ ਪਾਰ ਹੋ, ਤੁਹਾਨੂੰ ਕੀ ਉਤਰ (ਬੈਸਣੁ) ਦੇਈਏ॥੪॥ ਚਰਪਟ ਨੇ ਕਿਹਾ ਕਿ ਮੈਂ ਆਪ ਦੀ ਰਸਨਾਂ ਤੋਂ ਕੁਝ ਸੁਣਨਾ ਚਹੁੰਦਾ ਹਾਂ। ਇਸ ਤੇ ਗੁਰੂ ਜੀ ਉਪਦੇਸ਼ ਕਰਦੇ ਹਨ:-

Guru Ji says, I speak the truth that you (Charpat Nath) have crossesed the worldly ocean and how can I answer you.

Then Charpat Nath said, I wish to listen the answer from your mouth, Guru Ji then says;

ਜੈਸੇ ਜਲ ਮਹਿ ਕਮਲੁ ਨਿਰਾਲਮੁ ; ਮੁਰਗਾਈ ਨੈ ਸਾਣੇ ॥

ਪਦ ਅਰਥ:– ਜੈਸੇ–ਜਿਸ ਤਰ੍ਹਾਂ, like। **ਜਲ–ਪਾਣੀ,** water। **ਮਹਿ–ਵਿੱਚ,** inside। **ਕਮਲੁ–ਕੌਲ ਫੁੱਲ,** lotus flower। **ਨਿਰਾਲਮੁ–ਅਸੰਗ, ਵੱਖਰਾ,** separate or smething that stay within but untouched by characterics of the base। **ਮੁਰਗਾਈ–ਮੁਰਗਾਬੀ,** duct। **ਨੈ ਸਾਣੇ–ਨੀਸਾਨੀ,** sign।

ਉੱਤਰ ੧੦. ਜਿਸ ਤਰ੍ਹਾਂ ਜਲ ਵਿੱਚ ਕਮਲ ਅਸੰਗ ਰਹਿੰਦਾ ਹੈ ਅਤੇ ਜਿਵੇਂ ਮੁਗਰਾਬੀ ਦੀ ਅਸੰਗਤਾ ਵਿਚ ਨੀਸਾਨੀ (ਨੈਸਾਣੇ) ਹੈ, ਜਿਵੇ ਜਲ ਵਿੱਚ ਰਹਿਕੇ ਖੰਭ ਨਹੀ ਭਿੱਜਦੇ, ਇਸ ਤਰ੍ਹਾਂ ਸੰਤ ਵੀ ਸੰਸਾਰ ਵਿੱਚ ਅਸੰਗ ਹਨ।

Answer to Question No.10 – just like a lotus flower which is stays in water but blossoms above water level without a single drop of water resting on ites patels and a duck which stays and swims on water without wetting his feathers, in tha same manner saints stay in this dreadful worldly ocean which is filled with the water of materials. Guru Ji explains that knowledge (Gyan) and renunciation (vairag) form of feather is not soaked in worldly materials form of water, which means one has to be above the greed and attachment.

ਸੁਰਤਿ ਸਬਦਿ ਭਵ ਸਾਗਰੁ ਤਰੀਐ ; ਨਾਨਕ ਨਾਮੁ ਵਖਾਣੇ ॥

ਪਦ ਅਰਥ:– ਸੁਰਤਿ–ਧਿਆਨ, ਬਿਰਤੀ, concentration, focus। **ਸਬਦਿ–ਗੁਰ ਉਪਦੇਸ। ਭਵ ਸਾਗਰੁ–ਸੰਸਰ ਸਮੁੰਦਰ,** worldly ocean। **ਤਰੀਐ–ਤਰੀਦਾ ਹੈ,** swim across। **ਵਖਾਣੈ–ਜਪੇ,** recite।

ਗੁਰੂ ਜੀ ਕਹਿੰਦੇ ਹਨ, ਪ੍ਰੇਮ ਨਾਲ ਗੁਰੂ ਦੇ ਉਪਦੇਸ ਨਾਲ ਨਾਮ ਜਪੇ (ਵਖਾਣੇ)। ਇਸ ਤਰ੍ਹਾਂ ਭਵਸਾਗਰ ਨੂੰ ਤਰੀਦਾ (ਤਰੀਐ) ਹੈ।

ਗੁਰੂ ਜੀ ਤਰੇ (ਮੁਕਤ) ਹੋਏ ਪੁਰਸ਼ਾਂ ਦੀ ਉਸਤਤਿ ਕਰਦੇ ਹਨ:–

Guru Ji says that one who listens to Guru's hymn (sermons) with utmost love and recites the Almighty's Name will swim across this materialistic worldly ocean.

Guru Ji praises the ones who have crosses the materialistic worldly ocean.

ਰਹਹਿ ਇਕਾਂਤਿ , ਏਕੋ ਮਨਿ ਵਸਿਆ ; ਆਸਾ ਮਾਹਿ ਨਿਰਾਸੋ ॥

ਪਦ ਅਰਥ:– ਰਹਹਿ–ਰਹਿੰਦਾ ਹੈ, remain, stay। **ਇਕਾਂਤਿ–ਇਕਾਗਰਤਾ,** in isolation, solo। **ਏਕੋ–ਇਕ ਪ੍ਰਮੇਸ਼ਰ।** **ਆਸਾ–ਆਸਾ,** wish, hope। **ਮਾਹਿ–ਵਿੱਚ,** in। **ਨਿਰਾਸੋ–ਅਸੰਗ,** detached, hopeless।

ਉਹ ਇਕਾਂਤ ਵਿੱਚ ਰਹਿੰਦੇ ਹਨ। ਇਕ ਵਾਹਿਗੁਰੂ ਵਿੱਚ ਹੀ ਉਨ੍ਹਾਂ ਦਾ ਮਨ ਵਸਿਆ ਹੈ। ਉਹ ਆਸਾ ਵਿਚ ਹੀ ਨਿਰਾਸ ਹਨ, ਭਾਵ ਸਭ ਕਾਰ–ਵਿਹਾਰਾਂ ਵਿੱਚ ਹੀ ਅਸੰਗ ਹਨ।

Such fortunate ones lives their life by detaching from all the worldly materials and emotions; Almighty alone dwells in their thoughts (mind) and they live their life with hope by detaching from the wish or demand to fulfil the hope.

Note: This state of spiritual enlightment comes with the enlightment that hope or wish is created naturally from within based on the previous deeds and thoughts and the ego of driving it through develops which comes with the sense of belonging to the hope. This takes a person to drive it as its own and becomes a mission for life, Guru Ji coutions that one should elevate his/her spritual state to understand the purpose of life not chasing their own shadow. The phenomenon of a shadow illustrates this point very clearly as the shadow of a physical form is created with a presence of backlight, the same shadow can be chased for entire life and one will never be able to obtain it because the shadow is the chaser himself. The wish of a hope is the shadow and hope chases it until the wish disappears (merges) in the hope, this is what is known as living in a hope, hopelessly.

ਅਗਮੁ ਅਗੋਚਰੁ ਦੇਖਿ ਦਿਖਾਏ ; ਨਾਨਕੁ ਤਾ ਕਾ ਦਾਸੋ ॥੫॥

ਪਦ ਅਰਥ:– ਅਗਮੁ–ਮਨ ਦੀ ਪਹੁੰਚ ਤੋਂ ਪਰੇ, beyond the mind's comprehension। **ਅਗੋਚਰੁ–ਜੋ ਇੰਦ੍ਰੀਆਂ ਦਾ ਵਿਸ਼ਾ ਨਾ ਹੋਵੇ,** beyond the sensory organs। **ਦੇਖਿ–ਦੇਖਿਆ ਹੈ,** seen। **ਦਿਖਾਇ–ਦਿਖਾਉਂਦੇ ਹਨ,** seen। **ਤਾ ਕਾ–ਉਹਨਾਂ ਦਾ,** their। **ਦਾਸੋ–ਦਾਸ ਹਾਂ,** servant।

ਉਹਨਾਂ ਨੇ ਪ੍ਰਮਾਤਮਾ (ਅਗਮ ਅਗੋਚਰੁ) ਨੂੰ ਆਪ ਦੇਖਿਆ ਹੈ ਅਤੇ ਹੋਰਨਾ ਨੂੰ ਦਿਖਾਉਂਦੇ ਹਨ। ਗੁਰੂ ਜੀ ਕਹਿੰਦੇ ਹਨ, ਅਸੀ ਉਹਨਾਂ ਦੇ ਦਾਸ ਹਾਂ, ਭਾਵ ਤੁਸੀ ਵੀ ਦਾਸਾ–ਭਾਉ ਅੰਗੀਕਾਰ ਕਰੋ, ਤਾਂ ਤੁਹਾਨੂੰ ਵੀ ਪ੍ਰਾਪਤੀ ਹੋ ਜਾਵੇਗੀ॥੫॥

ਹੁਣ ਸਿਧ ਤਿੰਨ ਪ੍ਰਸਨ ਕਰਦਾ ਹੈ ਅਤੇ ਤਿੰਨ ਹੀ ਉੱਤਰ ਇਸ ਪੌੜੀ ਵਿੱਚ ਦਿੱਤੇ ਹਨ।

They have seen Almighty who is beyond mind's comprehension (Agam) and beyond the reach of sensors (Agocher) and they guide others to see Almighty as well; Guru Ji says that I am the servent of those.

Note: Guru Ji humble gesture illustrates that one should adopt humbleness to attain the sight of Almighty.

ਸੁਣਿ ਸੁਆਮੀ ਅਰਦਾਸਿ ਹਮਾਰੀ ; ਪੂਛਉ ਸਾਚੁ ਬੀਚਾਰੋ ॥

ਪਦ ਅਰਥ:- ਸੁਣਿ-ਸੁਣੋ, listen। **ਅਰਦਾਸਿ-ਬੇਨਤੀ,** humble request or pray। **ਹਮਾਰੀ-ਅਸਾਡੀ,** ours। **ਪੂਛਉ-ਪੁੱਛਦੇ ਹਾਂ,** ask। **ਸਾਚੁ-ਸੱਚਾ। ਬੀਚਾਰੋ-ਵੀਚਾਰ,** contemplation।

ਸਿਧ ਗੁਰੂ ਜੀ ਨੂੰ ਕਹਿੰਦਾ ਹੈ, ਹੇ ਸੁਆਮੀ! ਸਾਡੀ ਬੇਨਤੀ ਸੁਣੋ। ਅਸੀ ਸੱਚ ਪੁੱਛਦੇ ਹਾਂ ਵੀਚਾਰ ਕੇ ਉਤਰ ਦਿਉ।

Sidhas say to Guru Ji, Dear Master listen to our humble request and we ask truly for an answer; please do answer after contemplating.

ਰੋਸੁ ਨ ਕੀਜੈ , ਉਤਰੁ ਦੀਜੈ ; ਕਿਉ ਪਾਈਐ ਗੁਰ ਦੁਆਰੋ ॥

ਪਦ ਅਰਥ:- ਰੋਸੁ-ਗੁੱਸਾ, ਕ੍ਰੋਧ, angry। **ਨ ਕੀਜੈ-ਨਾ ਕਰਨਾ। ਦੀਜੈ-ਦੇਵੋ,** give। **ਕਿਉ-ਕਿਵੇਂ। ਪਾਈਐ-ਪਾਈਏ,** obtain। **ਗੁਰ ਦੁਆਰੋ-ਗੁਰੂ ਦਾ ਦੁਆਰ,** through a Guru।

ਤੁਸੀ ਕ੍ਰੋਧ ਨਾ ਕਰਨਾ ਸਾਨੂੰ ਉੱਤਰ ਦਿਉ।

ਪ੍ਰਸਨ ੧੧ – ਪ੍ਰਮੇਸਰ ਨੂੰ ਕਿਸ ਪ੍ਰਕਾਰ ਪਾਈਏ?

ਉੱਤਰ ੧੧ – ਪ੍ਰਮੇਸ਼ਰ ਨੂੰ ਗੁਰੂ ਦੁਆਰਾ ਪਾਈਦਾ ਹੈ।

Please do not be angry and give us an answer.

Question No.11 - How can one attain Almighty?

Answer No.11 – Almighty can only be attained through a Guru.

ਇਹੁ ਮਨੁ ਚਲਤਉ , ਸਚ ਘਰਿ ਬੈਸੈ ; ਨਾਨਕ ਨਾਮੁ ਅਧਾਰੋ ॥

ਪਦ ਅਰਥ:- ਚਲਤਉ-ਚੰਚਲ, flicker, active। **ਚਲਤਉ-ਫਿਰਦਾ ਹੈ,** roam, wonder। **ਸਚ ਘਰਿ-ਨਿਜ ਸਰੂਪ ਭਾਵ ਪ੍ਰਮੇਸ਼ਰ,** real-self means Almighty। **ਬੈਸੈ-ਟਿਕੇ, ਇਸਥਿਤ ਹੋਵੇ,** permenant। **ਅਧਾਰੋ-ਅਧਾਰ, ਆਸਰੇ,** support।

ਪ੍ਰਸ਼ਨ ੧੨. ਇਹ ਮਨੁ ਜੋ (ਚਲਤਉ) ਚੰਚਲ ਹੋਇਆ ਫਿਰਦਾ ਹੈ, ਉਹ ਪਰਮੇਸ਼ਰ (ਸਚ ਘਰਿ) ਵਿੱਚ ਕਿਵੇਂ ਇਸਥਿਤ ਹੋਵੇ?

ਉੱਤਰ ੧੨. ਸ੍ਰੀ ਗੁਰੂ ਜੀ ਕਹਿੰਦੇ ਹਨ, ਮਨ ਨਾਮ ਦੇ ਆਸਰੇ ਪ੍ਰਮੇਸ਼ਰ ਵਿੱਚ ਇਸਥਿਤ ਹੁੰਦਾ ਹੈ॥

Question No. 12 – How can this mind which is ever moving (mercurial-by creating thoughts) can be standstill in Almighty's concentration?

Answer No. 12 – Guru Ji says that the mind can only be standstilled with the support of Almighty's Name.

ਆਪੇ ਮੇਲਿ ਮਿਲਾਏ ਕਰਤਾ ; ਲਾਗੈ ਸਾਚਿ ਪਿਆਰੋ ॥੬॥

ਪਦ ਅਰਥ:- ਆਪੇ-ਆਪਣੇ, ownself। **ਮੇਲਿ-ਮੇਲ ਵਿੱਚ,** unite। **ਮਿਲਾਏ-ਮਿਲਾਵੇ,** in union। **ਕਰਤਾ-ਕਰਤਾ ਪੁਰਖ, ਪ੍ਰਮਾਤਮਾ। ਲਾਗੈ-ਲੱਗ ਜਾਵੇ, । ਸਾਚਿ-ਸੱਚ ਵਿੱਚ। ਪਿਆਰੋ-ਪਿਆਰ, ਪ੍ਰੇਮ।**

ਪ੍ਰਸਨ ੧੩. ਆਪਣੇ ਮੇਲ ਵਿੱਚ ਕਰਤਾ ਕਿਵੇ ਮਿਲਾਵੇ?

ਉੱਤਰ ੧੩. ਝੂਠ ਤਿਆਗ ਕੇ ਜੋ ਸੱਚ ਵਿੱਚ ਪਿਆਰ ਲਾਵੇ, ਕਰਤਾ ਉਸ ਨੂੰ ਆਪਣੇ ਮੇਲ ਵਿੱਚ ਮਿਲਾ ਲੈਂਦਾ ਹੈ॥੬॥

ਲੋਹਾਰੀਪਾ ਨਾਮੀ ਸਿਧ ਸਿਧਾਂ ਦਾ ਨਿਜ ਸਿਧਾਂਤ ਕਹਿੰਦਾ ਹੈ:-

Question No.13 – How will the creator (Almighty) reunite the being with himself?

Answer No.13 – The creator reunites in his union those who abandon the false and loves the truth.

Sidh by the name of Lohripa explains the principles of the Sidhas.

ਹਾਟੀ ਬਾਟੀ ਰਹਹਿ ਨਿਰਾਲੇ ; ਰੂਖਿ ਬਿਰਖਿ ਉਦਿਆਨੇ ॥

ਪਦ ਅਰਥ:- ਹਾਟੀ-ਦੁਕਾਨ, ਮੰਡੀ, shop, retail। **ਬਾਟੀ-ਰਸਤੇ,** road। **ਰਹਹਿ-ਰਹਿ ਕੇ। ਨਿਰਾਲੇ-ਵੱਖਰਾ,** separate। **ਰੂਖਿ-ਰੁਖ, ਦਰਖਤ,** tree। **ਬਿਰਖਿ-ਬਿਰਛ,** plants। **ਉਦਿਆਨੇ-ਜੰਗਲ ਵਿੱਚ, ਉਜਾੜ ਵਿੱਚ,** jungle।

ਦੁਕਾਨ (ਹਾਟੀ) ਭਾਵ ਘਰ ਰਸਤੇ (ਬਾਟੀ) ਇਹਨਾਂ ਤੋਂ ਸਿਧ ਵੱਖਰਾ ਰਹਿ ਕੇ ਜੰਗਲਾਂ ਵਿੱਚ ਦਰਖਤਾਂ ਹੇਠ ਜਾ ਬੈਠੇ।

Sidhas should stay apart from house and roads (travel) by adopting a detached lifestyle whereby they (sidhas) live in an uncultivated jungle under the trees and plants.

ਕੰਦ ਮੂਲੁ ਅਹਾਰੋ ਖਾਈਐ ; ਅਉਧੂ ਬੋਲੈ ਗਿਆਨੇ ॥

ਪਦ ਅਰਥ:- ਕੰਦ-ਦਰਖਤਾਂ ਦੇ ਫਲ, fruits grown on a tree। **ਮੂਲੁ-ਉਹ ਜੜ੍ਹਾਂ ਜੋ ਖਾਈਦੀਆਂ ਨੇ ਜਿਸ ਤਰ੍ਹਾਂ ਮੂਲੀ ਗਾਜਰ ਆਦਿ,** the fruits which grows inside the soil e.g. potato, ginger, carrot, etc.। **ਅਹਾਰੋ-ਖੁਰਾਕ, ਖਾਣਾ,** food, nutritions। **ਖਾਈਐ-ਖਾਵੇ,** consume, eat। **ਅਉਧੂ-ਤਿਆਗੀ, ਸਨਿਆਸੀ,** ascetic। **ਗਿਆਨੇ-ਗਿਆਨ,** wisdom, knowledge।

ਫਲ (ਕੰਦ) ਜੋ ਦਰਖਤਾਂ ਨੂੰ ਲਗਦੇ ਹਨ ਅਤੇ ਜੋ ਮੂਲ ਜੋ ਧਰਤੀ ਦੇ ਅੰਦਰੋਂ ਨਿਕਲਦੇ ਹਨ (ਗਾਜਰ, ਮੂਲੀ, ਆਲੂ, ਆਦਿ) ਉਹ ਇਹਨਾਂ ਦਾ ਆਹਾਰ (ਖਾਣਾ) ਕਰੇ ਅਤੇ ਮੁੱਖ ਤੋਂ (ਅਉਧੂ) ਪਵਿਤ੍ਰ ਗਿਆਨ ਬੋਲੇ।

They (Sidhas) should only principally consume fruits which are grown on tree branches (apple, oranges, durian, mango, etc.) and all the other vegetation which grows within the soil (carrot, potato, ginger, etc.) and utter the pure knowledge from the mouth means that Sidhas should consume simple food and utter pure Almighty's knowledge.

ਤੀਰਥਿ ਨਾਈਐ ਸੁਖੁ ਫਲੁ ਪਾਈਐ ; ਮੈਲੁ ਨ ਲਾਗੈ ਕਾਈ ॥

ਪਦ ਅਰਥ:– ਤੀਰਥਿ–ਤੀਰਥ, pilgrimage place। **ਨਾਈਐ–ਇਸ਼ਨਾਨ,** bath । **ਸੁਖੁ ਫਲੁ–ਸੁੱਖ ਰੂਪ ਫਲ,** the fruit of happiness। **ਪਾਈਐ–ਪਾਈਦਾ ਹੈ,** obtained। **ਕਾਈ–ਕੋਈ ਵੀ, ਕਿਸੇ ਪ੍ਰਕਾਰ ਦੀ,** any type।

ਲੋਹਰੀਪਾ ਸਿਧ ਨੇ ਕਿਹਾ ਕੇ ਤੀਰਥਾਂ ਦਾ ਇਸ਼ਨਾਨ ਕਰੀਏ ਤਾਂ ਸੁਖ ਰੂਪ ਫਲ ਨੂੰ ਪਾਈਦਾ ਹੈ, ਫਿਰ ਕਿਸੇ ਪ੍ਰਕਾਰ ਦੀ ਮੈਲ ਨਹੀ ਲਗਦੀ।

Lohrippa says that one should take bath in holy water during pilgrimage in order to obtain happiness and I additional no dirt of sins shall be attached again, means that one who takes a holy bath shall never be immersed in lust, anger, greed, attachment and ego.

ਗੋਰਖ ਪੂਤੁ ਲੋਹਾਰੀਪਾ ਬੋਲੈ ; ਜੋਗ ਜੁਗਤਿ ਬਿਧਿ ਸਾਈ ॥੭॥

ਪਦ ਅਰਥ:– ਪੂਤੁ–ਪੁੱਤਰ ਭਾਵ ਚੇਲਾ, son means disciple। **ਲੋਹਾਰੀਪਾ–ਸਿਧ ਦਾ ਨਾਮ,** name of the Sidha। **ਬੋਲੈ–ਬੋਲਿਆ,** said। **ਜੁਗਤਿ–ਜਾਂਚ, ਵਿਧੀ,** method। **ਸਾਈ–ਇਹ ਹੈ।**

ਗੋਰਖ ਦਾ ਬੇਟਾ (ਪੂਤੁ) ਭਾਵ ਚੇਲਾ ਲੋਹਾਰੀਪਾ ਬੋਲਦਾ ਹੈ, ਹੇ ਨਾਨਕ! ਜੋਗ (ਵਾਹਿਗੁਰੂ ਦਾ ਮਿਲਾਪ) ਵਿੱਚ ਜੁੜਨ ਦੀ ਵਿਧੀ ਉਹੀ ਹੈ, ਜੋ ਮੈ ਪਿੱਛੇ ਕਹੀ ਹੈ॥੭॥ ਗੁਰੂ ਜੀ ਅਪਣਾ ਸਿਧਾਂਤ ਕਹਿੰਦੇ ਹਨ:–

Gorakh's disciple Loharipa says, the only method to join and practice Yoga (union with Almighty) is as mentioned earlier. Guru Ji explains his principals;

ਹਾਟੀ ਬਾਟੀ ਨੀਦ ਨ ਆਵੈ ; ਪਰ ਘਰਿ ਚਿਤੁ ਨ ਡੋੁਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ; ਨਾਨਕ , ਭੂਖ ਨ ਜਾਈ ॥

ਪਦ ਅਰਥ:– ਹਾਟੀ–ਦੁਕਾਨਾਂ, ਮੰਡੀਆਂ, shop। **ਬਾਟੀ–ਰਸਤੇ,** road। **ਪਰ ਘਰਿ–ਬਿਗਾਨੇ ਘਰ, ਪਰਾਈ ਇਸਤਰੀ। ਡੋੁਲਾਈ–ਡੁਲਾਵੇ,** waver। **ਬਿਨੁ–ਬਿਨਾਂ, ਬਗੈਰ,** without। **ਨਾਵੈ–ਨਾਮ। ਟੇਕ–ਟਿਕਣਾ। ਨ ਟਿਕਈ–ਟਿਕਦਾ ਨਹੀਂ। ਭੂਖ–ਹਰੀ ਨਾਮ ਦੀ ਭੁੱਖ,** hunger। **ਨ ਜਾਈ–ਨਹੀਂ ਜਾਂਦੀ।**

ਘਰਾਂ (ਹਾਟੀ) ਵਿੱਚ ਰਹੇ, ਰਸਤੇ (ਬਾਟੀ) ਵਿੱਚ ਵੀ ਚਲੇ ਪਰ ਅਵਿੱਦਆ ਰੂਪ ਨੀਂਦ ਨ ਆਵੇ, ਪਰਾਈ ਇਸਤ੍ਰੀ ਵਿੱਚ ਚਿੱਤ ਨਾ ਡੁਲਾਵੇ, ਨਾਮ ਤੋਂ ਬਿਨਾਂ ਮਨ ਨੂੰ ਨਾ ਟਿਕਾਵੇ ਅਤੇ ਨਾਮ ਜਪਣ ਦੀ ਭੁੱਖ ਨਾ ਜਾਵੇ ਭਾਵ ਨਾਮ ਜਪਣ ਦੀ ਇੱਛਾ ਬਣੀ ਰਹੇ।

Either sit at home or travel else where one must always be cautious to avoid from sleeping in ignorance therefore one should never go for another woman (or man) other then his (or her) wife (or husband).

Without the Almighty's Name, the mind will never be steadfast (waving in the thirst for evil desires), Guru Ji prays that the hunger of reciting Almighty's Name should never disappear and the interest of reciting Almighty's Name should always remain intact.

ਹਾਟੁ ਪਟਣੁ ਘਰੁ ਗੁਰੂ ਦਿਖਾਇਆ ; ਸਹਜੇ ਸਚੁ ਵਾਪਾਰੋ ॥

ਪਦ ਅਰਥ:- ਹਾਟੁ–ਹਿਰਦਾ। **ਪਟਣੁ–ਸ਼ਹਿਰ,** town। **ਘਰੁ–ਸਰੂਪ,** house means true form। **ਸਹਜੇ–ਸੁਤੇ ਸਿਧ,** naturally। **ਸਚੁ–ਸੱਚਾ ਨਾਮ।** **ਵਾਪਾਰੋ–ਵਪਾਰ,** trade।

ਸਰੀਰ ਰੂਪ ਸ਼ਹਿਰ ਵਿੱਚ ਜੋ ਹਿਰਦਾ (ਹਾਟੁ) ਹੈ, ਇਸ ਵਿੱਚ ਅਪਣਾ ਸਰੂਪ (ਘਰੁ) ਗੁਰਾਂ ਨੇ ਦਿਖਾ ਦਿੱਤਾ ਹੈ। ਹੁਣ ਸੁਤੇ ਸਿੱਧ ਹੀ ਸੱਚਾ ਨਾਮ ਜਪਣ ਰੂਪ ਵਪਾਰ ਕਰਦੇ ਹਨ।

Guru Ji has showed me the real-self (Atma) liked house within this body liked town and now naturally (without any effort or initiative) I trade (recite) the true Almighty's Name.

ਖੰਡਿਤ ਨਿਦ੍ਰਾ ਅਲਪ ਅਹਾਰੰ ; ਨਾਨਕ ਤਤੁ ਬੀਚਾਰੋ ॥੮॥

ਪਦ ਅਰਥ:- ਖੰਡਿਤ–ਘੱਟ ਕੀਤੀ ਹੋਈ, reduced। **ਨਿਦ੍ਰਾ–ਨੀਂਦ,** sleep। **ਅਲਪ–ਥੋੜ੍ਹਾ,** small quantity। **ਅਹਾਰੰ–ਅਹਾਰ, ਖੁਰਾਕ,** food। **ਤਤੁ–ਤੱਤ, ਸਾਰ ਅੰਸ਼,** principal। **ਬੀਚਾਰੋ–ਵਿਚਾਰ ਕਰਦੇ ਹਾਂ,** contemplate।

ਨੀਂਦ ਬਹੁਤ ਘਟਾ ਦਿੱਤੀ ਹੈ ਅਤੇ ਥੋੜ੍ਹਾ (ਅਲਪ) ਅਹਾਰ ਕਰ ਦਿੱਤਾ ਹੈ। ਪ੍ਰਤੱਖ ਅਵਿੱਦਆ ਰੂਪ ਨੀਂਦ ਅਤੇ ਪ੍ਰਵਿਰਤੀ ਦੀਆਂ ਬਿਰਤੀਆਂ ਨੂੰ ਬਰੀਕ ਕੀਤਾ ਹੈ, ਤਾਂ ਗੁਰੂ ਜੀ ਕਹਿੰਦੇ ਹਨ, ਕਿ ਅਸੀ ਤੱਤ ਸਿਖਿਆ ਦਾ ਵਿਚਾਰ ਕਰਦੇ ਹਾਂ॥੮॥ ਅਪਣੇ ਮਤ (ਧਰਮ) ਵਿੱਚ ਗੁਰੂ ਜੀ ਲਿਆਉਣ ਲਈ ਸਿਧਾਂ ਦਾ ਪ੍ਰਸ਼ਨ:-

Guru Ji concludes that while living a worldly life performing all the family life obligation one is able to sacrifice his sleep and consume less food which means that ignorance (sleep) and worldly indulgence (food consumption) can be reduced by contemplating on the principal lessons.

With the intention of persuading Guru Ji to join their faith, Sidhas question Guru Ji;

ਦਰਸਨੁ ਭੇਖ ਕਰਹੁ ਜੋਗਿੰਦ੍ਰਾ ; ਮੁੰਦ੍ਰਾ ਝੋਲੀ ਖਿੰਥਾ ॥

ਪਦ ਅਰਥ:- ਦਰਸਨੁ–ਮਤ, ਮਜ਼ਹਬ, religion, faith। **ਭੇਖ–ਭੇਸ,** costume। **ਜੋਗਿੰਦ੍ਰਾ–ਜੋਗੀਆਂ ਦਾ ਇੰਦ੍ਰ, ਜੋਗੀਆਂ ਦਾ ਗੁਰੂ,** The Yogi's Guru। **ਮੁੰਦ੍ਰਾ–ਮੁੰਦਰਾ,** ear rings। **ਝੋਲੀ–**begging bowl। **ਖਿੰਥਾ–ਗਲੇ ਵਿੱਚ ਪਾਉਣ ਵਾਲੀ ਗੋਦੜੀ,** porch।

ਹੇ ਬਾਲੇ! ਇਹ ਜੋ ਸਾਡਾ ਜੋਗੀ ਦਰਸਨ ਹੈ, ਤੁਸੀ ਇਸ ਦਾ ਭੇਖ ਧਾਰਨ ਕਰੋ ਭਾਵ ਜੋਗ ਮਤ ਧਾਰਨ ਕਰੋ। ਤੁਹਾਨੂੰ ਜੋਗੀਆਂ ਦਾ ਗੁਰੂ ਬਣਾ ਦੇਵਾਂਗੇ। ਤੁਸੀ ਮੁੰਦਰਾਂ ਪਹਿਨ ਲਵੋ ਅਤੇ ਝੋਲੀ ਫੜੋ (ਖਿੰਥਾ) ਗੋਦੜੀ ਗਲੇ ਵਿੱਚ ਪਾ ਲਵੋ।

Dear Child (Bala) embrace our faith and adopt our costume, we shall in return make you the Guru of all Yogi's therefore wear the ear-rings (Mundra), hold the begging bowl (Coli) and the patched –coat around the neck (Khintha).

ਬਾਰਹ ਅੰਤਰਿ ਏਕੁ ਸਰੇਵਹੁ ; ਖਟੁ ਦਰਸਨ ਇਕ ਪੰਥਾ ॥

ਪਦ ਅਰਥ:- ਬਾਰਹ–ਬਾਰਾਂ ਪੰਥ, twelve (12) sects। **ਅੰਤਰਿ–ਅੰਦਰ,** within। **ਏਕ–ਇੱਕ। ਸਰੇਵਹੁ–ਸੇਵਨ ਕਰੋ, ਧਾਰਨ ਕਰੋ,** embrace। **ਖਟ ਦਰਸਨ–ਛੇ ਫਿਰਕੇ,** six (6) school of thought। **ਪੰਥਾ–ਜੋਗੀਆਂ ਦਾ ਪੰਥ,** path।

ਛੇ ਦਰਸਨਾਂ ਵਿੱਚੋਂ ਜਿਹੜਾ ਇਕ ਸਾਡਾ ਦਰਸਨ ਹੈ, ਇਸ ਵਿੱਚ ਬਾਰਾਂ ਪੰਥ ਹਨ। ਬਾਰਾਂ ਵਿੱਚ ਇਕ ਆਈ ਪੰਥ ਹੈ, ਤੁਸੀ ਉਸ ਨੂੰ ਧਾਰਨ ਕਰੋ।

ਛੇ ਦਰਸ਼ਨ;

੧. ਸੰਨਿਆਸੀ	੨. ਬੈਰਾਗੀ
੩. ਬ੍ਰਹਮਚਾਰੀ	੪. ਸਰੇਵੜੇ
੫. ਜੋਗੀ	੬. ਜੰਗਮ

ਯੋਗੀਆਂ ਦੇ ਬਾਰਾਂ ਪੰਥ;

੧. ਹੇਤ	੨. ਪਾਵ
੩. ਆਈ	੪. ਗਮਯ
੫. ਪਾਗਲ	੬. ਗੋਪਾਲ
੭. ਕੰਥੜੀ	੮. ਬਨ
੯. ਧ੍ਵਜ	੧੦. ਚੋਲੀ
੧੧. ਰਾਵਲ	੧੨. ਦਾਸ ਪੰਥ

Among the well known six (6) school of thought (six different school of practice), ours is one of them (Yog) and there are twelve different groups in Yog itself amongst which 'Aei Panth' is one of them which you (Guru Nanak Dev Ji) should adopt.

Six (6) School of Thought (Darshan);

1. Sanyiasi	2. Vairagi
3. Brahmchari	4. Srevere
5. Yogi	6. Jangam

12 sects of Sidhas (Yogi's);

1. Heth	2. Paw
3. Aei	4. Gam'e
5. Pagal	6. Gopal
7. Kanthri	8. Ban
9. Dhwej	10. Choli
11. Rawal	12. Daas Panth

ਇਨ ਬਿਧਿ ਮਨੁ ਸਮਝਾਈਐ ਪੁਰਖਾ ; ਬਾਹੁੜਿ ਚੋਟ ਨ ਖਾਈਐ ॥

ਪਦ ਅਰਥ:– ਇਨ ਬਿਧਿ–ਇਸ ਰੀਤੀ ਨਾਲ, in this manner। **ਪੁਰਖਾ–ਹੇ ਪੁਰਖਾਂ!** man!। **ਬਾਹੁੜਿ–ਫਿਰ,** again। **ਚੋਟ–ਜਮਾਂ ਦੀ ਮਾਰ,** hit means the pain caused from the hit by death messengers। **ਨ ਖਾਈਐ–ਨਹੀਂ ਖਾਏਂਗਾ,** not to endure।

ਇਸ ਰੀਤੀ (ਇਨ ਬਿਧਿ) ਨਾਲ, ਭਾਵ ਸਾਡੇ ਪੰਥ ਵਿੱਚ ਆ ਕੇ ਭਲੀ ਪ੍ਰਕਾਰ ਮਨ ਨੂੰ ਸਮਝਾਓ। ਹੇ ਪੁਰਖਾ! ਫੇਰ (ਬਾਹੁੜਿ) ਜਮਾਂ ਦੀ ਚੋਟ ਨਹੀ ਖਾਏਂਗਾ, ਭਾਵ ਜਮਾਂ ਤੋਂ ਬਚ ਜਾਏਂਗਾ।

Dear Man, in this manner persuade your mind to embrace our faith and you shall never suffer the beating from Death Messengers again.

ਨਾਨਕੁ ਬੋਲੈ ਗੁਰਮੁਖਿ ਬੂਝੈ ; ਜੋਗ ਜੁਗਤਿ ਇਵ ਪਾਈਐ ॥੯॥

ਪਦ ਅਰਥ:– ਬੂਝੈ–ਸਮਝੇ, ਬੁੱਝ ਲਵੇ, understand। **ਜੁਗਤਿ–ਜੁਗਤੀ, ਜਾਂਚ, ਵਿਧੀ,** method, way। **ਇਵ–ਇਸ ਤਰ੍ਹਾਂ,** in this manner। **ਪਾਈਐ–ਪਾਈਦੀ ਹੈ,** is obtained।

ਸ੍ਰੀ ਗੁਰੂ ਜੀ ਕਹਿਦੇ ਹਨ, ਉਹ ਸਿੱਧ ਇਸ ਤਰ੍ਹਾਂ ਬੋਲੇ ਕਿ ਜਦੋਂ ਗੁਰੂ ਤੋਂ ਉਪਦੇਸ਼ ਸਮਝੇ ਜਾਂ ਪੁੱਛੇ ਤਦੋਂ ਜੋਗ ਦੀ ਜੁਗਤੀ ਪ੍ਰਾਪਤ ਹੁੰਦੀ ਹੈ॥੯॥

Guru Ji says the Sidhas said in this manner that through adopting a Guru one is able to understand the methods of performing Yog.

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ; ਹਉਮੈ ਮਮਤਾ ਦੂਰਿ ਕਰੀ ॥

ਪਦ ਅਰਥ:- ਅੰਤਰਿ-ਅੰਦਰ, within। **ਨਿਰੰਤਰਿ-ਲਗਾਤਾਰ, ਇਕ ਰਸ,** continuously। **ਮੁਦ੍ਰਾ-ਮੁੰਦਰਾਂ,** ear rings। **ਹਉਮੈ-ਅਹੰਕਾਰ,** ego, pride।

ਅਪਣੇ ਪ੍ਰਮਾਤਮਾ ਨੂੰ ਹਿਰਦੇ ਅੰਦਰ ਇਕ ਰਸ ਜਾਣਿਆ ਹੈ। ਇਸ ਦਰਸਨ ਦਾ ਭੇਖ ਧਾਰਨ ਕਰਕੇ ਜੋਗੀਆਂ ਦੇ ਇੰਦਰ ਬਣੇ ਹਨ ਅਤੇ ਹਉਮੈ ਨੂੰ ਤਿਆਗ ਕੇ ਨਿਮਰਤਾ ਧਾਰਨ ਕੀਤੀ ਹੈ, ਭਾਵ ਮਮਤਾ ਨੂੰ ਤਿਆਗ ਕੇ ਜੋ ਸਮਦ੍ਰਿਸਟੀ ਧਾਰੀ ਹੈ, ਇਹ ਦੋ ਮੁੰਦਰਾਂ ਪਾਈਆਂ ਹਨ।

To realise Almighty within in a consistent manner this is the costume of the six visionaries (darshan) that I (Guru Ji) have adopted and became the king of Sidhas which means that Yog actually means oneness with Almighty and uplifting the mind and intellect above the outfits.

To give up the ego and adopt humbleness and give up the attachement and adopt the equalness these are the two ear-rings that I (Guru Ji) wear.

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ; ਗੁਰ ਕੈ ਸਬਦਿ ਸੁ ਸਮਝ ਪਰੀ ॥

ਪਦ ਅਰਥ:- ਨਿਵਾਰੈ-ਨਿਵਾਰੇ, ਦੂਰ ਕੀਤੇ, abandoned, cast-off। **ਗੁਰ ਕੈ ਸਬਦਿ-ਗੁਰੂ ਦੇ ਉਪਦੇਸ। ਪਰੀ-ਪਈ,** attained।

ਕਾਮ ਕ੍ਰੋਧ ਤੇ ਹੰਕਾਰ ਜੋ ਗੁਰੂ ਸ਼ਬਦ ਕਰਕੇ ਦੂਰ ਕੀਤੇ (ਨਿਵਾਰੈ) ਹਨ, ਹੁਣ ਮੇਰੇ ਮਨ ਵਿੱਚ ਸ੍ਰੇਸ਼ਟ ਸਮਝ ਪੈ ਗਈ ਹੈ, ਇਹ ਹੀ ਸਾਡਾ ਆਈ ਪੰਥ ਹੈ॥

Through the Guru's words (hymns) lust, anger and ego has been discarded and I (Guru Ji) have attained supreme understanding (the ultimate attainment of Almighty from within), truly this is my 'Aei Panth'

ਖਿੰਥਾ ਝੋਲੀ ਭਰਿਪੁਰਿ ਰਹਿਆ ; ਨਾਨਕ ਤਾਰੈ ਏਕੁ ਹਰੀ ॥

ਪਦ ਅਰਥ:- ਖਿੰਥਾ-ਗੋਦੜੀ, patched coat। **ਝੋਲੀ-**begging bowl। **ਭਰਿਪੁਰਿ-ਪਰੀ ਪੂਰਨ, ਵਿਆਪਕ,** omnipresent। **ਤਾਰੈ-ਤਾਰੇਗਾ,** ferry across। **ਏਹੁ ਹਰੀ-ਇੱਕ ਪ੍ਰਮਾਤਮਾ।**

ਜੋ ਪਰਮੇਸਰ ਨੂੰ ਹਾਥੀ ਤੋਂ ਲੈ ਕੇ ਕੀੜੀ ਤੱਕ ਭਰਪੂਰ ਹੋ ਰਿਹਾ ਜਾਣਿਆ ਹੈ, ਇਹ ਸਾਡੀ ਖਿੰਥਾ ਹੈ। ਗੁਰੂ ਜੀ ਕਹਿੰਦੇ ਹਨ, ਇਕ ਪ੍ਰਮੇਸ਼ਰ ਹੀ ਤਾਰੇਗਾ, ਇਹ ਜੋ ਭਰੋਸਾ ਕੀਤਾ ਹੈ, ਇਹੀ ਸਾਡੀ ਝੋਲੀ ਹੈ॥

Acknowledging Almighty's consistent and complete existence within all the entire creation (from an elephane till an ant) is my patched-coat, Guru Ji says that the faith embraced that only one Almighty will ultimately ferry me across this worldly ocean is my begging-bowl.

Note: Guru Ji illustrated the mere knowned symbols of a Yogi to inner virtues that leads to he attainment of self-realisation.

ਸਾਚਾ ਸਾਹਿਬੁ ਸਾਚੀ ਨਾਈ ; ਪਰਖੈ ਗੁਰ ਕੀ ਬਾਤ ਖਰੀ ॥੧੦॥

ਪਦ ਅਰਥ:- ਸਾਚਾ ਸਾਹਿਬ-ਸੱਚਾ ਵਾਹਿਗੁਰੂ, True Master (Almighty)। **ਨਾਈ-ਵਡਿਆਈ,** greatness। **ਪਰਖੈ-ਜਾਣਿਆ, ਸਮਝਿਆ,** understand। **ਬਾਤ-ਗੱਲ,** word। **ਖਰੀ-ਉੱਤਮ, ਚੰਗੀ,** pure means the essense or truth।

ਸਾਹਿਬ ਸੱਚਾ ਹੈ ਅਤੇ ਉਸ ਦੀ ਵਡਿਆਈ (ਨਾਈ) ਵੀ ਸੱਚੀ ਹੈ, ਪਰ ਗੁਰਾਂ ਦੀ ਉਪਦੇਸ਼ ਰੂਪ ਜੋ ਖਰੀ ਗੱਲ ਹੈ, ਉਸ ਕਰਕੇ ਜਾਣਿਆ (ਪਰਖੈ) ਹੈ॥੧੦॥ ਅਪਣੇ ਅਨੁਭਵ ਨਾਲ ਗੁਰੂ ਜੀ ਕਹਿੰਦੇ ਹਨ।

Almighty is the True Master and his praise is also true however only through Guru's sermons one is able to realise in the real manner how great is Almighty.

Guru Ji continue to bless His Sermons;

ਊਂਧਉ ਖਪਰੁ ; ਪੰਚ ਭੂ ਟੋਪੀ ॥

ਕਾਂਇਆ ਕੜਾਸਣੁ ; ਮਨੁ ਜਾਗੋਟੀ ॥

ਪਦ ਅਰਥ:- ਊਂਧਉ-ਉਲਟੇ, up side down। **ਖਪਰੁ-ਜੋਗੀ ਦਾ ਉਹ ਪਿਆਲਾ ਜਿਸ ਵਿੱਚ ਭਿਖਿਆ ਪਵਾਉਂਦਾ ਹੈ,** begging bowl। **ਪੰਚ ਭੂ-ਪੰਜ ਤੱਤ,** five principal elements। **ਕਾਂਇਆ-ਸਰੀਰ,** physical body। **ਕੜਾਸਣੁ- ਛਾਤੀ ਉੱਪਰ ਲਪੇਟੀ ਹੋਈ ਮੋਟੀ ਕਾਲੀ ਸੇਲ੍ਹੀ,** black thick cotton cloth circulated around the chest। **ਜਾਗੋਟੀ-ਗਲ ਦੀ ਸੇਲ੍ਹੀ।**

ਉਲਟੇ (ਊਂਧਉ) ਮਨ ਨੂੰ ਜੋ ਸਿੱਧਾ ਕੀਤਾ ਅਰਥਾਤ ਜੋ ਪਰਮੇਸਰ ਕੇ ਸਨਮੁਖ ਕੀਤਾ ਹੈ, ਇਹ ਹੱਥ ਵਿੱਚ ਖੱਪਰ ਫੜਿਆ ਹੈ ਅਤੇ ਪੰਜ ਤੱਤਾਂ ਦੇ ਜੋ ਗੁਣ ਧਾਰਨ ਕੀਤੇ ਹਨ, ਇਹ ਟੋਪੀ ਪਹਿਨੀ ਹੈ। ਸਰੀਰ (ਕਾਂਇਆ) ਨੂੰ ਜੋ ਜਪ ਤਪ ਕਰਕੇ ਕਸਣਾ ਕੀਤਾ ਹੈ ਇਹ ਕੜਾਸਣ ਹੈ, ਜੋ ਛਾਤੀ ਉੱਪਰ ਮੋਟੀ ਕਾਲੀ ਸੇਲ੍ਹੀ ਲਪੇਟੀ ਹੋਈ ਹੈ, ਇਸ ਦਾ ਨਾਮ ਕੜਾਸਣ ਹੈ। ਮਨ ਨੂੰ ਜੋ ਪਰਮੇਸਰ ਵੱਲ ਜੋੜਿਆ ਹੈ, ਇਹ ਗਲ ਦੀ ਸੇਲੀ (ਜਾਗੋਟੀ) ਹੈ।

ਪੰਜ ਤੱਤਾਂ ਦੇ ਗੁਣ

੧. ਅਕਾਸ਼ – ਨਿਰਖੇਬਤਾ, ਸਮਤਾ

੨. ਪਵਣ – ਅਸੰਗਤਾ, ਨਿਛੋਹਤਾ

੩. ਪਾਣੀ – ਨਿਰਮਲਤਾ

੪. ਧਰਤੀ – ਨਿਮਾਣਤਾ, ਧੀਰਜਤਾ

੫. ਅਗਨੀ – ਪ੍ਰਕਾਸ਼ਤਾ

Guru Ji says that my begging bowl (Khapar) is turning upstraight the mind towards Almighty instead of worldly materials means that one can only gain in life if the mind focus towards Almighty. Adopting the virtues of the five principal elements is my hat (Topi).

To perform voluntary service (Tap) is my (Guru Ji) black thick cotton cloth circulated around the chest (called Kerasan) and to reunite the mind with Almighty by reciting Almighty's Name (Jap) is my cloth around the neck (called Jagoti).

The virtues of five (5) Principal Elements

1. Vacumm – Equalness (see Almighty within the entire creation)
2. Air – Untouchable (by worldly desires)
3. Water – Pureness
4. Earth – Humbleness
5. Fire – Brightness means knowledge

ਸਤੁ ਸੰਤੋਖੁ ; ਸੰਜਮੁ ਹੈ ਨਾਲਿ ॥

ਨਾਨਕ ; ਗੁਰਮੁਖਿ ਨਾਮੁ ਸਮਾਲਿ ॥੧੧॥

ਪਦ ਅਰਥ:- ਸਤੁ-ਸਚ, true। **ਸੰਤੋਖੁ-ਸਬਰ, ਜੋ ਪ੍ਰਮੇਸ਼ਰ ਨੇ ਦਿੱਤਾ ਉਸ ਨਾਲ ਪ੍ਰਸੰਨ ਰਹਿਣਾ,** contentment। **ਸੰਜਮੁ-ਇੰਦ੍ਰੀਆਂ ਨੂੰ ਵਿਛਿਆਂ ਵੱਲੋ ਰੋਕ ਲੈਣਾ,** to control the sensory and action organs। **ਨਾਮੁ ਸਮਾਲਿ-ਨਾਮ ਸੰਭਾਲਦੇ ਹਾਂ, ਨਾਮ ਸਿਮਰਦੇ ਹਾਂ,** to recite Almighty's Name।

ਸਤ, ਸੰਤੋਖ ਅਤੇ ਸੰਜਮ ਇਹ ਨਾਲ ਚੇਲੇ ਹਨ। ਗੁਰੂ ਜੀ ਕਹਿੰਦੇ ਹਨ, ਜੋ ਗੁਰਾਂ ਦੁਆਰਾ ਨਾਮ ਨੂੰ ਸਿਮਰਦੇ ਹਨ, ਇਹ ਭਿਖਿਆ ਮੰਗਦੇ ਹਾਂ॥੧੧॥

ਸਿਧ ਫਿਰ ਪ੍ਰਸ਼ਨ ਕਰਦੇ ਹਨ:-

The companion followers (disciples) are the truth, contentment and satisfaction (ability to accept fate by keeping control over the knowledge and deed sensors and act accordingly), Guru Ji says to remember Almighty through Guru's sermons (Gur = Guru & Mukh = uttered sermons by a Guru through His mouth) is my begging act. Says the Yogis;--

ਕਵਨੁ ਸੁ ਗੁਪਤਾ ; ਕਵਨੁ ਸੁ ਮੁਕਤਾ ॥

ਕਵਨੁ ਸੁ ; ਅੰਤਰਿ ਬਾਹਰਿ ਜੁਗਤਾ ॥

ਪਦ ਅਰਥ:- ਕਵਨੁ-ਕੌਣ, ਕਿਸ ਨੂੰ, ਕਿੰਨ੍ਹਾਂ ਵਾਸਤੇ, who, for whom। **ਗੁਪਤਾ-ਲੁਕਿਆ ਹੋਇਆ,** hidden। **ਮੁਕਤਾ-ਬੰਧਨ ਤੋਂ ਛੁਟਿਆ,** liberated। **ਅੰਤਰਿ-ਅੰਦਰ,** within। **ਜੁਗਤਾ-ਜੁੜਿਆ,** attach।

ਪ੍ਰਸ਼ਨ ੧੪ – ਪਰਮੇਸਰ ਗੁਪਤ ਕਿਨ੍ਹਾਂ ਵਾਸਤੇ ਹੈ?

ਪ੍ਰਸ਼ਨ ੧੫ – ਬੰਧਨਾਂ ਤੋਂ ਮੁਕਤ ਕੋਣ ਹੈ?

ਪ੍ਰਸ਼ਨ ੧੬ – ਅੰਤਰ ਬਾਹਰ ਸਰੀਰ ਦੇ ਕੌਣ ਜੁੜਿਆ ਹੈ?

Question No. 14 – The existence of Almighty is hidden for whom?

Question No. 15 – Who is free from the entanglements of attachments?

Question No. 16 – Who is attached within and outside the body?

ਕਵਨੁ ਸੁ ਆਵੈ ; ਕਵਨੁ ਸੁ ਜਾਇ ॥

ਕਵਨੁ ਸੁ ; ਤ੍ਰਿਭਵਣਿ ਰਹਿਆ ਸਮਾਇ ॥੧੨॥

ਪਦ ਅਰਥ:- ਤ੍ਰਿਭਵਣਿ-ਤਿੰਨ ਭਵਣ (ਆਕਾਸ਼, ਮਾਤ ਲੋਕ, ਪਾਤਾਲ), । ਸਮਾਇ-ਸਮਾਇਆ ਹੋਇਆ।

ਪ੍ਰਸ਼ਨ ੧੭ – ਆਂਉਦਾ ਜਾਂਦਾ ਕੋਣ ਹੈ?

ਪ੍ਰਸ਼ਨ ੧੮ – ਤਿੰਨਾਂ ਭਵਨਾਂ ਵਿੱਚ ਕੌਣ ਸਮਾ ਰਿਹਾ ਹੈ॥੫॥੧੨॥

ਤ੍ਰਿਭਵਣ- ਭਾਈ ਕਾਹਨ ਸਿੰਘ ਦੁਆਰਾ ਰਚਿਤ ਮਹਾਨਕੋਸ਼ ਅਨੁਸਾਰ:-

ਸੰ. ਤ੍ਰਿਭੁਵਨ. ਸੰਗਯਾ- ਤਿੰਨ ਲੋਕ. ਸ੍ਵਰਗ, ਪ੍ਰਿਥਵੀ ਅਤੇ ਪਾਤਾਲ. "ਤ੍ਰਿਭਵਣ ਤਾਰਣਹਾਰ ਸੁਆਮੀ." (ਗਉੜੀ ਮਃ ੧) "ਤ੍ਰਿਭਵਣ ਮਹੀਪ." (ਜਾਪੁ) ੨. ਤ੍ਰਿਭੁਵਨ ਰੂਪ ਕਰਤਾਰ. "ਜਉ ਤ੍ਰਿਭਵਣ ਤਨ ਮਾਹਿ ਸਮਾਵਾ" (ਗਉੜੀ ਬਾਵਨ ਕਬੀਰ)

ਗੁਰੂ ਜੀ ਦਾ ਉੱਤਰ:-

Question No. 17 – Who comes and goes from this materialistic world?

Question No. 18 – Who is immersed in the three parts (heaven, earth and underearth)? of this Universe. Guru Ji answers;

ਘਟਿ ਘਟਿ ਗੁਪਤਾ ; ਗੁਰਮੁਖਿ ਮੁਕਤਾ ॥

ਅੰਤਰਿ ਬਾਹਰਿ ; ਸਬਦਿ ਸੁ ਜੁਗਤਾ ॥

ਪਦ ਅਰਥ:- ਘਟਿ ਘਟਿ-ਹਰ ਥਾਂ ਵਿਆਪਕ, omnipresent। **ਗੁਪਤਾ-ਛੁਪਿਆ ਹੋਇਆ,** hidden। **ਮੁਕਤਾ-ਬੰਧਨਾਂ ਤੋਨ ਮੁਕਤ,** liberated from entanglements। **ਸਬਦਿ-ਪ੍ਰਮੇਸ਼ਰ। ਜੁਗਤਾ-ਜੁੜਿਆ,** attached।

ਉੱਤਰ ੧੪. ਪ੍ਰਮੇਸ਼ਰ ਤਾਂ ਘਟ ਘਟ (ਘਟਿ ਘਟਿ) ਵਿੱਚ ਹੈ, ਪਰ ਮਨਮੁਖਾਂ ਲਈ ਗੁਪਤ ਹੈ।

ਉੱਤਰ ੧੫. ਗੁਰਮੁਖ ਸਭ ਥਾਂ ਵਿੱਚ ਪੂਰਨ ਜਾਣਕੇ ਬੰਧਨਾਂ ਤੋਂ (ਮੁਕਤਾ) ਛੁਟਿਆ ਹੈ।

ਉੱਤਰ ੧੬. ਅੰਦਰ ਬਾਹਰ ਪ੍ਰਮਾਤਮਾ (ਸਬਦਿ) ਜੁੜ ਰਿਹਾ ਹੈ।

Answer No. 14 – Although Almighty exits within all but He is hidden for those who only recognises their mind as their master (Manmukh).

Answer No. 15 – The ones who follows undoubtfully the Guru Ji's instruction (Gurmukh) is free from all world attachments as they see Almighty existence completely within the entire creation.

Answer No. 16 – Almighty is being attached within and outside the body means that Almighty's existence is obvious within all physical forms as well as in formless. This implicates that Maya is also the form of Almighty if only one realises that all the materialistic joys are felt by the beings are also associated closely with Almighty but until one is enlightened by Guru's grace then this pleasures becomes permenant otherwise it fades away.

ਮਨਮੁਖਿ ; ਬਿਨਸੈ ਆਵੈ ਜਾਇ ॥

ਨਾਨਕ ; ਗੁਰਮੁਖਿ ਸਾਚਿ ਸਮਾਇ ॥੧੩॥

ਪਦ ਅਰਥ:– ਬਿਨਸੈ–ਮਰਦਾ ਹੈ, ਨਾਸ ਹੁੰਦਾ ਹੈ, perishes away। **ਆਵੈ–ਸੰਸਾਰ ਵਿੱਚ ਆਉਂਦਾ ਹੈ,** comes। **ਜਾਇ–ਸੰਸਾਰ ਤੋਂ ਜਾਂਦਾ ਹੈ,** goes। **ਸਾਚਿ–ਸੱਚਾ ਪ੍ਰਮਾਤਮਾ,** true Almighty। **ਸਮਾਇ–ਸਮਾ ਰਿਹਾ ਹੈ,** immerse।

ਉੱਤਰ ੧੭ – ਮਨਮੁਖ ਜਨਮ ਲੈ ਕੇ ਅਉਂਦਾ ਅਤੇ ਮਰਕੇ ਜਾਂਦਾ ਹੈ ਇਹ ਸਿਲਸਿਲਾ ਚਲਦਾ ਰਹਿੰਦਾ ਹੈ।

ਉੱਤਰ ੧੮ – ਗੁਰੂ ਜੀ ਕਹਿੰਦੇ ਹਨ, ਤਿੰਨ ਭਵਨਾਂ ਵਿੱਚ ਸੱਚਾ ਅਕਾਲ ਪੁਰਖ ਸਮਾ ਰਿਹਾ ਹੈ, ਪਰ ਗੁਰਮੁਖਾਂ ਨੇ ਹੀ ਜਾਣਿਆ ਹੈ॥੫॥੧੩॥

ਸਿਧਾ ਦਾ ਪ੍ਰਸ਼ਨ:–

Answer No. 17 – Manmukh goes by death and comes by birth.

Answer No. 18 – Guru Ji says that Almighty who is the ultimate truth is immersed within the entire creation but only the Gurmukh realises. 2nd meaning : Guru Ji answers that in all the three parts of the universe the animated (Gur) and invisible (mukh) form of True Almighty is immersed within the entire creation.

Question by the sidhas;

ਕਿਉ ਕਰਿ ਬਾਧਾ ; ਸਰਪਨਿ ਖਾਧਾ ॥

ਕਿਉ ਕਰਿ ਖੋਇਆ ; ਕਿਉ ਕਰਿ ਲਾਧਾ ॥

ਪਦ ਅਰਥ:– ਕਿਉ ਕਰਿ–ਕਿਸ ਕਾਰਨ, why। **ਬਾਧਾ–ਬੰਨ੍ਹਿਆ,** bonded। **ਸਰਪਨਿ–ਮਾਇਆ ਸੱਪਣੀ,** female snake। **ਖੋਇਆ–ਗਵਾਇਆ ਹੈ,** lost। **ਲਾਧਾ–ਲੱਭਿਆ, ਪਾਇਆ,** found।

ਪ੍ਰਸ਼ਨ ੧੯ – ਕਿਸ ਕਾਰਨ ਇਹ ਜੀਵ ਬੰਨ੍ਹਿਆ ਹੈ?

ਪ੍ਰਸ਼ਨ ੨੦ – ਕਿਸ ਕਾਰਨ ਮਾਇਆ ਸੱਪਣੀ ਨੇ ਖਾਧਾ ਹੈ?

ਪ੍ਰਸ਼ਨ ੨੧ – ਕਿਸ ਕਾਰਨ ਕਰਕੇ ਇਸ ਜਿਵ ਨੇ ਜਨਮ ਗਵਾਇਆ ਹੈ?

ਪ੍ਰਸ਼ਨ ੨੨ – ਕਿਸ ਕਾਰਨ ਇਸ ਜਿਵ ਨੇ ਜਨਮ ਪਾਇਆ (ਲਾਧਾ) ਹੈ ਭਾਵ ਸਫਲ ਕੀਤਾ ਹੈ?

Question No.19 – Why this jeev (being) is tied (in attachment)

Question No. 20 - Why the serpent maya (mammon) has eaten up this jeev (being)?

Question No. 21 – Why this jeev (being) wasted the whole lifetime?

Question No. 22 – Why this jeev has obtained this life as human being means that how this jeev have made the lifetime fruitful?

ਕਿਉ ਕਰਿ ਨਿਰਮਲੁ ; ਕਿਉ ਕਰਿ ਅੰਧਿਆਰਾ ॥

ਇਹੁ ਤਤੁ ਬੀਚਾਰੈ ; ਸੁ ਗੁਰੂ ਹਮਾਰਾ ॥੧੪॥

ਪਦ ਅਰਥ:- ਨਿਰਮਲੁ–ਪਵਿੱਤਰ, pure। **ਅੰਧਿਆਰਾ–ਹਨੇਰਾ,** darkness। **ਤਤੁ–ਸਿਧਾਂਤ,** principal। **ਬੀਚਾਰੈ–ਵਿਚਾਰ ਕਰੇ,** contemplation।

ਪ੍ਰਸ਼ਨ ੨੩ – ਨਿਰਮਲ ਕਿਵੇਂ ਹੋਈਦਾ ਹੈ?

ਪ੍ਰਸ਼ਨ ੨੪ – ਹਨੇਰਾ (ਅਗਿਆਨਤਾ) ਕਿਵੇ ਦੂਰ ਹੋ ਸਕਦਾ ਹੈ?

ਇਹਨਾ ਪ੍ਰਸ਼ਨਾ ਦਾ ਸਿਧਾਂਤ ਜੋ ਵਿਚਾਰੇ ਉਹ ਹੀ ਸਾਡਾ ਗੁਰੂ ਹੈ॥੧੪॥

Question No. 23 – How can one (mind) become pure?

Question No. 24 – How does the darkness of ignorance disappear?

The one who contemplates on the above questions based principal of truth shall be acknowledged as my Guru.

ਦੁਰਮਤਿ ਬਾਧਾ ; ਸਰਪਨਿ ਖਾਧਾ ॥

ਮਨਮੁਖਿ ਖੋਇਆ ; ਗੁਰਮੁਖਿ ਲਾਧਾ ॥

ਪਦ ਅਰਥ:- ਦੁਰਮਤਿ–ਖੋਟੀ ਮੱਤ, the believe that aparts the jeev (being) from Almighty। **ਬਾਧਾ–ਬੰਨ੍ਹਿਆ,** tied। **ਸਰਪਨਿ–ਮਾਇਆ ਸੱਪਣੀ,** serpant (Maya)। **ਖੋਇਆ–ਗਵਾਇਆ ਹੈ,** lost, wasted। **ਲਾਧਾ–ਲੱਭਿਆ, ਪਾਇਆ,** benefit।

ਉੱਤਰ ੧੯ – ਖੋਟੀ ਮੱਤ ਕਰ ਕੇ ਜੀਵ ਬੰਨ੍ਹਿਆ ਹੈ।

ਉੱਤਰ ੨੦ – ਦੁਰਮਤ ਕਰ ਕੇ ਮਾਇਆ ਸੱਪਨੀ ਨੇ ਖਾਧਾ ਹੈ।

ਉੱਤਰ ੨੧ – ਮਨਮੁਖਤਾ ਕਰ ਕੇ ਜਨਮ ਗਵਾਇਆ (ਖੋਇਆ) ਹੈ।

ਉੱਤਰ ੨੨. ਗੁਰਮਤਿ ਕਰ ਕੇ ਜਨਮ ਲੱਭਿਆ ਭਾਵ ਸਫਲ ਕੀਤਾ ਹੈ॥੪॥

Answer No. 19 - The jeev (being) is tied in attachments by wicked intellect

Answer No. 20 - The worldly intellect (influenced by demerits) is the cause for this jeev to be eaten up (influenced or charmed) by the serpant maya (mammon).

Answer No. 21 – By adopting the mind as the master (Manmukh) is the cause for this jeev (being) to waste the entire precious lifetime.

Answer No. 22 – One can make the whole lifetime fruitful by adopting Guru's wisdom and becoming a Gurmukh.

ਸਤਿਗੁਰੁ ਮਿਲੈ ; ਅੰਧੇਰਾ ਜਾਇ ॥
ਨਾਨਕ , ਹਉਮੈ ਮੇਟਿ ; ਸਮਾਇ ॥੧੫॥

ਪਦ ਅਰਥ:- ਅੰਧੇਰਾ-ਹਨੇਰਾ, darkness। **ਜਾਇ-ਚਲਿਆ ਜਾਂਦਾ ਹੈ, ਦੂਰ ਹੁੰਦਾ ਹੈ,** goes। **ਹਉਮੈ-ਅਹੰਕਾਰ,** ego। **ਮੇਟਿ-ਮਿਟਾ ਕੇ,** perishes। **ਸਮਾਇ-ਸਮਾ ਜਾਵੇ, ਲੀਨ ਹੋ ਜਾਵੇ,** immerse।

ਉੱਤਰ ੨੪. ਜਦੋਂ ਸਤਿਗੁਰ ਮਿਲਦੇ ਹਨ, ਉਸ ਸਮੇਂ ਅਗਿਆਨ ਅੰਧੇਰਾ ਨਾਸ਼ ਹੁੰਦਾ ਹੈ।

ਉੱਤਰ ੨੩. ਗੁਰੂ ਜੀ ਕਹਿੰਦੇ ਹਨ ਹਉਮੈ ਨੂੰ ਮੇਟ ਕੇ ਪ੍ਰਮੇਸਰ ਵਿੱਚ ਸਮਾ ਜਾਵੇ, ਇਉਂ ਮਨ ਨਿਰਮਲ ਹੁੰਦਾ ਹੈ।

ਇਥੇ ਉੱਤਰ ਗੁਰੂ ਜੀ ਨੇ ਪ੍ਰਸ਼ਨ ੨੪ ਦਾ ਉੱਤਰ ਪ੍ਰਸ਼ਨ ੨੩ ਤੋਂ ਪਹਿਲਾਂ ਹੀ ਦਿੱਤਾ ਹੈ, ਕਿਉਂਕਿ ਸਿਧਾਂਤ ਨਿਰਮਲਤਾ ਉੱਪਰ ਰੱਖਣਾ ਸੀ॥੧੫॥ ਹੁਣ ਸਿਧਾਂਤ ਦੀ ਪਉੜੀ ਸੁਰੂ ਹੁੰਦੀ ਹੈ:-

Answer No. 24 - Only by meeting the True Guru darkness of ignorance is vanished.

Answer No. 23 - Guru Ji says once the ego is vanished only then one (mind) becomes pure and immerses into Almighty.

Guru Ji answered the question 24 before answering question 23 in order to emphasise on the principal of purity.

The next lines are focused on principals;

ਸੁੰਨ ਨਿਰੰਤਰਿ ; ਦੀਜੈ ਬੰਧੁ ॥
ਉਡੈ ਨ ਹੰਸਾ ; ਪੜੈ ਨ ਕੰਧੁ ॥

ਪਦ ਅਰਥ:- ਸੁੰਨ-ਅਫੁਰ, ਨਿਰਗੁਣ ਸਰੂਪ, thoughtless state। **ਨਿਰੰਤਰਿ-ਇਕ ਰਸ, ਲਗਾਤਾਰ,** consistent। **ਦੀਜੈ-ਦਿਉ,** to। **ਬੰਧੁ-ਬੰਨ੍ਹ,** tie, attach। **ਉਡੈ ਨ-ਉੱਡਦਾ ਨਹੀਂ,** does not fly means stop wandering। **ਹੰਸਾ-ਜੀਵ ਰੂਪ ਹੰਸ,** swan means jeev। **ਪੜੈ ਨ-ਪੈਂਦਾ ਨਹੀ,** goes into। **ਕੰਧੁ- ਭਾਵ ਸਰੀਰ, ਦੇਹ,** wall but here it means physical form।

ਅਫੁਰ (ਸੁੰਨ) ਪਰਮੇਸਰ ਵਿੱਚ ਨਿਰੰਤਰ ਇਸ ਮਨ ਨੂੰ ਬੰਨ੍ਹ ਦਿਓ। ਇਸ ਕਰਕੇ ਜੀਵ (ਹੰਸਾ) ਉਡਦਾ ਨਹੀ ਅਤੇ ਮੁੜ ਸਰੀਰ (ਕੰਧੁ) ਵਿੱਚ ਵੀ ਨਹੀ ਆਉਦਾ ਭਾਵ ਜਨਮ ਮਰਨ ਤੋਂ ਮੁਕਤ ਹੋ ਜਾਦਾਂ ਹੈ।

Bind (tie) the focus in consistent thoughtless state (Sune) and this jeev (being) never flies away in the reincarnation cycle and never go into another physical form (body) which means that jeev becomes free from birth and death.

ਸਹਜ ਗੁਫਾ ; ਘਰੁ ਜਾਣੈ ਸਾਚਾ ॥

ਨਾਨਕ ; ਸਾਚੇ ਭਾਵੈ ਸਾਚਾ ॥੧੬॥

ਪਦ ਅਰਥ:– ਸਹਜ–ਸਤਿ ਸਰੂਪ, ਸਾਂਤ, ਅਡੋਲ, the true form। **ਗੁਫਾ–ਹਿਰਦਾ,** cave here it denotes heart। **ਸਾਚਾ–ਸੱਚਾ, ਪ੍ਰਮੇਸ਼ਰ,** Truth, Almighty। **ਸਾਚੇ–ਸੱਚੇ ਪ੍ਰਮੇਸ਼ਰ ਨੂੰ। ਭਾਵੈ–ਭਾਉਂਦਾ ਹੈ,** pleases। **ਸਾਚਾ–ਸੱਚਾ ਪੁਰਸ਼।**

ਸਤਿ ਸਰੂਪ ਹਿਰਦੇ (ਗੁਫਾ) ਵਿੱਚ ਜੋ ਘਰ ਪਰਮੇਸਰ (ਸਾਚਾ) ਹੈ, ਉਸ ਨੂੰ ਪਹਿਚਾਣੋ। ਗੁਰੂ ਜੀ ਕਹਿੰਦੇ ਹਨ, ਉਹ ਸੱਚਾ ਪੁਰਸ਼ ਸੱਚੇ ਪਰਮੇਸਰ ਨੂੰ ਭਾਅ ਜਾਂਦਾ ਹੈ॥੧੬॥

ਫਿਰ ਸਿਧ ਪ੍ਰਸ਼ਨ ਕਰਦੇ ਹਨ:–

Recognise the true form in the heart (cave) in which dwells the Almighty, Guru Ji says only the true person is preferred by Almighty.

The Sidhas continue to questions again;

ਕਿਸੁ ਕਾਰਣਿ ; ਗ੍ਰਿਹੁ ਤਜਿਓ ਉਦਾਸੀ ॥

ਕਿਸੁ ਕਾਰਣਿ ; ਇਹੁ ਭੇਖੁ ਨਿਵਾਸੀ ॥

ਪਦ ਅਰਥ:– ਗ੍ਰਿਹੁ–ਘਰ ਬਾਰ, ਗ੍ਰਹਿਸਤੀ, house here it means household life। **ਤਜਿਓ–ਛੱਡਿਆ ਹੈ, ਤਿਆਗਿਆ ਹੈ,** abandon। **ਉਦਾਸੀ–ਬੈਰਾਗੀ,** ascetic। **ਭੇਖੁ–ਭੇਸ,** outfit। **ਨਿਵਾਸੀ–ਧਾਰਨ ਕੀਤਾ ਹੈ,** adopted।

ਪ੍ਰਸ਼ਨ ੨੫ – ਕਿਸ ਵਾਸਤੇ ਗ੍ਰਿਹਸਤ ਤਿਆਗ ਕੇ ਬੈਰਾਗੀ ਬਣੇ ਹੋ?

ਪ੍ਰਸ਼ਨ ੨੬ – ਕਿਸ ਵਾਸਤੇ ਇਸ ਭੇਖ ਨੂੰ ਧਾਰਨ ਕੀਤਾ ਹੈ?

Question No. 25 – For what reason have you abandoned household life to became ascetic?

Question No. 26 – For what reason you have embraced this costume?

ਕਿਸੁ ਵਖਰ ਕੇ ; ਤੁਮ ਵਣਜਾਰੇ ॥

ਕਿਉ ਕਰਿ ; ਸਾਥੁ ਲੰਘਾਵਹੁ ਪਾਰੇ ॥੧੭॥

ਪਦ ਅਰਥ:- ਵਖਰ–ਸੌਦਾ, merchandise, trade। **ਵਣਜਾਰੇ–ਵਪਾਰੀ,** trader। **ਸਾਥੁ–ਸਾਥੀ,** companion। **ਪਾਰੇ–ਸੰਸਾਰ ਸਮੁੰਦਰ ਤੋਂ ਪਾਰ।**

ਪ੍ਰਸ਼ਨ ੨੭ – ਕਿਸ ਸੌਦੇ ਦੇ ਤੁਸੀ ਵਪਾਰੀ ਹੋ?

ਪ੍ਰਸ਼ਨ ੨੮– ਕਿਸ ਪ੍ਰਕਾਰ ਅਪਨੇ ਸਿੱਖ ਸਾਥੀਆਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰੋਗੇ (ਲੰਘਾਵਹੁ)

ਗੁਰੂ ਜੀ ਉੱਤਰ ਦਿੰਦੇ ਹਨ:–

Question No. 27 – What are goods that you trade?

Question No. 28 – How will you take across all your companion disciples from the worldly materialistic ocean?

Guru Ji answer:--

ਗੁਰਮੁਖਿ ਖੋਜਤ ਭਏ ਉਦਾਸੀ ॥

ਦਰਸਨ ਕੈ ਤਾਈ ਭੇਖ ਨਿਵਾਸੀ ॥

ਪਦ ਅਰਥ:- ਖੋਜਤ–ਭਾਲਣਾ, search। **ਭਏ–ਹੋਏ,** be। **ਤਾਈ–ਵਾਸਤੇ,** for।

ਉੱਤਰ ੨੫ – ਗੁਰਮੁਖਾਂ ਨੂੰ ਭਾਲਦੇ ਅਤੇ ਪੂਜਨੀਕ ਪਰਮੇਸਰ ਨੂੰ ਭਾਲਦੇ ਉਦਾਸੀ ਹੋਏ ਹਨ।

ਉੱਤਰ ੨੬ – ਸੰਤਾਂ ਦੇ ਦਰਸ਼ਨ ਵਾਸਤੇ ਭੇਖ ਨਿਵਾਸੀ ਹੋਏ ਹਾਂ ॥੨॥

Answer No. 25 – I become ascetic in the search of those who obey's Guru's instruction (Gurmukh) and Almighty.

Answer No. 26 – I have become the resident of this costume to have the glimpse of the saints.

ਸਾਚ ਵਖਰ ਕੇ ; ਹਮ ਵਣਜਾਰੇ ॥

ਨਾਨਕ ; ਗੁਰਮੁਖਿ ਉਤਰਸਿ ਪਾਰੇ ॥੧੮॥

ਪਦ ਅਰਥ:- ਸਾਚ–ਸੱਚਾ ਨਾਮ, True Name। **ਵਖਰ–ਸੌਦਾ,** merchandise। **ਵਣਜਾਰੇ–ਵਪਾਰੀ,** trade। **ਉਤਰਸਿ–ਉਤਰਦੇ ਹਨ। ਪਾਰੇ–ਸੰਸਾਰ ਸਮੁੰਦਰ ਤੋਂ ਪਾਰ।**

ਉੱਤਰ ੨੭ – ਸਚੇ ਨਾਮ ਰੂਪ ਸੌਦੇ ਦੇ ਅਸੀ ਵਣਜਾਰੇ ਹਾਂ।

ਉੱਤਰ ੨੮ – ਗੁਰੂ ਜੀ ਕਹਿੰਦੇ ਹਨ, ਗੁਰੂ ਦੁਆਰੇ ਹੀ ਸਭ ਪਾਰ ਉਤਰਨਗੇ ॥੧੮॥

ਸਿਧ ਪ੍ਰਸ਼ਨ ਕਰਦੇ ਹਨ:–

Answer No. 27 – I am the trader of the True Name.

Answer No. 28 – Guru Ji says that with the grace of the Guru (Almighty) all shall be ferried across this worldly materialistic ocean. Question by Sidhas;

ਕਿਤੁ ਬਿਧਿ ਪੁਰਖਾ ; ਜਨਮੁ ਵਟਾਇਆ ॥
ਕਾਹੇ ਕਉ ਤੁਝੁ ; ਇਹੁ ਮਨੁ ਲਾਇਆ ॥

ਪਦ ਅਰਥ:- ਕਿਤੁ–ਕਿਸ, what। **ਬਿਧਿ–ਤਰੀਕੇ,** method। **ਪੁਰਖਾ–ਮਨੁੱਖਾ,** Man। **ਵਟਾਇਆ–ਬਦਲਿਆ,** change। **ਕਾਹੇ ਕਉ–ਕਿਸ ਨਾਲ, ਕਿਸ ਚੀਜ ਨਾਲ।**

ਪ੍ਰਸ਼ਨ ੨੯ – ਹੇ ਪੁਰਖਾ ਤੂੰ ਕਿਸ ਤਰੀਕੇ ਕਰਕੇ ਜਨਮੁ ਬਦਲੀ (ਵਟਾਇਆ) ਕੀਤਾ ਹੈ?

ਪ੍ਰਸ਼ਨ ੩੦ – ਕਿਸ ਚੀਜ਼ ਨਾਲ ਤੁਸੀ ਇਸ ਮਨ ਨੂੰ ਲਗਾਇਆ ਹੈ?

Question No. 29- By adopting which method have you changed your life focus? Or how have you escaped from the cycle of reincarnation (birth and death)?

Question No. 30- In which material you have attached your mind concentration?

ਕਿਤੁ ਬਿਧਿ ; ਆਸਾ ਮਨਸਾ ਖਾਈ ॥
ਕਿਤੁ ਬਿਧਿ ; ਜੋਤਿ ਨਿਰੰਤਰਿ ਪਾਈ ॥

ਪਦ ਅਰਥ:- ਬਿਧਿ–ਤਰੀਕੇ, method। **ਆਸਾ–ਸਥੂਲ ਵਸਤੂ ਦੀ ਇਛਾ,** the hope for physical materials । **ਮਨਸਾ–ਮਨ ਦੀਆ ਆਸਾ,** desire of the mind । **ਖਾਈ–ਮਿਟਾਈ,** extinguish। **ਜੋਤਿ–ਰੱਬੀ ਪ੍ਰਕਾਸ਼,** light। **ਨਿਰੰਤਰਿ–ਇਕ ਰਸ, ਲਗਾਤਾਰ,** continuous।

ਪ੍ਰਸ਼ਨ ੩੧. ਕਿਸ ਤਰੀਕੇ ਕਰਕੇ ਤੁਸੀ ਸਥੂਲ ਵਸਤੂਆਂ ਦੀ ਆਸਾ ਅਤੇ ਮਨ ਦੀਆਂ ਆਸਾ (ਮਨਸਾ) ਮਿਟਾਈਆਂ ਹਨ?

ਪ੍ਰਸ਼ਨ ੩੨. ਇਕ ਰਸ ਜੋਤ ਕਿਸ ਪ੍ਰਕਾਰ ਪਾਈ ਹੈ?

Question No. 31- Which method have you adopted to extinguish your physical hopes (Asa) and desires of the mind (Mansa)?

Question No. 32 - Which method has you adopted to attain the consistent light (Almighty) within?

ਬਿਨੁ ਦੰਤਾ ; ਕਿਉ ਖਾਈਐ ਸਾਰੁ ॥

ਨਾਨਕ ; ਸਾਚਾ ਕਰਹੁ ਬੀਚਾਰੁ ॥੧੯॥

ਪਦ ਅਰਥ:- ਬਿਨੁ-ਬਿਨਾਂ, without। **ਦੰਤਾ-ਦੰਦ,** teeth। **ਕਿਉ-ਕਿਵੇ?,** how?। **ਸਾਰੁ-ਲੋਹਾ,** iron।

ਪ੍ਰਸ਼ਨ ੩੩ – ਬਿਨਾਂ ਦੰਦਾਂ ਤੋਂ ਕਿਸ ਤਰਾਂ ਲੋਹੇ (ਸਾਰੁ) ਨੂੰ ਖਾਈਏ? ਹੇ ਨਾਨਕ ਜੀ! ਇਨ੍ਹਾਂ ਪ੍ਰਸ਼ਨਾਂ ਦਾ ਸੱਚਾ ਵਿਚਾਰ ਦੱਸੋ॥੧੯॥

ਗੁਰੂ ਜੀ ਦਾ ਉੱਤਰ:-

Question No. 33- How can one eat iron without having teeth? Which means that without the difficult penance (taap) form of teeth how can one obtain victory (eat) over the iron form of mammon (maya).

Dear Nanak, please contemplate truthfully on these questions.

Guru Ji answers;

ਸਤਿਗੁਰ ਕੈ ਜਨਮੇ ; ਗਵਨੁ ਮਿਟਾਇਆ ॥

ਅਨਹਤਿ ਰਾਤੇ ; ਇਹੁ ਮਨੁ ਲਾਇਆ ॥

ਪਦ ਅਰਥ:- ਗਵਨੁ-ਚੌਰਾਸੀ ਦਾ ਗੇੜ, ਜੰਮਣਾ ਮਰਨਾ, recarnation cycle। **ਅਨਹਤਿ-ਪ੍ਰਮੇਸ਼ਰ,** borderless। **ਰਾਤੇ-ਰੰਗੇ, ਪ੍ਰੇਮੀ,** immersed।

ਉੱਤਰ ੨੯ – ਜਦ ਸਤਗੁਰਾਂ ਦੇ ਦੁਆਰੇ ਉਪਦੇਸ ਲਿਆ ਤਾਂ ਜਨਮੁ ਅਤੇ ਚੌਰਾਸੀ ਦਾ ਗੇੜ ਮਿਟਾਇਆ ਹੈ। ਜਦੋ ਸਤਗੁਰਾਂ ਦੇ ਸਿੱਖ ਬਣੇ ਤਾਂ ਜਨਮ ਬਦਲ ਗਿਆ ਹੈ। ਪਰਮਾਨ "ਜਿਨ ਮਾਣਸ ਤੇ ਦੇਵਤੇ ਕੀਏ॥" ਅਤੇ ਚੋਰਾਸੀ ਦਾ ਭਰਮਣਾ (ਗਵਨੁ) ਮਿਟਾਇਆ ਹੈ।

ਉੱਤਰ ੩੦ – ਪ੍ਰੇਮੀ (ਰਾਤੇ) ਹੋ ਕੇ ਇਸ ਆਪਣੇ ਮਨ ਨੂੰ ਪ੍ਰਮੇਸਰ (ਅਨਹਤਿ) ਵਿੱਚ ਲਗਾਇਆ ਹੈ।

Answer No. 29 – Life focus has been changed upon receiving sermons through a true Guru thereafter the 8.4 million reincarnation has been vanished means that when I become the Sikh of the Guru my whole life changed. Gurbani quote 'The one who has made human to devta (deity)'.

Answer No. 30 – By becoming a lover I have attached this mind's concerntration in Almighty.

ਮਨਸਾ ਆਸਾ ; ਸਬਦਿ ਜਲਾਈ ॥

ਗੁਰਮੁਖਿ ; ਜੋਤਿ ਨਿਰੰਤਰਿ ਪਾਈ ॥

ਪਦ ਅਰਥ:- ਸਬਦਿ-ਸੁਰ ਉਪਦੇਸ, sermon। **ਜਲਾਈ-ਸਾੜ ਦਿੱਤੀ,** burned। **ਗੁਰਮਖਿ-ਗੁਰ ਦੇ ਦੁਆਰੇ,** through a Guru। **ਜੋਤਿ-ਰੱਬੀ ਪ੍ਰਕਾਸ਼,** divine light। **ਨਿਰੰਤਰਿ-ਇਕ ਰਸ, ਲਗਾਤਾਰ,** consistent। **ਪਾਈ-ਪ੍ਰਾਪਤ ਕੀਤੀ ਹੈ,** attained।

ਉੱਤਰ ੩੧ – ਸਰੀਰ ਦੀਆਂ ਆਸਾ (ਆਸਾ) ਅਤੇ ਮਨ ਦੀਆਂ ਜੋ ਆਸਾ (ਮਨਸਾ) ਸੀ, ਉਹ ਗੁਰੂ ਸਬਦ ਨਾਲ ਜਲਾ ਦਿਤੀਆਂ ਹਨ। ਇਸ ਤਰ੍ਹਾਂ ਆਸਾ ਮਨਸਾ ਖਾਦੀਆਂ ਹੈ।

ਉੱਤਰ ੩੨ – ਗੁਰਾਂ ਦੁਆਰੇ ਨਿਰੰਤਰ ਜੋਤ ਦੀ ਪ੍ਰਾਪਤੀ ਕੀਤੀ ਹੈ।

Answer No. 31 – The physical hopes (Asa) and the hopes of the mind (Mansa) is burned by the Guru's hymns means that physical hopes (Asa) and mind desires (Mansa) which existed within is totally vanished by the word of the Guru.

Note: Hopes are merely a group of thoughts, which are inspired by illusions of the mind. A number of thoughts shapes the hope as the hope is related various situation presumed by mind depending on the situation felt by the mind. Therefore need and hope may not be in line.

Answer No. 32 – Through the true Guru I have obtained the consistent light (knowledge, Almighty) within.

ਤ੍ਰੈ ਗੁਣ ਮੇਟੇ ; ਖਾਈਐ ਸਾਰੁ ॥

ਨਾਨਕ ; ਤਾਰੇ ਤਾਰਣਹਾਰੁ ॥੨੦॥

ਪਦ ਅਰਥ:- ਤ੍ਰੈ ਗੁਣ-ਮਾਇਆ ਦੇ ਤਿੰਨ ਗੁਣ (ਰਜੋ, ਤਮੋ, ਸਤੋ), three characteristics of Maya। **ਮੇਟੇ-ਮਿਟਾਉਣਾ, ਖਤਮ ਕਰਨਾ,** destroy। **ਸਾਰੁ-ਲੋਹਾ,** iron।

ਉੱਤਰ ੩੩ – ਜੋ ਤਿੰਨ ਗੁਣਾਂ ਨੂੰ ਮਿਟਾਉਣਾ ਹੀ ਇਸ ਸਖਤ ਲੋਹੇ (ਸਾਰੁ) ਨੂੰ ਖਾਣਾ ਹੈ। ਗੁਰੂ ਜੀ ਕਹਿੰਦੇ ਹਨ, ਕਿ ਤਾਰਨਹਾਰ ਪ੍ਰਮੇਸ਼ਰ ਤਾਰ ਲੈਂਦਾ ਹੈ॥੬॥੨੦॥

ਸਿਧਾਂ ਦਾ ਪ੍ਰਸ਼ਨ:-

Answer No. 33 – To vanish the three (3) characteristics of Maya (Sat, Raj & Tam) is equally difficult as consuming iron without having teeth means that escaping from maya is as impossible as eating iron without teeth but with Guru Ji's grace it becomes possible.

Note: Guru Ji explains the difficulty and impossibility of eradicating the Maya through an example of eating iron. Human teeth cannot bite iron and without teeth are totally impossible so Guru Ji explains that Maya cannot be defected with our ego. The sense of winning must be vanished from within as Maya exist in the slight sense that we develop from any deed. Maya creates self and this self can only desolve in Almighty, therefore the self cannot be destroyed once created but it can be merged into a greater self (Almighty). Guru Ji says that Almighty is the captain who takes the jeevs across this materialistic ocean. Says the Sidhas;

ਆਦਿ ਕਉ ਕਵਨੁ ਬੀਚਾਰੁ ਕਥੀਅਲੇ ; ਸੁੰਨ ਕਹਾ ਘਰ ਵਾਸੋ ॥

ਪਦ ਅਰਥ:- ਆਦਿ-ਨਿਰਗੁਣ ਸਰੂਪ ਪ੍ਰਮੇਸ਼ਰ, Primary means Almighty। **ਕਉ-ਦਾ। ਕਵਨੁ-ਕਿਵੇਂ?,** how। **ਕਥੀਅਲੇ-ਕਥਨ ਕਰੀਏ। ਸੁੰਨ-ਅਫੁਰ, ਨਿਰਗੁਣ ਸਰੂਪ ਪ੍ਰਮੇਸ਼ਰ,** thoughtless state। **ਕਹਾ-ਕਿਥੇ,** where। **ਵਾਸੋ-ਵਾਸਾ, ਨਿਵਾਸ,** dwell।

ਪ੍ਰਸ਼ਨ ੩੪ – ਆਦਿ ਰੂਪ ਪ੍ਰਮੇਸਰ ਦਾ ਵਿਚਾਰ ਕਿਵੇ ਕਥਨ (ਕਵਨੁ) ਕਰੀਦਾ ਹੈ?

ਪ੍ਰਸ਼ਨ ੩੫ – ਨਿਰਗੁਣ ਰੂਪ ਦਾ ਕਿਸ ਘਰ ਵਿੱਚ ਨਿਵਾਸ ਹੈ?

Question No.34 – Who has contemplated on Almighty who is the primal form (first, beginning)?

Question No. 35 – Where is the residence of Almighty in his complete thoughtless form?

ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ; ਘਟਿ ਘਟਿ ਕਵਨ ਨਿਵਾਸੋ ॥

ਪਦ ਅਰਥ:- ਮੁਦ੍ਰਾ-ਨਿਸਾਨੀ, ਗਿਆਨ ਦੀਆਂ ਮੁੰਦਰਾਂ, ear ring here it means knowledge। **ਕਵਨੁ-ਕਿਵੇਂ?,** how। **ਕਥੀਅਲੇ-ਕਥਨ ਕਰੀਏ,** described। **ਨਿਵਾਸੋ-ਵਾਸਾ, ਨਿਵਾਸ।**

ਪ੍ਰਸ਼ਨ ੩੬ – ਗਿਆਨ ਦੀ ਨਿਸਾਨੀ (ਮੁਦ੍ਰਾ) ਕਿਹੜੀ ਕਹੀਦੀ ਹੈ?

ਪ੍ਰਸ਼ਨ ੩੭ – ਘਟ ਘਟ ਵਿੱਚ ਕਿਸ ਦਾ ਨਿਵਾਸ ਹੈ॥੪॥

Question No. 36 – Who has adopted the rememberance sign of knowledge (ear-ring)?

Question No. 37 – Who resides as the life form within all the living beings?

ਕਾਲ ਕਾ ਠੀਗਾ ਕਿਉ ਜਲਾਈਅਲੇ ; ਕਿਉ ਨਿਰਭਉ ਘਰਿ ਜਾਈਐ ॥

ਪਦ ਅਰਥ:- ਠੀਗਾ-ਸੋਟਾ, ਡੰਡਾ, club, baton । **ਜਲਾਈਅਲੇ-ਸਾੜਣਾ,** to burn। **ਕਿਉ-ਕਿਵੇਂ, ਕਿਸ ਤਰ੍ਹਾਂ,** how।

ਪ੍ਰਸ਼ਨ ੩੮ – ਕਾਲ ਦਾ ਸੋਟਾ ਭਾਵ ਡੰਡਾ (ਠੀਗਾ) ਕਿਸ ਤਰ੍ਹਾਂ ਸਾੜਿਆ ਜਾਵੇ?

ਪ੍ਰਸ਼ਨ ੩੯ – ਨਿਰਭਉ ਘਰ ਵਿੱਚ ਕਿਸ ਤਰ੍ਹਾਂ ਜਾਈਦਾ ਹੈ?

Question No. 38 – How can one burn the death messengers's baton?

Question No. 39 – How can one go into the fearless house?

ਸਹਜ ਸੰਤੋਖ ਕਾ ਆਸਣੁ ਜਾਣੈ ; ਕਿਉ ਛੇਦੇ ਬੈਰਾਈਐ ॥

ਪਦ ਅਰਥ:– ਕਾ–ਦਾ। ਆਸਣੁ–ਠਹਿਰਣਾ, rest, to reside within। **ਛੇਦੇ–ਕੱਟੇ,** cut। **ਬੈਰਾਈਆ–ਕਾਮ ਕ੍ਰੋਧ ਆਦਿਕ ਵੈਰੀਆਂ ਨੂੰ,** enemies e.g. lust, anger, greed, attachment & ego।

ਪ੍ਰਸ਼ਨ ੪੦ – ਸਹਿਜ ਸੰਤੋਖ ਗੁਣਾਂ ਦਾ ਠਹਿਰਣਾ (ਆਸਣੁ) ਕਿਸ ਤਰ੍ਹਾਂ ਜਾਣਿਆ ਜਾਵੇ?

ਪ੍ਰਸ਼ਨ ੪੧ – ਵੈਰੀਆਂ ਨੂੰ ਕਿਸ ਪ੍ਰਕਾਰ ਕੱਟਿਆ (ਛੇਦੇ) ਜਾਵੇ?

ਗੁਰੂ ਜੀ ਦੋ ਤੁਕਾਂ ਵਿੱਚ ਸਿਧਾਤ ਕਹਿੰਦੇ ਹਨ:–

Question No. 40 – How to rest the virtues such as Sehaj and Santokh (contentment) within?

Note: Sehaj – means to maintain the life purely in the law of nature (She=the character + Aj=from the beginning). Everyone is in the search of peace and bliss but we always failed to obtain the peace as our beanchmark of peace goes back to the initiation of this physical form in mother's womb. In mother's womb we were engrossed in Almighty's mediatation and the bliss obtained were far beyond the peace obtained from the worldly materials although we were placed in a confined place with extensive heat in mother's womb. The physical difficulties in mother's womb were easy oversighted by the bliss of tuned focus in Almighty's Name. In similar manner we can have all the worldly materials but the peace and bliss will be attained through the concentration in Almighty's Name. Therefore the peace obtained from worldly materials last for a short time as the peace attained from Almighty's mediatation last till today within us although we may be ignorant about it.

Question No. 41 – How to eliminate the rivals such as ego, anger, lust, greed and attachments? Guru Ji's explains the principal in two lines;

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ; ਤਾ ਨਿਜ ਘਰਿ ਹੋਵੈ ਵਾਸੋ ॥

ਪਦ ਅਰਥ:– ਬਿਖੁ–ਵਿਸ਼ੇ, evil-desires। **ਨਿਜ ਘਰਿ–ਸ੍ਵੈ ਸਰੂਪ,** real-self। **ਵਾਸੋ–ਵਾਸਾ, ਨਿਵਾਸ,** dwell।

ਉਤਰ ੩੯ – ਗੁਰਾਂ ਦੇ ਉਪਦੇਸ ਨਾਲ ਹਉਮੈ ਅਤੇ ਵਿਸਿਆਂ ਨੂੰ ਮਾਰੇ ਤਾਂ ਇਸ ਜੀਵ ਦਾ ਸ੍ਵੈ ਸਰੂਪ (ਨਿਜ ਘਰਿ, ਅਤਮਾ) ਵਿੱਚ ਵਾਸਾ ਹੋ ਜਾਂਦਾ ਹੈ॥

Answer No. 39 – Through the Guru's sermons (word) one who effaces (vanishes) the ego and evil-desires, obtains total residence in the very ownself (Nij Ghar; Atma –real self)

ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ; ਨਾਨਕੁ ਤਾ ਕਾ ਦਾਸੋ ॥੨੧॥

ਪਦ ਅਰਥ:- ਰਚਿ-ਸੰਸਾਰ ਦੀ ਰਚਨਾ, creation। ਰਚਿਆ-ਬਣਾਇਆ ਹੈ, created। ਤਿਸੁ-ਉਸ।

ਉਤਰ ੩੮. ਜਿਸ ਨੇ ਇਸ ਸੰਸਾਰ ਦੀ ਰਚਨਾਂ (ਰਚਿ) ਨੂੰ ਬਣਾਇਆ (ਰਚਿਆ) ਹੈ, ਜੋ ਐਸੇ ਵਾਹਿਗੁਰੂ (ਸਬਦਿ) ਨੂੰ ਪਛਾਣੇ, ਗੁਰੂ ਜੀ ਕਹਿੰਦੇ ਹਨ, ਮੈਂ ਉਸ ਕਾ ਦਾਸ ਹਾਂ। ਇਸ ਦਾ ਉੱਤਰ ਤੇਈਵੀਂ (੨੩) ਪੌੜੀ ਵਿੱਚ ਆਵੇਗਾ॥੨੧॥

ਇਹ ਪ੍ਰਸ਼ਨ ਤਾਂ ਵਿੱਚ ਹੀ ਰਹੇ ਅਤੇ ਇਕ ਬਹੁਤ ਕਾਹਲਾ ਸਿਧ ਆਇਆ। ਉਸ ਨੇ ਕਿਹਾ ਪਹਿਲਾ ਮੇਰੇ ਪ੍ਰਸ਼ਨ ਸੁਣ ਕੇ ਉਤਰ ਦੇ ਦਿਉ ਪਿਛੋ ਇਸ ਦੇ ਉਤਰ ਦੇਣੇ। ਗੁਰੂ ਜੀ ਨੇ ਕਿਹਾ ਤੁਸੀ ਵੀ ਕਹੋ। ਫਿਰ ਉਹ ਸਿਧ ਪ੍ਰਸ਼ਨ ਕਰਦਾ ਹੈ:-

Answer No.38 - The one who recognises Almighty (shabad-hymn) who has the created the complete creation, Guru Ji says that I am the servant of such person. The answer will be given in the Pauri 23.

The question and answer session were going on, one yogi (sidh) came in a rush and said ‘Please listen to my question first and later answer to the other questions’ upon listening to this Guru Ji obliged him by allowing him put forward his question.

ਕਹਾ ਤੇ ਆਵੈ , ਕਹਾ ਇਹੁ ਜਾਵੈ ; ਕਹਾ ਇਹੁ ਰਹੈ ਸਮਾਈ ॥

ਪਦ ਅਰਥ:- ਕਹਾ-ਕਿਥੋ? ਸਮਾਈ-ਸਮਾਉਂਦਾ ਹੈ, stay immersed।

ਪ੍ਰਸ਼ਨ ੪੨ – ਇਹ ਜੀਵ ਕਿਥੋ ਆਉਂਦਾ ਹੈ?

ਪ੍ਰਸ਼ਨ ੪੩ – ਕਿਥੇ ਜਾਂਦਾ ਹੈ?

ਪ੍ਰਸ਼ਨ ੪੪ – ਕਿਥੇ ਸਮਾ ਕੇ ਰਹਿੰਦਾ ਹੈ?

ਪ੍ਰਸ਼ਨ ੪੫ – ਅਵਗਤ ਸਰੂਪ ਨੂੰ ਕਿਵੇ ਪਾਉਂਦਾ ਹੈ?

Question No. 42 – This jeev comes from where?

Question No. 43 – Where does this jeev goes?

Question No. 44 – Where does the jeev stay immerse during the lifetime?

Question No. 45 – How does this jeev obtains permenant form (to stay immersed in Almighty’s form)?

ਏਸੁ ਸਬਦ ਕਉ ਜੋ ਅਰਥਾਵੈ ; ਤਿਸੁ ਗੁਰ ਤਿਲੁ ਨ ਤਮਾਈ ॥

ਪਦ ਅਰਥ:- ਅਰਥਾਵੈ-ਅਰਥ ਸਮਝ ਆਵੇ, able to contemplate। **ਤਿਲੁ-ਰਤੀ ਮਾਤਰ,** an iota। **ਤਮਾਈ-ਤਮਾ, ਲਾਲਚ,** greed।

ਇਸ ਸਾਡੇ ਸਬਦ ਦਾ ਜਿਸ ਨੂੰ ਅਰਥ ਸਮਝ ਆਵੇ (ਅਰਥਾਵੈ) ਭਾਵ ਧਾਰਨਾ ਵਿੱਚ ਹੈ, ਉਸ ਨੂੰ ਮੈਂ ਗੁਰੂ ਸਮਝਦਾ ਹਾਂ, ਉਸ ਨੂੰ ਤਿਲ ਮਾਤਰ ਵੀ ਲਾਲਚ ਨਹੀ ਹੈ।

One who is able to comprehend and contemplate my question (word) and I recognise him as my Guru who has not even a bit (iota) of greed.

ਕਿਉ ਤਤੈ ਅਵਿਗਤੈ ਪਾਵੈ ; ਗੁਰਮੁਖਿ ਲਗੈ ਪਿਆਰੋ ॥

ਪਦ ਅਰਥ:- ਤਤੈ-ਪ੍ਰਮੇਸ਼ਰ, ਸਾਰ ਵਸਤੂ, principal (Almighty)। **ਅਵਿਗਤੈ-ਅਵਗਤ ਪ੍ਰਮੇਸ਼ਰ,** doomless।

ਉੱਤਰ ੪੫ – ਜੋ ਗੁਰਾਂ ਦੁਆਰੇ ਪਰਮੇਸਰ ਵਿੱਚ ਪਿਆਰ ਲਾਵੇ ਤਾਂ ਉਹ ਪ੍ਰਮੇਸ਼ਰ (ਅਵਿਗਤੇ) ਨੂੰ ਪਾਉਂਦਾ ਹੈ।

Answer No. 45 - Through Guru's guidance who's love is attached with Almighty thereafter the doomed jeev obtains the doomless Almighty in which jeev remain immersed.

ਆਪੇ ਸੁਰਤਾ ਆਪੇ ਕਰਤਾ ; ਕਹੁ ਨਾਨਕ ਬੀਚਾਰੋ ॥

ਪਦ ਅਰਥ:- ਸੁਰਤਾ-ਗਿਆਤਾ, knower। **ਕਰਤਾ-ਕਰਨ ਵਾਲਾ,** creator। **ਬੀਚਾਰੋ-ਵਿਚਾਰ ਕਰੋ,** contemplate।

ਉਹ ਅਬਗਤ ਪ੍ਰਮਾਤਮਾ ਆਪੇ ਹੀ ਸਰਬ ਦਾ ਗਿਆਤਾ (ਸੁਰਤਾ) ਹੈ। ਆਪੇ ਹੀ ਸਰਬ ਦਾ ਕਰਤਾ ਹੈ। ਗੁਰੂ ਜੀ ਕਹਿੰਦੇ ਹਨ ਉਸ ਦੇ ਸਰੂਪ ਦਾ ਵਿਚਾਰ ਕਰੋ।

Such Almighty (Avigat – doomless) is the knower of all (omniscient) and creator of all, Guru Ji says, contemplate on the form of Almighty.

ਹੁਕਮੇ ਆਵੈ ਹੁਕਮੇ ਜਾਵੈ ; ਹੁਕਮੇ ਰਹੈ ਸਮਾਈ ॥

ਪਦ ਅਰਥ:- ਹੁਕਮੇ-ਪ੍ਰਮਾਤਮਾ ਦੇ ਹੁਕਮ ਵਿੱਚ। ਸਮਾਈ-ਸਮਾਉਂਦਾ ਹੈ।

ਉੱਤਰ ੪੨ – ਜੀਵ ਉਸ ਦੇ ਹੁਕਮ ਵਿੱਚ ਹੀ ਆਉਦਾ ਹੈ।

ਉੱਤਰ ੪੩ – ਹੁਕਮ ਵਿੱਚ ਹੀ ਜੀਵ ਜਾਂਦਾ ਹੈ।

ਉੱਤਰ ੪੪ – ਉਸ ਦੇ ਹੁਕਮ ਵਿੱਚ ਹੀ ਜੀਵ ਸੰਸਾਰ ਵਿੱਚ ਸਮਾਇਆ ਰਹਿੰਦਾ ਹੈ।

Answer No. 42 – The jeev (being) comes in Almighty's command (will).

Answer No. 43 – The jeev (being) goes in Almighty's command (will).

Answer No. 44 – In Almighty's command the jeev immerses in this materialistic world during the life time (which denotes that in Almighty's command one remains immersed in worldly affairs)

ਪੂਰੇ ਗੁਰ ਤੇ ਸਾਚੁ ਕਮਾਵੈ ; ਗਤਿ ਮਿਤਿ ਸਬਦੇ ਪਾਈ ॥੨੨॥

ਪਦ ਅਰਥ:- ਸਾਚੁ-ਸੱਚਾ ਉਪਦੇਸ, true instructions (sermons)। **ਗਤਿ-ਪ੍ਰਾਪਤ,** obtain। **ਮਿਤਿ-ਮਰਯਾਦਾ,** practice।

ਜੋ ਪੂਰੇ ਗੁਰਾਂ ਦੇ ਸੱਚੇ ਉਪਦੇਸ ਨੂੰ ਕਮਾਵੇ ਤਾਂ ਇਸ ਮਰਯਾਦਾ (ਮਿਤਿ) ਕਰਕੇ ਵਾਹਿਗੁਰੂ (ਸਬਦੇ) ਦੀ ਪ੍ਰਾਪਤੀ (ਗਤਿ) ਕੀਤੀ ਹੈ॥੨੨॥

ਹੁਣ ਇਕੀਵੀ (੨੧) ਪੌੜੀ ਦੇ ਉਤਰ ਕਹਿੰਦੇ ਹਨ:-

Those who adopt a practical lifestyle in accordance to the Guru's true instructions will obtain Almighty. Guru Ji answers to the questions raised in the Pauri 21 in following pauri;

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ; ਸੁੰਨ ਨਿਰੰਤਰਿ ਵਾਸੁ ਲੀਆ ॥

ਪਦ ਅਰਥ:- ਬਿਸਮਾਦੁ-ਅਸਚਰਜ, astonishing। **ਵਾਸੁ-ਵਾਸਾ,** residence। **ਨਿਰੰਤਰਿ-** continuously।

ਉੱਤਰ ੩੪ – ਆਦਿ ਰੂਪ ਪ੍ਰਮੇਸ਼ਰ ਦੇ ਸਰੂਪ ਦਾ ਬੀਚਾਰ ਅਸਚਰਜ (ਬਿਸਮਾਦੁ) ਹੈ।

ਉੱਤਰ ੩੫ – ਅਫੁਰ ਪਰਮੇਸੁਰ (ਸੁੰਨ) ਨੇ ਨਿਰੰਤਰ ਹੀ ਸਾਰੇ ਥਾਂਵਾ ਵਿੱਚ ਵਾਸਾ ਲਿਆ ਹੈ।

Answer No. 34 – The contemplation of the primal form (Almighty) is astonishing (which cannot be comprehended in words therefore it is just wonderful).

Answer No. 35 – Almighty in his complete thoughtless form has taken his residence in all the places means that Almighty's existence is within the entire creation.

ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ; ਘਟਿ ਘਟਿ ਸਾਚਾ ਸਰਬ ਜੀਆ ॥

ਪਦ ਅਰਥ:- ਅਕਲਪਤ–ਕਲਪਣਾ ਰਹਿਤ, illusionary creation**। ਮੁਦ੍ਰਾ–ਨਿਸਾਨੀ। ਬੀਚਾਰੀਅਲੇ–ਵਿਚਾਰੀ। ਘਟਿ–ਹਿਰਦਾ,** heart**। ਸਾਚਾ–ਸੱਚਾ ਪ੍ਰਮੇਸ਼ਰ। ਸਰਬ–ਸਾਰੇ,** all**।**

ਉੱਤਰ ੩੬ – ਕਲਪਣਾਂ ਤੋਂ ਰਹਿਤ ਹੋਣਾ ਇਹੋ ਗੁਰਾਂ ਦੇ ਗਿਆਨ ਦੀ ਨੀਸਾਨੀ (ਮੁਦ੍ਰਾ) ਵਿਚਾਰੀ ਹੈ।

ਉੱਤਰ ੩੭ – ਸਾਰੇ ਜੀਆਂ ਦੇ ਘਟ ਘਟ ਵਿੱਚ ਸੱਚਾ ਪ੍ਰਮੇਸ਼ਰ ਹੀ ਨਿਵਾਸ ਕਰ ਰਿਹਾ ਹੈ।

Answer No. 36 – The one who is free from the influence of imaginary maya (mammon) adopts the sign (ear-ring) of Guru's knowledge.

Answer No. 37 – The true Almighty resides within all hearts which means within all the living beings.

ਗੁਰ ਬਚਨੀ ਅਵਿਗਤਿ ਸਮਾਈਐ ; ਤਤੁ ਨਿਰੰਜਨੁ ਸਹਜਿ ਲਹੈ ॥

ਪਦ ਅਰਥ:- ਗੁਰ ਬਚਨੀ–ਗੁਰੂ ਦੇ ਬਚਨਾ ਨਾਲ, Guru's Words**। ਅਵਿਗਤਿ–ਅਵਗਤ ਪ੍ਰਮਾਤਮਾ,** doomless Almighty**। ਸਮਾਈਐ–ਸਮਾਈਦਾ ਹੈ,** immersed**। ਲਹੈ–ਲੈਣਾ, ਪ੍ਰਾਪਤ ਕਰਨਾ।**

ਉੱਤਰ ੩੮ – ਗੁਰਾਂ ਦੇ ਬਚਨਾਂ ਨਾਲ ਅਵਗਤ ਪ੍ਰਮਾਤਮਾ ਵਿੱਚ ਸਮਾਈਦਾ ਹੈ। ਇਸ ਤਰ੍ਹਾਂ ਕਾਲ ਦਾ ਸੋਟਾ (ਠੀਗਾ) ਜਲਾਈਦਾ ਹੈ।

ਉੱਤਰ ੩੯ – ਤਤ ਨਰਿੰਜਨ ਨੂੰ ਗਿਆਨ ਕਰਕੇ ਪਾਈਦਾ ਹੈ (ਸਹਜਿ ਲਹੈ), ਇਸ ਤਰ੍ਹਾਂ ਨਿਰਭਉ ਦੇ ਘਰ ਜਾਈਦਾ ਹੈ।

Answer No. 38 – Through the practice in accordance to Guru's sermons (word, hymn) one merges into the doomless form (Almighty) and this is how the death messengers's baton is burned means that such person will never have to face the pains of death.

Answer No. 39 – Almighty (Niranjan means free from the black stain of maya) can be obtained with divine knowledge (sehaj) thereafter one is able to go into the fearless house (state)

ਨਾਨਕ , ਦੂਜੀ ਕਾਰ ਨ ਕਰਣੀ ; ਸੇਵੈ ਸਿਖੁ ਸੁ ਖੋਜਿ ਲਹੈ ॥

ਪਦ ਅਰਥ:- ਦੂਜੀ ਕਾਰ–ਹੋਰ ਕੋਈ ਕੰਮ, other task । **ਸੇਵੈ–ਸਿਮਰਦਾ,** to remember। **ਖੋਜਿ–ਲੱਭ,** found। **ਲਹੈ–ਲੈਂਦਾ ਹੈ,** obtain।

ਉੱਤਰ ੪੦ – ਗੁਰੂ ਜੀ ਕਹਿੰਦੇ ਹਨ ਭਗਤੀ ਤੋਂ ਬਿਨਾ ਦੂਜੀ ਕਾਰ ਨਹੀ ਕਰਨੀ ਚਾਹੀਦੀ। ਇਸ ਕਰਕੇ ਸਹਿਜ ਸੰਤੋਖ ਦੀ ਹਿਰਦੇ ਵਿੱਚ ਇਸਥਤੀ ਹੁੰਦੀ ਹੈ।

ਉੱਤਰ ੪੧ – ਜੋ ਸਿੱਖ ਹੋ ਕੇ ਗੁਰਾਂ ਨੂੰ ਸਿਮਰਦਾ ਹੈ, ਉਹ ਕਾਮਾਦਿਕ ਵੈਰੀਆਂ ਨੂੰ ਕੱਟਣ ਦਾ ਤਰੀਕਾ ਸਿੱਖ ਪ੍ਰਾਪਤ ਕਰ ਲੈਂਦਾ ਹੈ ਭਾਵ ਕੱਟਦਾ ਹੈ।

Guru Ji says,

Answer No. 40 – In order to have virtues (Sehaj & Santokh-contentment) permenantly within one should never perform anything else other then Almighty's meditation which means that although the physical body performs world activities the mind focus must always be maintained in the Almighty's rememberance just like a mother's mind is always in her baby while she is doing all the house work.

Answer No. 41 – A person who becomes a disciple (Sikh) and dedicates his life in the service of his Guru becomes successful in eliminating the rivals such as ego, anger, lust, greed and attachments.

ਹੁਕਮੁ ਬਿਸਮਾਦੁ ਹੁਕਮਿ ਪਛਾਣੈ ; ਜੀਅ ਜੁਗਤਿ ਸਚੁ ਜਾਣੈ ਸੋਈ ॥

ਪਦ ਅਰਥ:- ਬਿਸਮਾਦੁ–ਅਸਚਰਜ, astonishing। **ਜੁਗਤਿ–ਜਾਂਚ,** method। **ਸੋਈ–ਉਹੀ।**

ਨਿਸਚੈ (ਸਚੁ) ਕਰਕੇ ਜੋ ਆਤਮਾ (ਜੀਉ) ਦੀ ਜੁਗਤੀ ਨੂੰ ਜਾਣਦਾ ਹੈ, ਉਹੀ ਉਸ ਅਸਚਰਜ ਅਕਾਲ ਪੁਰਖ (ਹੁਕਮਿ) ਦੇ ਹੁਕਮ (ਹੁਕਮੁ) ਨੂੰ ਪਹਿਚਾਣਦਾ ਹੈ।

Through faith who knows the real-self (Atma) concept of Almighty within the entire creation. Only such person shall recognise the wonder of Almighty's command which means that the one who knows that Almighty is the ultimate creator and He Himself being the life form who infuses life into the inanimate creation made by the five principal element therefore as Almighty is within his creation so all that happens is always His Will.

ਆਪੁ ਮੇਟਿ ਨਿਰਾਲਮੁ ਹੋਵੈ ; ਅੰਤਰਿ ਸਾਚੁ , ਜੋਗੀ ਕਹੀਐ ਸੋਈ ॥੨੩॥

ਪਦ ਅਰਥ:- ਮੇਟਿ–ਖਤਮ ਕਰਕੇ, ਮਿਟਾ ਕੇ, to vanish। **ਨਿਰਾਲਮੁ–ਅਸੰਗ,** uneffected। **ਅੰਤਰਿ–ਅੰਦਰ,** within।

ਜੋ ਆਪਾ ਭਾਉ ਮੇਟ ਕੇ ਅਸੰਗ (ਨਿਰਾਲਮੁ) ਹੋ ਕੇ ਅੰਦਰ ਸੱਚ ਧਾਰਨ ਕਰਦਾ ਹੈ, ਉਸ ਨੂੰ ਹੀ ਜੋਗੀ ਕਹੀਦਾ ਹੈ॥੨੩॥

ਗੁਰੂ ਜੀ ਉੱਨੀ ਪੌੜੀਆ ਵਿੱਚ ਸਿਧਾਂਤ ਕਹਿੰਦੇ ਹਨ।

The one who is detached from his self-pride and adopts the truth within is known as a Yogi.

Guru Ji explains the principal in the following 19 Pauri's.

ਅਵਿਗਤੋ ਨਿਰਮਾਇਲੁ ਉਪਜੇ ; ਨਿਰਗੁਣ ਤੇ ਸਰਗੁਣੁ ਥੀਆ ॥

ਪਦ ਅਰਥ:- ਨਿਰਮਾਇਲੁ-ਨਿਰਮਲ, pure। **ਉਪਜੇ-ਪੈਦਾ ਹੁੰਦਾ ਹੈ,** born। **ਥੀਆ-ਹੋਇਆ,** occurs।

ਅਵਗਤ ਜੋ ਨਿਰਮਲੁ ਨਿਰਗੁਨੁ ਹੈ, ਉਸ ਤੋਂ ਪੈਦਾ ਹੋ ਕੇ ਸਰਗੁਣ ਵੈਰਾਟ ਰੂਪ ਬਣਿਆ ਹੈ।

The doomless (Almighty) who is free from maya (Nirmal means Nir=without and Mal=dirt which is maya) and formless has created the whole creation from himself which is his greater (Vairat) form.

ਸਤਿਗੁਰ ਪਰਚੈ ਪਰਮ ਪਦੁ ਪਾਈਐ ; ਸਾਚੈ ਸਬਦਿ ਸਮਾਇ ਲੀਆ ॥

ਪਦ ਅਰਥ:- ਪਰਚੈ-ਉਪਦੇਸ, sermons। **ਪਰਮ ਪਦੁ-ਆਤਮ ਪਦ,** supreme state। **ਸਮਾਇ-ਸਮਾ,** remain immersed। **ਲੀਆ-ਲਿਆ।**

ਸਤਿਗੁਰਾਂ ਦੇ ਉਪਦੇਸ (ਪਰਚੈ) ਨਾਲ ਪਰਮਪਦ ਨੂੰ ਪਾਈਦਾ ਹੈ। ਸੱਚੇ ਉਪਦੇਸ ਨਾਲ ਗੁਰਾਂ ਨੇ ਸਿੱਖ ਨੂੰ ਪ੍ਰਮਾਤਮਾ ਵਿੱਚ ਸਮਾ ਲਿਆ ਹੈ।

Through Satguru's (True Guru) sermons (Parche=Updesh) supreme state (union with Almighty) is obtained and with the true sermons (Shabad=hymn) Guru has immersed Sikh into Almighty.

ਏਕੇ ਕਉ ਸਚੁ ਏਕਾ ਜਾਣੈ ; ਹਉਮੈ ਦੂਜਾ ਦੂਰਿ ਕੀਆ ॥

ਪਦ ਅਰਥ:- ਏਕੇ ਕਉ-ਇਕ ਪ੍ਰਮਾਤਮਾ ਨੂੰ। ਸਚੁ-ਨਿਸਚੇ। ਦੂਜਾ-ਦਵੈਤ ਭਾਵ। ਕੀਆ-ਕੀਤਾ।

ਇਕ ਅਕਾਲ ਪੁਰਖ ਨੂੰ ਨਿਸਚੇ ਕਰਕੇ ਇਕ ਹੀ ਸਮਝਦਾ ਹੈ, ਜਿਸ ਨੇ ਹਉਮੈ ਅਤੇ ਦਵੈਤ ਭਾਉ (ਦੂਜਾ) ਦੂਰ ਕੀਤਾ ਹੈ।

Such Gursikh faithfully recognises the Almighty as the only one creator (brahm) and who has put away his (Gursikh's) ego, which means that Gursikh sees Almighty in every atom of the entire creation. This is because; to achieve such state, the Gursikh has no ego which creates duality.

ਸੋ ਜੋਗੀ ਗੁਰ ਸਬਦੁ ਪਛਾਣੈ ; ਅੰਤਰਿ ਕਮਲੁ ਪ੍ਰਗਾਸੁ ਥੀਆ ॥

ਪਦ ਅਰਥ:- ਅੰਤਰਿ-ਅੰਤਸਕਰਨ, fourfold mind। **ਪ੍ਰਗਾਸੁ-ਖਿੜਨਾ,** blossom। **ਥੀਆ-ਹੋਇਆ।**

ਜੋ ਗੁਰਾਂ ਦੇ ਸਬਦ ਨੂੰ ਪਛਾਣਦਾ ਹੈ, ਅਤੇ ਜਿਸ ਦੇ ਅੰਤਸਕਰਨ (ਅੰਤਰਿ) ਕਮਲ ਵਿੱਚ ਗਿਆਨ ਪ੍ਰਕਾਸ਼ ਹੋਇਆ ਹੈ, ਉਹੀ ਜੋਗੀ ਹੈ।

The one who recognises the Guru's hymns (shabad) and whose Antahkaran (mind, intellect, memory and self existence) lotus has been enlightened by knowledge is a Yogi.

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ; ਅੰਤਰਿ ਜਾਣੈ ਸਰਬ ਦਇਆ ॥

ਪਦ ਅਰਥ:– ਜੀਵਤੁ ਮਰੈ–ਜੀਵਤਭਾਵ ਮਰੇ, dies from the sense of living। **ਸੁਝੈ–ਸਮਝਦਾ ਹੈ,** realise। **ਸਰਬ–ਸਾਰੇ,** all।

ਸਾਰਿਆ ਦੇ ਉਪਰ ਮਨ ਕਰਕੇ ਦਇਆ ਕਰੇ ਅਤੇ ਜੀਵ ਭਾਵ ਤੋਂ ਮਰੇ ਤਾਂ ਸਭ ਕੁਝ ਸੁਝਦਾ ਹੈ, ਭਾਵ ਸੱਚ ਤੇ ਮਿਥਿਆ ਨੂੰ ਜਾਣਦਾ ਹੈ।

Such Yogi should have heartfelt (sincere) mercy on everyone and dies from the sense of self (ego). Such state where there is no attachment at all with Maya (mammon) and one find no difference between being alive or dead means that such Yogi realises the truth against the false perception created by illusionary mind.

ਨਾਨਕ ਤਾ ਕਉ ਮਿਲੈ ਵਡਾਈ ; ਆਪੁ ਪਛਾਣੈ ਸਰਬ ਜੀਆ ॥੨੪॥

ਪਦ ਅਰਥ:– ਤਾ ਕਉ–ਉਸ ਨੂੰ, the one। **ਵਡਾਈ–ਵਡਿਆਈ, ਸੋਭਾ,** honour। **ਆਪ ਪਛਾਣੈ–ਆਪਾ ਭਾਵ ਪਛਾਣੇ,** self-relisation। **ਸਰਬ–ਸਾਰੇ।** **ਜੀਆ–ਜੀਵਾਂ,** beings।

ਗੁਰੂ ਜੀ ਕਹਿੰਦੇ ਹਨ, ਉਸ ਨੂੰ ਵਡਿਆਈ ਮਿਲਦੀ ਹੈ, ਜੋ ਸਾਰੇ ਜੀਵਾਂ ਨੂੰ ਆਪਣਾ ਆਪ ਹੀ ਪਛਾਣਦਾ ਹੈ॥੨੪॥

Guru Ji says that, he alone receives respect, who recognises himself within all other creation which means that once such person realises the true form (Almighty) then he see no stranger as he sees himself within all others therefore the variety creations turn to only one Almighty.

ਸਾਚੌ ਉਪਜੈ ਸਾਚਿ ਸਮਾਵੈ ; ਸਾਚੇ ਸੂਚੇ ਏਕ ਮਇਆ ॥

ਪਦ ਅਰਥ:– ਸਾਚੌ–ਪ੍ਰਮਾਤਮਾ ਤੋਂ, the truth। **ਉਪਜੈ–ਪੈਦਾ ਹੁੰਦਾ ਹੈ,** initiated। **ਸਾਚੇ–ਸੱਚਾ ਨਾਮ,** Almighty's Name। **ਸੁਚੇ–ਸੁੱਚੇ,** pure। **ਏਕ–ਇਕ,** one। **ਮਇਆ–ਹੋ ਜਾਂਦੇ ਹਨ,** become।

ਵਾਹਿਗੁਰੂ (ਸਾਚੌ) ਤੋਂ ਇਹ ਸੰਸਾਰ ਉਪਜਦਾ ਹੈ ਅਤੇ (ਸਾਚਿ) ਵਾਹਿਗੁਰੂ ਵਿੱਚ ਹੀ ਸਮਾ ਜਾਂਦਾ ਹੈ। ਨਾਮ ਕਰ ਕੇ ਜੋ ਸੁੱਚੇ ਹੋਏ ਹਨ, ਉਹ ਉਸ ਪ੍ਰਮੇਸ਼ਰ ਦੇ ਨਾਲ ਇਕ ਰੂਪ ਹੋਏ ਹਨ।

This whole universe emerges (Upje-came into view) from truth (Sacho-Almighty) and merges back in truth (Sach-Almighty) as well. The ones who are purified by Almighty's name becomes one with Almighty.

ਝੂਠੇ ਆਵਹਿ ਠਵਰ ਨ ਪਾਵਹਿ ; ਦੂਜੈ ਆਵਾ ਗਉਣੁ ਭਇਆ ॥

ਪਦ ਅਰਥ:- ਠਵਰ–ਠਹਿਰ, stay। **ਨ ਪਾਵਹਿ–ਨਹੀ ਪਾਉਂਦੇ ਹਨ। ਦੂਜੈ–ਦਵੈਤ ਭਾਵ,** doubt or others। **ਆਵਾ ਗਉਣੁ–ਆਉਣਾ ਜਾਣਾ, ਜੰਮਣ ਮਰਨ,** reincarnation।

ਜੋ ਦੂਜੇ ਭਾਵ ਵਿੱਚ ਹਨ, ਉਹ ਝੂਠੇ ਵਾਰ ਵਾਰ ਆਉਂਦੇ ਹਨ ਅਤੇ ਠਹਿਰ ਨਹੀ ਪਾਂਉਦੇ ਹਨ। ਉਹਨਾਂ ਨੂੰ ਤਾਂ ਆਉਣਾ ਜਾਣਾ ਹੀ ਹੁੰਦਾ ਹੈ।

On the other hand the ones who have faith on other then Almighty are false ones who comes into various reincarnations repeatedly and never obtains a stop (rest or permenant place), the arriving and departure for the false ones is always continuous.

ਆਵਾ ਗਉਣੁ ਮਿਟੈ ਗੁਰ ਸਬਦੀ ; ਆਪੇ ਪਰਖੈ ਬਖਸਿ ਲਇਆ ॥

ਪਦ ਅਰਥ:- ਆਵਾ ਗਉਣੁ–ਆਉਣਾ ਜਾਣਾ, ਜੰਮਣ ਮਰਨ, cycle of reincarnation। **ਮਿਟੈ–ਮਿਟ ਜਾਂਦਾ ਹੈ, ਮੁੱਕ ਜਾਂਦਾ ਹੈ,** vanishes। **ਗੁਰ ਸਬਦੀ–ਗੁਰੂ ਦੇ ਉਪਦੇਸ ਨਾਲ।**

ਅਉਣ ਜਾਣ ਤਾਂ ਗੁਰੂ ਦੇ ਉਪਦੇਸ ਨਾਲ ਹੀ ਮਿਟਦਾ ਹੈ। ਜੋ ਆਪ ਖਰੇ ਪਰਖ ਲਏ ਹਨ, ਉਨ੍ਹਾਂ ਨੂੰ ਵਾਹਿਗੁਰੂ ਨੇ ਬਖਸ ਲਿਆ ਹੈ॥

The reincarnation (Aawa-arrival through birth and Gone-departure through death) can only be vanished through Guru Ji's sermons, those who are examined to be pure is forgiven by Almighty

ਏਕਾ ਬੇਦਨ ਦੂਜੈ ਬਿਆਪੀ ; ਨਾਮੁ ਰਸਾਇਣੁ ਵੀਸਰਿਆ ॥

ਪਦ ਅਰਥ:- ਏਕਾ–ਇੱਕ, one। **ਬੇਦਨ–ਪੀੜ,** pain। **ਦੂਜੈ–ਦਵੈਤ ਭਾਵ,** doubt। **ਬਿਆਪੀ–ਵਿਆਪੀ, ਲੱਗੀ ਹੈ,** affected। **ਰਸਾਇਣੁ–ਰਸਾਂ ਦਾ ਘਰ,** house of all tastes। **ਵੀਸਰਿਆ–ਵਿਸਰ ਗਿਆ, ਭੁੱਲ ਗਿਆ,** forgotten।

ਜਿਨਾਂ ਨੂੰ ਦੂਜੇ ਭਾਵ ਦੀ ਇਕ ਪੀੜਾ (ਬੇਦਨ) ਵਿਆਪੀ ਹੈ, ਉਹਨਾਂ ਨੂੰ ਨਾਮ ਜੋ ਰਸਾਂ ਦਾ ਘਰ ਹੈ (ਰਸਾਇਣੁ), ਉਹ ਭੁਲੇ (ਵੀਸਰਿਆ) ਹੋਇ ਹਨ।

The ones who are effected by the pain of other loves instead of faith (love) in Almighty, has forgotten the Almighty's Name which is the house (treasure) of all tastes (bliss, happiness).

ਸੋ ਬੂਝੈ ਜਿਸੁ ਆਪਿ ਬੁਝਾਏ ; ਗੁਰ ਕੈ ਸਬਦਿ ਸੁ ਮੁਕਤੁ ਭਇਆ ॥

ਪਦ ਅਰਥ:- ਸੋ–ਉਹੀ, the one । **ਬੂਝੈ–ਸਮਝਦਾ ਹੈ,** understand। **ਬੁਝਾਏ–ਸਮਝਾਉਂਦਾ ਹੈ,** make others to understand। **ਭਇਆ–ਹੋਇਆ ਹੈ।**

ਉਹੀ ਸਮਝਦਾ ਹੈ ਜਿਸ ਨੂੰ ਆਪ ਗੁਰੂ ਸਮਝਾਉਂਦਾ ਹੈ। ਜਿਸਨੇ ਗੁਰਾਂ ਦੇ ਉਪਦੇਸ ਕਰਕੇ ਸਮਝਿਆ ਹੈ, ਉਹ ਜਗਿਆਸੂ ਮੁਕਤ ਹੋਏ ਹਨ।

Only the one can understand to whom the Guru explains himself and the one is liberated who understood through Guru's sermons.

ਨਾਨਕ ਤਾਰੇ ਤਾਰਣਹਾਰਾ ; ਹਉਮੈ ਦੂਜਾ ਪਰਹਰਿਆ ॥੨੫॥

ਪਦ ਅਰਥ:– ਤਾਰੇ–ਤਾਰਦਾ ਹੈ, ferry across means liberate। **ਤਾਰਣਹਾਰਾ–ਪ੍ਰਮਾਤਮਾ,** the one who capable to ferry across। **ਪਰਹਰਿਆ–ਤਿਆਗਿਆ, ਦੂਰ ਕੀਤਾ,** abandon।

ਗੁਰੂ ਜੀ ਕਹਿੰਦੇ ਹਨ, ਜਿਸ ਨੇ ਹਉਮੈ ਅਤੇ ਦੂਜਾ ਭਾਵ ਤਿਆਗਿਆ ਹੈ, ਉਸ ਨੂੰ ਤਾਰਣਹਾਰਾ ਜੋ ਵਾਹਿਗੁਰੂ ਹੈ, ਉਹ ਤਾਰ ਲੈਂਦਾ ਹੈ॥੨੫॥

Guru Ji says the ones who have abandoned their ego and other love (Duja Bhav-love for other then Almighty which is known as duality), they have been ferried across the materialistic worldly ocean by the savior (Almighty).

ਮਨਮੁਖਿ ਭੂਲੈ ; ਜਮ ਕੀ ਕਾਣਿ ॥

ਪਰ ਘਰੁ ਜੋਹੈ ; ਹਾਣੇ ਹਾਣਿ ॥

ਪਦ ਅਰਥ:– ਕਾਣਿ–ਮੁਥਾਜੀ, dependency। **ਪਰ ਘਰੁ–ਪਰਾਏ ਘਰ,** other's house means other then the real real house (Almighty)। **ਜੋਹੈ–ਦੇਖਦੇ, ਤੱਕਦੇ,** to look। **ਹਾਣੇ ਹਾਣਿ–ਹਾਨੀ ਹੀ ਹਾਨੀ, ਨੁਕਸਾਨ ਹੀ ਨੁਕਸਾਨ,** losses।

ਮਨਮੁਖਤਾ ਕਰਕੇ ਜੋ ਵਾਹਿਗੁਰੂ ਨੂੰ ਭੁੱਲੇ ਹਨ, ਉਹਨਾ ਨੂੰ ਜਮਾ ਦੀ ਮੁਥਾਜੀ ਹੈ ਅਤੇ ਉਹ ਪਰਾਏ ਘਰਾਂ ਨੂੰ ਦੇਖਦੇ ਹਨ, ਭਾਵ ਪ੍ਰਮੇਸ਼ਰ ਤੋਂ ਬਿਨਾ ਹੋਰਨਾਂ ਦੀ ਆਸ ਕਰਨ ਨਾਲ ਨੁਕਸਾਨ ਹੀ ਨੁਕਸਾਨ ਹੈ, ਕੁਝ ਨਫਾ ਨਹੀਂ ਹੈ।

The ones who perform in accordance to the mind (Manmukh or astray) have forgotten Almighty therefore they are always under the influence (sway) of death.

Those who invested their hope on others (other then Almighty) will always face losses after losses without any benefit.

<u>Second meaning for line 2.</u>

Those who have hope on other then Almighty will always face losses after losses and they gain nothing in life.

ਮਨਮੁਖਿ ਭਰਮਿ ; ਭਵੈ ਬੇਬਾਣਿ ॥

ਵੇਮਾਰਗਿ ਮੂਸੈ ; ਮੰਤ੍ਰਿ ਮਸਾਣਿ ॥

ਪਦ ਅਰਥ:- ਭਰਮਿ-ਭੁਲੇਖੇ ਵਿੱਚ, in illusion। **ਭਵੈ-ਭਾਉਂਦਾ ਹੈ, ਫਿਰਦਾ ਹੈ,** wander, roam। **ਬੇਬਾਣਿ-ਉਜਾੜ,** wilderness। **ਵੇਮਾਰਗਿ-ਖੋਟੇ ਰਸਤੇ,** evil way। **ਮੂਸੈ-ਲੁੱਟੇ, ਠੱਗੇ,** looted। **ਮੰਤ੍ਰਿ-ਮੰਤਰ,** charm। **ਮਸਾਣਿ-ਮੜੀਆਂ ਮਸਾਣਾਂ ਵਿੱਚ,** graveyard।

ਮਨਮੁਖ ਭਰਮ ਕਰਕੇ ਸੰਸਾਰ ਉਜਾੜ (ਬੇਬਾਣਿ) ਵਿੱਚ ਫਿਰਦੇ ਹਨ, ਕਿਉਂਕਿ ਇਕ ਖੋਟੇ ਰਸਤਿਆਂ (ਵੇਮਾਰਗਿ) ਵਿੱਚ ਚਲਣ ਕਰਕੇ ਲੁੱਟੇ ਗਏ ਹਨ, ਭਾਵ ਉਹ ਪ੍ਰਮਾਤਮਾ ਨੂੰ ਛੱਡ ਕੇ ਮਸਾਣਾਂ ਵਿੱਚ ਬੈਠ ਕੇ ਮੰਤਰ ਆਦਿ ਜਪਦੇ ਹਨ।

Illusion causes Manmukh wander in worldly affair wilderness, due to the evil way adopted as way of life, manmukh is looted which means that illusionary vision of perceiving the residence in this world to be for forever, manmukh under in the influence of his mind adopts a totally worldly lifestyle by which his every breath is being robbed by mammon (maya) as the breath was given to this jeev(being) as capital to remember Almighty.

What is categorised as the rotten (bad) way, Guru Ji answers;

The evil (bad) way is reciting charms (incantation) in the cremation grounds to control the dead people roaming spirits in order to use them for evil intentions which means that instead of praying to Almighty one offers prayes to spirits for worldly materialistic accomplishment by ignoring the creator of the whole universal just like leaving behind the Supreme King and stay in service of the servant.

ਸਬਦੁ ਨ ਚੀਨੈ ; ਲਵੈ ਕੁਬਾਣਿ ॥

ਨਾਨਕ , ਸਾਚਿ ਰਤੇ ; ਸੁਖੁ ਜਾਣਿ ॥੨੬॥

ਪਦ ਅਰਥ:- ਚੀਨੈ-ਪਹਿਚਾਣਦੇ, ਜਾਣਦੇ, recognise, know। **ਲਵੈ-ਬੋਲਦੇ,** speaks। **ਕੁਬਾਣਿ-ਖੋਟੀ ਬਾਣੀ, ਦੁਰਬਚਨ,** aberrant words। **ਰਤੇ-ਰੱਤੇ, ਰੰਗੇ,** immersed। **ਸੁਖੁ-ਸੁੱਖ ਸਰੂਪ ਵਾਹਿਗੁਰੂ,** the form of happiness (Almighty)। **ਜਾਣਿ-ਜਾਣਦੇ ਹਨ,** knows।

ਉਹ ਬ੍ਰਹਮ ਭਾਵ ਗੁਰ ਸ਼ਬਦ ਨੂੰ ਪਹਿਚਾਣਦੇ ਨਹੀਂ ਹਨ ਅਤੇ ਖੋਟੀਆਂ ਬਾਣੀਆਂ ਨੂੰ ਬੋਲਦੇ (ਲਵੈ) ਹਨ। ਗੁਰੂ ਜੀ ਕਹਿੰਦੇ ਹਨ ਉਹ ਸੱਚ ਵਿੱਚ ਰੱਤੇ ਹਨ ਜੋ ਸੁਖ ਸਰੂਪ ਵਾਹਿਗੁਰੂ ਨੂੰ ਜਾਣਦੇ ਹਨ॥੨੬॥ ਗੁਰਮੁਖਾਂ ਦੀ ਉਸਤਿਤ ਕਰਦੇ ਹਨ;

Those who never recognise Almighty through Guru’s hymns and and always speak aberrant (bad) words which means that reciting the words which relates to Almighty is essential as the words unites one to Almighty.

Guru Ji says that only those are immersed in truth that knows the form of happiness (Almighty).

Guru Ji praises the Gurmukh in the following line;

ਗੁਰਮੁਖਿ ; ਸਾਚੇ ਕਾ ਭਉ ਪਾਵੈ ॥

ਗੁਰਮੁਖਿ ; ਬਾਣੀ ਅਘੜੁ ਘੜਾਵੈ ॥

ਪਦ ਅਰਥ:- ਭਉ-ਡਰ, fear। **ਪਾਵੈ-ਧਾਰਦੇ,** adopts। **ਅਘੜੁ-ਨਿਕੰਮੀ ਬਾਣੀ, ਅਸ਼ੁੱਧ ਮਨ,** useless spoken words, impure words । **ਘੜਾਵੈ-ਸਵਾਰਦੇ ਹਨ, ਸ਼ੁੱਧ ਕਰਦੇ ਹਨ,** the purified words, pure words।

ਗੁਰਮੁਖ ਸੱਚੇ ਵਾਹਿਗੁਰੂ ਦਾ ਡਰ ਮਨ ਵਿੱਚ ਧਾਰਨ ਕਰਦੇ ਹਨ ਅਤੇ ਗੁਰਾਂ ਦੁਆਰੇ ਨਿਕੰਮੀ (ਅਘੜੁ) ਬਾਣੀ ਨੂੰ ਸਵਾਰਦੇ (ਘੜਾਵੈ) ਹਨ, ਭਾਵ ਅਸ਼ੁੱਧ ਮਨ ਨੂੰ ਗੁਰੂ ਰਾਂਹੀ ਸ਼ੁੱਧ ਕਰਵਾ ਲੈਂਦੇ ਹਨ।

ਸੱਤ ਪ੍ਰਕਾਰ ਕਾ ਭੈ:

ਯਹ ਭੈ, ਪਰਲੋਕ ਭੈ, ਜਨਮ ਬੇਦਨਾ, ਜਾਤ, ਅਨ ਰੱਖਿਆ, ਗੁਪਤ ਭੈ, ਅਕਸ ਮਾਤ੍ਰ ਭੈ।

Gurmukh (one who follows Guru's teaching and instructions) adopts the Almighty's fear in the mind means that the only fear that they have is for Almighty whereas all other worldly fears disappears.

Gurmukh through their Guru's fear shapes (Gharawe) their unshapeable (Aghar) speech which means that they shape their speech to utter Guru's hymn instead of only speaking pertaining to worldly affairs.

2nd Meaning

Gurmukh purify's their polluted mind through a Guru means the Guru's sermons (hymns).

Seven types of fear:

1. This world's fear 2. Next world fear 3. Birth fear 4. Social Class fear 5. Self protection fear (fear of losing food) 6. Hidden sins fear (ensuring sins are not exposed) 7. Reflective fear (self created fear - that occurs and disappears rapidly)

ਗੁਰਮੁਖਿ ; ਨਿਰਮਲ ਹਰਿ ਗੁਣ ਗਾਵੈ ॥

ਗੁਰਮੁਖਿ ; ਪਵਿਤ੍ਰੁ ਪਰਮਪਦੁ ਪਾਵੈ ॥

ਪਦ ਅਰਥ:- ਨਿਰਮਲ-ਪਵਿੱਤਰ, pure। **ਹਰਿ ਗੁਣ-ਹਰੀ ਦੇ ਗੁਣ,** Almighty's virtues। **ਗਾਵੈ-ਗਾਉਂਦੇ ਹਨ,** sing। **ਪਰਮਪਦੁ-ਆਤਮ ਪਦ,** supreme state of self-realisation। **ਪਾਵੈ-ਪਾਉਂਦਾ ਹੈ,** attain।

ਗੁਰਮੁਖ ਹਰੀ ਦੇ ਗੁਣ ਗਾ ਕੇ ਪਵਿੱਤਰ ਹੁੰਦੇ ਹਨ ਅਤੇ ਗੁਰਮੁਖ ਹੀ ਪਵਿੱਤਰ ਪਰਮਪਦ ਨੂੰ ਪ੍ਰਾਪਤ ਕਰਦੇ ਹਨ।

Gurmukh becomes pure by singing Almighty's virtues. Gurmukh attains the pure supreme state. Note: Guru Ji explains that singing Almighty's praises purify the being as the ego is eradicated and one is able to attain the oneness with Almighty.

ਗੁਰਮੁਖਿ ; ਰੋਮਿ ਰੋਮਿ ਹਰਿ ਧਿਆਵੈ ॥

ਨਾਨਕ ; ਗੁਰਮੁਖਿ ਸਾਚਿ ਸਮਾਵੈ ॥੨੭॥

ਪਦ ਅਰਥ:- ਰੋਮ-ਵਾਲ, ਲੂੰ, body hair। **ਸਾਚਿ-ਸੱਚਾ ਵਾਹਿਗੁਰੂ,** Almighty।

ਗੁਰਮੁਖ ਰੋਮ ਰੋਮ ਹਰੀ ਨੂੰ ਧਿਆਉਂਦੇ ਹਨ। ਇਸ ਵਿੱਚ ਦੋ ਭਾਵ ਹਨ:-

੧. ਭਗਤਾਂ ਦੇ ਰੋਮ ਰੋਮ ਵਿੱਚ ਰਾਮ ਨਾਮ ਦੀ ਧੁਨੀ ਹੁੰਦੀ ਹੈ।

੨. ਭਗਤ ਸਾਰੀ ਬਨਸਪਤੀ ਵਿੱਚ ਪਰਮੇਸ਼ਰ ਨੂੰ ਪੂਰਨ ਜਾਣ ਕੇ ਧਿਆਨ ਧਰਦੇ ਹਨ।

ਗੁਰੂ ਜੀ ਕਹਿੰਦੇ ਹਨ ਕਿ ਗੁਰਮੁਖ ਸੱਚ ਸਰੂਪ ਵਿੱਚ ਸਮਾ ਜਾਂਦੇ ਭਾਵ ਕੈਵਲ ਮੁਕਤੀ ਨੂੰ ਪ੍ਰਾਪਤ ਕਰਦੇ ਹਨ॥੨੭॥

Gurmukh concentrates on Almighty by every hair in the whole body (Rom- skin holes created by the penetration of hair through the skin) however there are two meanings as follows;

a. With extensive recitation of Almighty’s Name the name is filled in their whole body which penetrates through the skin and can be heard physically just like a water filled bag having tiny hole from which the water flows out.

b. Gurmukh meditates on Almighty by knowing him within the entire creation including grass, trees, wind, water, etc.

Guru Ji says Gurmukh then immerses into the true form (Almighty) which means that they attains salvation by merging into their real-self.

ਗੁਰਮੁਖਿ ਪਰਚੈ ; ਬੇਦ ਬੀਚਾਰੀ ॥

ਗੁਰਮੁਖਿ ਪਰਚੈ ; ਤਰੀਐ ਤਾਰੀ ॥

ਪਦ ਅਰਥ:- ਪਰਚੈ-ਉਪਦੇਸ, sermons। **ਬੇਦ-ਗਿਆਨ,** knowledge। **ਤਰੀਐ ਤਾਰੀ-ਮਾਇਆ ਰੂਪ ਨਦੀ ਤਰੀਦੀ ਹੈ,** to swim over the river of Maya।

ਗੁਰਮੁਖ ਗਿਆਨ ਨੂੰ ਵਿਚਾਰਨ ਵਿੱਚ ਲੱਗੇ ਹੋਏ ਹਨ। ਗੁਰਮੁਖਾਂ ਦੇ ਉਪਦੇਸ ਕਰਕੇ ਨਦੀ ਰੂਪ ਜੋ ਮਾਯਾ ਹੈ ਉਹ ਤਰੀਦੀ (ਤਾਰੀ) ਹੈ।

Gurmukh is occupied in contemplating divine knowledge (vedh) means that Gurmukh always keeps their mind occupied in Almighty by discussing the Guru’s hymns.

By listening to Gurmukh’s preachings one can swim across the mammon (maya) river which means that the preaching by Gurmukh based on Guru’s instruction will help the audience to swim across the river of mammon (maya)

ਗੁਰਮੁਖਿ ਪਰਚੈ ; ਸੁ ਸਬਦਿ ਗਿਆਨੀ ॥

ਗੁਰਮੁਖਿ ਪਰਚੈ ; ਅੰਤਰ ਬਿਧਿ ਜਾਨੀ ॥

ਪਦ ਅਰਥ:- ਪਰਚੈ–ਉਪਦੇਸ, sermons। **ਗਿਆਨੀ–ਗਿਆਨਵਾਨ,** scholar। **ਅੰਤਰ–ਅੰਦਰ,** within। **ਬਿਧਿ–ਵਿਧੀ,** method। **ਜਾਨੀ–ਜਾਣੀਦੀ ਹੈ,** known।

ਗੁਰਮੁਖਾਂ ਦੇ ਉਪਦੇਸ (ਪਰਚੈ) ਨਾਲ ਵਾਹਿਗੁਰੂ ਨੂੰ ਜਾਨਣ ਵਾਲੇ ਹੋਈਦਾ ਹੈ ਅਤੇ ਗੁਰਮੁਖਾਂ ਦੇ ਉਪਦੇਸ ਨਾਲ ਅੰਦਰ ਦੀ ਵਿਧੀ ਜਾਣੀ ਦੀ ਹੈ ਭਾਵ ਸਰਬ ਅੰਤਰਜਾਮੀ ਹੋ ਜਾਈਦਾ ਹੈ॥

Through Gurmukh's preaching, one becomes able to know Almighty.

Through Gurmukh's preaching, one becomes knowledgeable about the inner secrets means that he is able to comprehend the inner thoughts of others and the time dimensions becomes irrelative as he/she is able see past, present and future.

ਗੁਰਮੁਖਿ ; ਪਾਈਐ ਅਲਖ ਅਪਾਰੁ ॥

ਨਾਨਕ , ਗੁਰਮੁਖਿ ; ਮੁਕਤਿ ਦੁਆਰੁ ॥੨੮॥

ਪਦ ਅਰਥ:- ਅਲਖ–ਜੋ ਦਿਖਾਈ ਨਾ ਦੇਵੇ, the one beyond the physical sight। **ਅਪਾਰੁ–ਪਾਰ ਤੋਂ ਪਰੇ,** beyond borders। **ਦੁਆਰੁ–ਦੁਆਰਾ, ਦਰਵਾਜ਼ਾ,** door।

ਗੁਰਾਂ ਦੁਆਰੇ (ਅਲਖ ਅਪਾਰੁ) ਵਾਹਿਗੁਰੂ ਨੂੰ ਪ੍ਰਾਪਤ ਕਰ ਲਈਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਗੁਰਾਂ ਦੁਆਰੇ ਹੀ (ਮੁਕਤਿ ਦੁਆਰੁ) ਬੈਕੁੰਠ ਭਾਵ ਮੁਕਤੀ ਦੇ ਦਰਵਾਜ਼ੇ ਦਾ ਗਿਆਨ ਪਾਈਦਾ ਹੈ॥੨੮॥

Through Guru (the leader Guru), Almighty who is beyond the physical sight (Alakh) and beyond boundaries (Apaar) is attained, therefore Guru Ji says that through Guru alone one immerses into Almighty's form or ultimate knowledge is obtained.

ਗੁਰਮੁਖਿ ; ਅਕਥੁ ਕਥੈ ਬੀਚਾਰਿ ॥

ਗੁਰਮੁਖਿ ; ਨਿਬਹੈ ਸਪਰਵਾਰਿ ॥

ਪਦ ਅਰਥ:- ਅਕਥੁ–ਨਾ ਕਥਿਆ ਜਾਣ ਵਾਲਾ, ਵਾਹਿਗੁਰੂ, beyond description। **ਬੀਚਾਰਿ–ਵਿਚਾਰ,** contemplation। **ਨਿਬਹੈ–ਨਿਭ ਜਾਂਦਾ ਹੈ,** remains along। **ਸਪਰਵਾਰਿ–ਪਰਿਵਾਰ ਸਮੇਤ,** along with family।

ਗੁਰਾਂ ਦੁਆਰੇ ਵਾਹਿਗੁਰੂ (ਅਕਥੁ) ਦਾ ਵਿਚਾਰ ਕਥਨ ਕਰੀਦਾ ਹੈ ਅਤੇ ਗੁਰਾਂ ਦੁਆਰੇ ਹੀ ਸਮੇਤ ਪਰਵਾਰ ਦੇ (ਨਿਬਹੈ) ਨਿਭ ਜਾਈਦਾ ਹੈ ਭਾਵ ਤਰ ਜਾਈਦਾ ਹੈ।

Through Guru, it becomes possible to utter the description of Almighty which is indescribable.

Through Guru, it becomes possible to swim across this materialistic worldly ocean together with the entire family.

ਗੁਰਮੁਖਿ ਜਪੀਐ ; ਅੰਤਰਿ ਪਿਆਰਿ ॥
ਗੁਰਮੁਖਿ ਪਾਈਐ ; ਸਬਦਿ ਅਚਾਰਿ ॥

ਪਦ ਅਰਥ:- ਅੰਤਰਿ–ਅੰਦਰ, within। **ਅਚਾਰਿ–ਕਰਤੱਬ,** practice।

ਅੰਦਰੂਨੀ ਪਿਆਰ ਨਾਲ ਗੁਰਾਂ ਦੁਆਰੇ ਹੀ ਨਾਮ ਜਪੀਦਾ ਹੈ ਅਤੇ ਗੁਰਾਂ ਦਆਰੇ ਹੀ ਵਾਹਿਗੁਰੂ ਨੂੰ ਪ੍ਰਾਪਤ ਕਰਨ ਦਾ ਕਰਤੱਬ (ਅਚਾਰਿ) ਸਿਖ ਕੇ ਵਾਹਿਗੁਰੂ ਨੂੰ ਪਾ ਲਈਦਾ ਹੈ।

Through Guru, the deep love within is developed by which Almighty's name is recited.

Through Guru, the character and the practice are adopted by which Almighty is attained.

ਸਬਦਿ ਭੇਦਿ ; ਜਾਣੈ ਜਾਣਾਈ ॥
ਨਾਨਕ ; ਹਉਮੈ ਜਾਲਿ , ਸਮਾਈ ॥੨੯॥

ਪਦ ਅਰਥ:- ਸਬਦਿ ਭੇਦਿ–ਵਾਹਿਗੁਰੂ ਦਾ ਭੇਦ, the secret of Almighty (Shabad)। **ਜਾਣੈ–ਜਾਣਿਆ ਹੈ,** known। **ਜਾਣਾਈ–ਹੋਰਨਾਂ ਨੂੰ ਜਣਾਉਂਦਾ ਹੈ,** make other to know। **ਜਾਲਿ–ਸਾੜ ਕੇ,** burn। **ਸਮਾਈ–ਨਸਟ ਹੋਈ ਹੈ,** vanished, **ਸਮ+ਆਈ=ਸਮਤਾ ਆਈ,** balance।

ਗੁਰੂ ਜੀ ਕਹਿੰਦੇ ਹਨ, ਕਿ ਜਿਨ੍ਹਾਂ ਦੀ ਹਉਮੈ ਰੂਪ ਲਾਟ ਸੜ ਕੇ ਨਸਟ (ਸਮਾਈ) ਹੋਈ ਹੈ, ਉਨ੍ਹਾਂ ਨੇ ਵਾਹਿਗੁਰੂ ਦੇ ਭੇਦ ਨੂੰ ਆਪ ਜਾਣਿਆ ਹੈ ਅਤੇ ਜਗਿਆਸੂਆਂ ਨੂੰ ਵੀ ਵਾਹਿਗੁਰੂ ਨੂੰ ਪਾਉਣ ਦੀ ਜੁਗਤੀ ਦੱਸੀ ਹੈ॥੨੯॥

Guru Ji says that the one's ego liked flame of fire is extinguished, they have discovered the secrets of Almighty thereafter their students are made aware of the method to attain Almighty.

2nd Meaning of line 2 : Guru ji says when equalness is developed within then the ego is burned.

ਗੁਰਮੁਖਿ ; ਧਰਤੀ ਸਾਚੈ ਸਾਜੀ ॥

ਤਿਸ ਮਹਿ ; ਓਪਤਿ ਖਪਤਿ ਸੁ ਬਾਜੀ ॥

ਪਦ ਅਰਥ:- ਸਾਚੈ–ਸੱਚੇ ਵਾਹਿਗੁਰੁ ਨੇ, by Almighty। **ਸਾਜੀ–ਰਚੀ ਹੈ,** created। **ਮਹਿ–ਵਿੱਚ,** within। **ਓਪਤਿ–ਉਤਪੰਨ, ਜੰਮਣ,** birth, initiation। **ਖਪਤਿ–ਮਰਨਾ,** death, destruction। **ਬਾਜੀ–ਖੇਡ,** play।

ਗੁਰਮੁਖਾਂ ਨੇ ਇਸ ਤਰ੍ਹਾਂ ਜਾਣਿਆ ਹੈ ਕਿ ਧਰਤੀ ਸੱਚੇ ਵਾਹਿਗੁਰੁ ਨੇ ਸਾਜੀ ਭਾਵ ਰਚੀ ਹੈ। ਇਸ ਧਰਤੀ ਤੇ ਜੋ ਜੀਵਾਂ ਦਾ ਜੰਮਣ ਅਤੇ ਮਰਨ ਹੋ ਰਿਹਾ ਹੈ, ਉਹ ਬਾਜੀ ਰੂਪ ਹੈ, ਭਾਵ ਪ੍ਰਮਾਤਮਾ ਦੀ ਖੇਡ ਹੈ।

Gurmukh knows that the earth is decorated (created) by the true Almighty in which the game of origination and destruction is being played.

ਗੁਰ ਕੈ ਸਬਦਿ ਰਪੈ ਰੰਗੁ ਲਾਇ ॥

ਸਾਚਿ ਰਤਉ ਪਤਿ ਸਿਉ ਘਰਿ ਜਾਇ ॥

ਪਦ ਅਰਥ:- ਰਪੈ–ਰਚੇ, immersed। **ਰੰਗੁ–ਰੰਗਦੇ ਹਨ ਭਾਵ ਪਿਆਰ ਉਤਪੰਨ ਕਰਦੇ ਹਨ ਦੂਸਰੇ ਵਿਚ,** spreads the love of Almighty upon others as well। **ਰਤਉ–ਰੰਗਿਆ,** coloured means immersed। **ਪਤਿ–ਇੱਜਤ,** honour। **ਸਿਉ–ਨਾਲ,** with। **ਘਰਿ–ਪ੍ਰਲੋਕ ਭਾਵ ਨਿਜ ਸਰੂਪ,** real-self means Almighty।

ਜੋ ਗੁਰੂ ਦੇ ਉਪਦੇਸ ਵਿੱਚ ਰੰਗੇ ਹਨ, ਉਹ ਹੋਰਨਾਂ ਨੂੰ ਵੀ ਇਸ ਰੰਗ ਵਿੱਚ ਰੰਗਦੇ ਹਨ। ਜੋ ਸੱਚ ਵਿੱਚ ਰੰਗਿਆ (ਰਤਉ) ਹੈ ਉਹ ਇੱਜ਼ਤ (ਪਤਿ) ਨਾਲ ਹੀ ਪ੍ਰਲੋਕ (ਘਰਿ) ਵਿੱਚ ਜਾਂਦਾ ਹੈ ਭਾਵ ਨਿਜ ਸਰੂਪ ਵਿਚ ਸਮਾਉਂਦਾ ਹੈ।

Those who are immersed in Almighty's love, make others to have the same love for Almighty.

Those who are immersed in the truth, goes with dignity to the next world (home) means blends into their real-self (sarup = Almighty).

ਸਾਚ ਸਬਦ ਬਿਨੁ ; ਪਤਿ ਨਹੀ ਪਾਵੈ ॥

ਨਾਨਕ ; ਬਿਨੁ ਨਾਵੈ , ਕਿਉ ਸਾਚਿ ਸਮਾਵੈ ॥੩੦॥

ਪਦ ਅਰਥ:- ਸਾਚ ਸਬਦ–ਸੱਚਾ ਉਪਦੇਸ, true sermons। **ਬਿਨੁ ਨਾਵੈ–ਬਿਨਾਂ ਨਾਮ ਤੋਂ,** without Almighty's Name। **ਕਿਉ–ਕਿਵੇਂ,** how। **ਸਮਾਵੈ–ਸਮਾਉਂਦਾ ਹੈ,** immerse।

ਸੱਚੇ ਉਪਦੇਸ ਬਿਨਾਂ ਇੱਜ਼ਤ (ਪਤਿ) ਨਹੀਂ ਪਾਉਂਦਾ। ਗੁਰੂ ਜੀ ਕਹਿੰਦੇ ਹਨ, ਕਿ ਨਾਮ ਤੋਂ ਬਿਨਾਂ ਕਿਸ ਤਰ੍ਹਾਂ ਸਚ ਸਰੂਪ ਵਿੱਚ ਸਮਾਵੇਗਾ॥੩੦॥

Without the true sermon (sermon which relates to Almighty) one never obtains honour.

Guru Ji says that without Almighty's Name how can one immerse in the true form (Atma-Almighty).

ਗੁਰਮੁਖਿ ; ਅਸਟ ਸਿਧੀ ਸਭਿ ਬੁਧੀ ॥

ਗੁਰਮੁਖਿ ; ਭਵਜਲੁ ਤਰੀਐ ਸਚ ਸੁਧੀ ॥

ਪਦ ਅਰਥ:- ਅਸਟ–ਅੱਠ, eight। **ਸਿਧੀ–ਸਿਧੀਆਂ,** the fullfillment of all worldly possessions (Sidha)। **ਬੁਧੀ–ਬੁੱਧੀਆਂ,** intelligence। **ਭਵਜਲੁ–ਸੰਸਾਰ ਸਮੁੰਦਰ,** worldly ocean। **ਸਚ–ਸੱਚ,** true। **ਸੁੱਧੀ–ਗਿਆਨ,** knowledge।

ਗੁਰਾਂ ਦੁਆਰੇ ਹੀ ਅੱਠ ਸਿਧੀਆਂ ਅਤੇ ਵਿਵਹਾਰਕ ਪ੍ਰਮਾਰਥ ਦੀਆਂ ਸਭ ਬੁਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਗੁਰਾਂ ਦੁਆਰੇ ਹੀ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ ਅਤੇ ਸੱਚ ਦਾ ਵੀ ਅਤੇ ਗਿਆਨ (ਸੁਧੀ) ਵੀ ਪ੍ਰਾਪਤ ਹੁੰਦੀ ਹੈ।

Through Guru the ability to perform the eight miraculous powers and the intellect to fulfil affairs of worldly materials is obtained.

Through Guru one swims across the materialistic world ocean and also obtains the ultimate knowledge.

ਅੱਠ ਮੁਖ ਸਿਧੀਆਂ (Eight Main Miraculous Powers)

ਸਿਧੀ ਤੋਂ ਭਾਵ ਹੈ ਕਿ ਆਪਣੀ ਮਰਜ਼ੀ ਮੁਤਾਬਕ ਹਰ ਇਕ ਕੰਮ ਪੂਰਾ ਕਰ ਲੈਣਾ।

੧	ਅਣਿਮਾ	ਸਰੀਰ ਨੂੰ ਬਰੀਕ ਕਰ ਲੈਣਾ	Anima	To reduce body size into most subtle
੨	ਮਹਿਮਾ	ਸਰੀਰ ਨੂੰ ਵੱਡਾ ਕਰ ਲੈਣਾ	Mehima	To increase body size
੩	ਗਰਮਾ	ਸਰੀਰ ਨੂੰ ਭਾਰਾ ਕਰ ਲੈਣਾ	Garma	To increase weight
੪	ਲਘੁਮਾ	ਸਰੀਰ ਨੂੰ ਹੌਲਾ ਕਰ ਲੈਣਾ	Laguma	To reduce weight
੫	ਪ੍ਰਾਪਤ	ਮਨ ਇਛਤ ਚੀਜ ਦੀ ਪ੍ਰਾਪਤੀ	Prapat	To obtain all materials as per mind desires
੬	ਈਛਤਾ	ਸ੍ਵੈ ਇਛਾ ਅਨੁਸਾਰ ਸਭ ਨੂੰ ਪ੍ਰੇਰਨਾ ਅਤੇ ਪਦਾਰਥਾਂ ਨੂੰ ਰਚਨਾ ਤੇ ਲੈਅ ਵਿੱਚ ਕਰਨਾ	Eichta	To make others to agree also create and vanish materials.
੭	ਪ੍ਰਕਾਮਯ	ਪ੍ਰਿਥਵੀ ਵਿੱਚ ਲੀਨ ਹੋ ਜਾਣਾ (ਜਲ ਦੀ ਨਿਆਈ) ਅਤੇ ਇੱਛਾ ਅਨੁਸਾਰ ਫਿਰ ਪ੍ਰਗਟ ਹੋ ਜਾਣਾ।	Perkamey	To desolve like water and manifest again.
੮	ਵਸ਼ਿਤਾ (ਵਸੀਕਰਣ)	ਭੌਤਿਕ ਪਦਾਰਥਾਂ ਨੂੰ ਆਪਣੀ ਆਗਿਆ ਵਿੱਚ ਕਰ ਲੈਣਾ।	Vashta (Vasikaran)	To have control over all worldly creation.

ਗੁਰਮੁਖਿ ; ਸਰ ਅਪਸਰ ਬਿਧਿ ਜਾਣੈ ॥
ਗੁਰਮੁਖਿ ; ਪਰਵਿਰਤਿ ਨਰਵਿਰਤਿ ਪਛਾਣੈ ॥

ਪਦ ਅਰਥ:- ਸਰ-ਭਲਾ, goodness। **ਅਪਸਰ-ਬੁਰਾ,** badness। **ਬਿਧਿ-ਬਿਧੀ,** reality, method। **ਜਾਣੈ-ਜਾਣਦਾ ਹੈ,** knows। **ਪਰਵਿਰਤਿ-ਗ੍ਰਹਿਣ,** indulgence। **ਨਰਵਿਰਤਿ-ਤਿਆਗ,** liberation from worldly attachments।

ਗੁਰਾਂ ਦੁਆਰੇ ਹੀ ਪੁਰਸ਼ ਭਲੇ ਬੁਰੇ ਦੀ ਬਿਧੀ ਜਾਣਦਾ ਹੈ। ਗੁਰਾਂ ਦੁਆਰੇ ਹੀ ਪਰਵਿਰਤੀ ਅਤੇ ਨਵਿਰਤੀ ਪਛਾਣਦਾ ਹੈ।

Through Guru, one know the reality (Bidhi) of good and bad.

Through Guru recognises the indulgement in worldly affairs (Pervirthi) and liberation from all worldly affairs.

ਗੁਰਮੁਖਿ ; ਤਾਰੇ ਪਾਰਿ ਉਤਾਰੇ ॥
ਨਾਨਕ , ਗੁਰਮੁਖਿ ; ਸਬਦਿ ਨਿਸਤਾਰੇ ॥੩੧॥

ਪਦ ਅਰਥ:- ਤਾਰੇ-ਤਾਰਦੇ ਹਨ, ferry across। **ਪਾਰਿ ਉਤਾਰੇ-ਸੰਸਾਰ ਸਮੁੰਦਰ ਤੋਂ ਪਾਰ। ਨਿਸਤਾਰੇ-ਨਿਸ+ਤਾਰੇ=ਵਿਸ਼ੇਸ਼ ਕਰਕੇ ਤਾਰਦੇ ਹਨ।**

ਗੁਰੂ ਜੋ ਮੁਖੀ ਹੈ ਉਹ ਹੀ ਮਲਾਹ ਰੂਪ ਹੋ ਕੇ ਪਾਰ ਉਤਾਰਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਗੁਰਮੁਖ ਉਪਦੇਸ ਦੇ ਕੇ ਵਿਸ਼ੇਸ਼ (ਨਿਸ) ਕਰਕੇ ਤਾਰਦੇ ਹਨ॥੩੧॥

The leader Guru becomes the captain to ferry across the materialistic worldly ocean.

Guru Ji says that in the same manner the Gurmukh presents the sermons which delegately ferries the other jeevs (being) across the materialistic worldly ocean.

ਨਾਮੇ ਰਾਤੇ ; ਹਉਮੈ ਜਾਇ ॥
ਨਾਮਿ ਰਤੇ ; ਸਚਿ ਰਹੇ ਸਮਾਇ ॥

ਪਦ ਅਰਥ:- ਰਾਤੇ-ਰੱਤੇ, immerse। **ਸਚਿ-ਪ੍ਰਭੂ,** Almighty। **ਸਮਾਇ-ਸਮਾ ਰਹੇ,** merged।

ਜੋ ਨਾਮ ਵਿੱਚ ਰੱਤੇ ਹਨ, ਉਹਨਾਂ ਦੀ ਹਉਮੈ ਚਲੀ ਗਈ ਹੈ। ਜੋ ਨਾਮ ਵਿੱਚ ਰੱਤੇ ਹਨ ਉਹ ਸੱਚ ਵਿੱਚ ਸਮਾਏ ਰਹਿੰਦੇ ਹਨ।

Those who are immersed in Almighty's Name their ego has vanished.

Those who are immersed in Almighty's Name they forever remain merged in Almighty.

ਨਾਮਿ ਰਤੇ ; ਜੋਗ ਜੁਗਤਿ ਬੀਚਾਰੁ ॥

ਨਾਮਿ ਰਤੇ ; ਪਾਵਹਿ ਮੋਖ ਦੁਆਰੁ ॥

ਪਦ ਅਰਥ:- ਜੁਗਤਿ–ਜੁਗਤੀ, ਜਾਂਚ, method, skill। **ਮੋਖ ਦੁਆਰੁ– ਮੁਕਤੀ ਦਾ ਦਰਵਾਜਾ,** door of salvation।

ਜੋ ਨਾਮ ਵਿੱਚ ਰੱਤੇ ਹਨ, ਉਹ ਜੋਗ ਦੀ ਜੁਗਤ ਨੂੰ ਵਿਚਾਰਦੇ ਹਨ ਅਤੇ ਜੋ ਨਾਮ ਵਿੱਚ ਰੱਤੇ ਹਨ, ਉਹ ਮੁਕਤੀ ਦੇ ਦੁਆਰ ਗਿਆਨ (ਮੋਖ ਦੁਆਰ) ਨੂੰ ਪਾਉਂਦੇ ਹਨ।

Those who are immersed in Almighty's Name, contemplates on the methods of reuniting with Almighty.

Those who are immersed in Almighty's Name, attains knowledge which is the door of salvation.

ਨਾਮਿ ਰਤੇ ; ਤ੍ਰਿਭਵਣ ਸੋਝੀ ਹੋਇ ॥

ਨਾਨਕ ਨਾਮਿ ਰਤੇ ; ਸਦਾ ਸੁਖੁ ਹੋਇ ॥੩੨॥

ਪਦ ਅਰਥ:- ਤ੍ਰਿਭਵਣ–ਤਿੰਨ ਭਵਣ, three worlds। **ਸੋਝੀ–ਗਿਆਨ, ਜਾਣਕਾਰੀ,** knowledge। **ਸਦਾ–ਹਮੇਸ਼ਾ,** always।

ਜੋ ਨਾਮ ਵਿੱਚ ਰੱਤੇ ਹਨ ਉਹਨਾਂ ਨੂੰ ਤਿੰਨਾਂ ਲੋਕ ਕੀ ਸੋਝੀ ਹੋ ਜਾਂਦੀ ਹੈ। ਗੁਰੂ ਜੀ ਕਹਿੰਦੇ ਹਨ, ਜੋ ਨਾਮ ਵਿੱਚ ਰੱਤੇ ਹਨ ਉਹ ਸਦਾ ਸੁਖ ਸਰੂਪ ਹੀ ਹੋਏ ਹਨ॥੩੨॥

Those who are immersed in Almighty's Name, obtains consciousness of the three worlds.

Guru says those who are immersed in Almighty's Name, remains forever the form of happiness (Almighty).

ਨਾਮਿ ਰਤੇ ; ਸਿਧ ਗੋਸਟਿ ਹੋਇ ॥

ਨਾਮਿ ਰਤੇ ; ਸਦਾ ਤਪੁ ਹੋਇ ॥

ਪਦ ਅਰਥ:- ਸਿਧ–ਪ੍ਰਸਿੱਧ, famous, **ਮਹਾਤਮਾ,** saint। **ਗੋਸਟਿ–ਮਿਲਾਪਤਾ,** union, meet **ਚਰਚਾ,** discussion। **ਤਪੁ–ਆਪਾ ਨਿਵਾਰਨ ਦਾ ਸਾਧਨ,** penance।

ਜੋ ਨਾਮ ਵਿੱਚ ਰੱਤੇ ਹਨ, ਉਹਨਾਂ ਦਾ ਪ੍ਰਸਿੱਧ (ਸਿਧ) ਰੂਪ ਹਰੀ ਦੇ ਨਾਲ ਮਿਲਾਪਤਾ (ਗੋਸਟਿ) ਹੁੰਦੀ ਹੈ। ਜੋ ਨਾਮ ਵਿੱਚ ਰੱਤੇ ਹਨ, ਉਹ ਸਦਾ ਹੀ ਤਪ ਰੂਪ ਹੋ ਰਹੇ ਹਨ॥

ਜੋ ਨਾਮ ਵਿੱਚ ਰੱਤੇ ਹਨ, ਉਹਨਾਂ ਦੀ ਮਹਾਤਮਾਂ (ਸਿਧ) ਦੇ ਨਾਲ ਚਰਚਾ (ਗੋਸਟਿ) ਹੁੰਦੀ ਹੈ ਭਾਵ ਪ੍ਰਤੱਖ ਸਿਧੀਆਂ ਦਾ ਮਿਲਾਪ ਹੁੰਦਾ ਹੈ।

Those who are immersed in Almighty's Name, they attains union Almighty who is omnipresent.

Those who are immersed in Almighty's Name, always remains form of penance means that being immersed in Almighty itself turns the jeev (being) into Almighty's form.

ਨਾਮਿ ਰਤੇ ; ਸਚੁ ਕਰਣੀ ਸਾਰੁ ॥

ਨਾਮਿ ਰਤੇ ; ਗੁਣ ਗਿਆਨ ਬੀਚਾਰੁ ॥

ਪਦ ਅਰਥ:- ਸਚੁ-ਸੱਚੀ, true। **ਕਰਣੀ-ਕਰਤੱਬ,** deed। **ਸਾਰੁ-ਸ੍ਰੇਸਟ,** pure, supreme।

ਜੋ ਨਾਮ ਵਿੱਚ ਰੱਤੇ ਹਨ, ਉਹਨਾਂ ਦੀ ਸੱਚੀ ਅਤੇ ਸ੍ਰੇਸਟ ਕਰਨੀ ਹੈ। ਜੋ ਨਾਮ ਵਿੱਚ ਰੱਤੇ ਹਨ, ਉਹ ਗਿਆਨ ਆਦਿਕ ਗੁਣਾਂ ਦਾ ਵਿਚਾਰ ਕਰਦੇ ਹਨ।

Those who are immersed in Almighty's Name, their practical life becomes true and pure means that their life becomes the guide for others.

Those who are immersed in Almighty's Name, they ponder on knowledge and virtues.

ਬਿਨੁ ਨਾਵੈ ; ਬੋਲੈ ਸਭੁ ਵੇਕਾਰੁ ॥

ਨਾਨਕ ਨਾਮਿ ਰਤੇ ; ਤਿਨ ਕਉ ਜੈਕਾਰੁ ॥੩੩॥

ਪਦ ਅਰਥ:- ਬਿਨੁ ਨਾਵੈ-ਨਾਮ ਤੋਂ ਬਿਨਾਂ, without Almighty's Name। **ਬੋਲੈ-ਬੋਲਦਾ,** speech। **ਵੇਕਾਰੁ-ਨਿਕੰਮਾ, ਫਾਲਤੂ,** useless। **ਤਿਨ-ਉਹਨਾਂ,** their। **ਕਉ- ਨੂੰ। ਜੈਕਾਰੁ-ਜਿੱਤ,** victory।

ਨਾਮ ਬਿਨਾ ਜੋ ਬੋਲਿਆ ਸਭ ਨਿਕੰਮਾ (ਵੇਕਾਰੁ) ਹੈ। ਗੁਰੂ ਜੀ ਕਹਿੰਦੇ ਹਨ, ਕਿ ਜੋ ਨਾਮ ਵਿੱਚ ਰੱਤੇ ਹਨ, ਉਹਨਾਂ ਦੀ ਤਾਂ ਹਰ ਪਾਸੇ ਹੀ ਜਿੱਤ (ਜੈਕਾਰੁ) ਹੈ॥੩੩॥

The speech without Almighty's Name is of no use.

Guru Ji says victory in both worlds (Lok – this world & Perlok – next world) for those who are immersed in Almighty's Name.

ਪੂਰੇ ਗੁਰ ਤੇ ; ਨਾਮੁ ਪਾਇਆ ਜਾਇ ॥

ਜੋਗ ਜੁਗਤਿ ; ਸਚਿ ਰਹੈ ਸਮਾਇ ॥

ਪਦ ਅਰਥ:- ਪੂਰੇ-ਪੂਰਨ, perfect। **ਤੇ-ਤੋਂ,** from। **ਜਾਇ-ਜਾਂਦਾ ਹੈ। ਸਚੁ-ਨਿਸਚੇ,** definately। **ਰਹੈ-ਰਹਿੰਦੇ,** remain। **ਸਮਾਇ-ਸਮਾ ਕੇ,** immersed।

ਪੂਰਨ ਗੁਰਾਂ ਤੋਂ ਨਾਮੁ ਪਾਇਆ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਪੂਰੇ ਗੁਰੂ ਮਿਲੇ ਹਨ, ਉਹ ਜੋਗ (ਮਿਲਾਪ) ਦੀ ਜੁਗਤੀ ਵਿੱਚ ਨਿਸਚੇ ਹੀ ਸਮਾਏ ਰਹਿੰਦੇ ਹਨ।

Almighty's Name is obtainable from the Perfect Guru.

Those who have met the perfect Guru remains immersed in Almighty which means that they attain the union with Almighty, means that such fortunate ones are always one with Almighty.

ਬਾਰਹ ਮਹਿ ਜੋਗੀ ਭਰਮਾਏ ; ਸੰਨਿਆਸੀ ਛਿਅ ਚਾਰਿ ॥

ਗੁਰ ਕੈ ਸਬਦਿ ਜੋ ਮਰਿ ਜੀਵੈ ; ਸੋ ਪਾਏ ਮੋਖ ਦੁਆਰੁ ॥

ਪਦ ਅਰਥ:- ਬਾਰਹ ਮਹਿ–ਬਾਰਾਂ (twelve) **ਵਿੱਚ, ਜੋਗੀਆਂ ਦੇ ਬਾਰਾਂ ਪੰਥ,** 12 sects of Yogi's। **ਭਰਮਾਏ–ਭਰਮਾਏ ਹਨ, ਭੁਲਾਏ ਹਨ,** wander in llusion। **ਸੰਨਿਆਸੀ–ਤਿਆਗੀ,** ascetic। **ਛਿਅ ਚਾਰਿ–ਛੇ**(6)**+ਚਾਰ**(4)**=ਦਸ** (10)**,** six + four=10। **ਮਰਿ ਜੀਵੈ–ਆਪਾ ਭਾਵ ਕਰਕੇ ਮਰੇ,** dead from the sense of ego। **ਸੋ–ਉਹ,** they। **ਮੋਖ ਦੁਆਰੁ–ਮੁਕਤੀ ਦਾ ਦੁਆਰ ਭਾਵ ਗਿਆਨ,** door of salvation means divine knowledge।

ਬਾਰਾਂ ਪੰਥਾਂ ਵਿੱਚ ਮਾਇਆ ਨੇ ਜੋਗੀ ਅਤੇ ਸੰਨਿਆਸੀ ਦਸ ਪੰਥਾਂ ਵਿੱਚ ਭਰਮਾਏ ਹਨ। ਗੁਰੂ ਦੇ ਉਪਦੇਸ ਕਰਕੇ ਜੋ ਜੀਵ ਜੀਵਤ ਭਾਵ ਨਾਲ ਮਰੇ ਹਨ, ਉਹ ਮੁਕਤੀ ਦੇ ਦੁਆਰ ਗਿਆਨ (ਮੋਖ ਦੁਆਰੁ) ਨੂੰ ਪ੍ਰਾਪਤ ਕਰਦੇ ਹਨ। ਯੋਗੀਆਂ ਦੇ ਬਾਰਾਂ ਪੰਥ ਉਪਰ ਦਸੇ ਚੁਕੇ ਹਨ।

ਸੰਨਿਆਸੀਆਂ ਦੇ ਦਸ ਨਾਮ:-

੧. ਤੀਰਥੀ	੨. ਆਸ਼੍ਰਮੀ
੩. ਬਨੀ	੪. ਅਰੰਨੀ
੫. ਗਿਰੀ	੬. ਪਰਬਤੀ
੭. ਸਾਗਰ	੮. ਸੁਰਸ੍ਵਤੀ
੯. ਪੁਰੀ	੧੦. ਭਾਰਤੀ

The mammon (maya) illusion has caused the Yogis to wander in twelve sects and the Sanyiasi (solitarians) in 10 sects (Chi-six and Char-four).

Through Guru's sermons those who has died from self-existence obtains knowledge means that those who realises that the self-existence is merely created from illusions of false world which disappears when the true knowledge is obtained.

10 Names of Sanyiasi;

1. Tirathi	2. Aashermi
3. Beni	4. Arangni
5. Giri	6. Perbeti
7. Sagar	8. Suraswati
9. Puri	10. Bharti

ਬਿਨੁ ਸਬਦੈ ਸਭਿ ਦੂਜੈ ਲਾਗੇ ; ਦੇਖਹੁ ਰਿਦੈ ਬੀਚਾਰਿ ॥

ਪਦ ਅਰਥ:- ਬਿਨੁ ਸਬਦੈ–ਬਿਨਾਂ ਗੁਰ ਉਪਦੇਸ ਤੋਂ, without Guru's sermons। **ਦੂਜੈ–ਦਵੈਤ ਭਾਵ,** doubt। **ਰਿਦੈ–ਹਿਰਦੇ ਵਿੱਚ,** heart।

ਬਿਨਾਂ ਗੁਰ ਉਪਦੇਸ ਦੇ ਸਭ ਲੋਕ ਦ੍ਵੈਤ (ਦੁਬਿਧਾ) ਵਿੱਚ ਲੱਗੇ ਹਨ। ਹੇ ਸੰਤੋ! ਆਪ ਹਿਰਦੇ ਵਿੱਚ ਵਿਚਾਰ ਕੇ ਦੇਖ ਲਵੋ।

Without Guru's sermons all are attached with duality therefore dear saints contemplate this fact within your heart.

ਨਾਨਕ ਵਡੇ ਸੇ ਵਡਭਾਗੀ ; ਜਿਨੀ ਸਚੁ ਰਖਿਆ ਉਰ ਧਾਰਿ ॥੩੪॥

ਪਦ ਅਰਥ:- ਵਡਭਾਗੀ–ਵੱਡੇ ਭਾਗਾ ਵਾਲਾ, fortunate ones। **ਸਚੁ–ਸੱਚਾ ਨਾਮ,** True Name। **ਉਰ–ਹਿਰਦਾ,** heart। **ਧਾਰਿ–ਧਾਰਨ ਕੀਤਾ,** embrace।

ਗੁਰੂ ਜੀ ਕਹਿੰਦੇ ਹਨ ਉਹ ਹੀ ਗੁਣ ਕਰਕੇ ਵੱਡੇ ਹਨ ਅਤੇ ਉਹ ਹੀ ਵਡਭਾਗੀ ਹਨ, ਜਿਨ੍ਹਾਂ ਨੇ ਸੱਚੇ ਨਾਮ ਨੂੰ ਹਿਰਦੇ ਵਿੱਚ ਧਾਰ ਰੱਖਿਆ ਹੈ॥੩੪॥

Guru Ji says that those are great because of their virtues and fortunate are those who has permenantly embrace (clasp) the True Name within their heart.

ਗੁਰਮੁਖਿ ; ਰਤਨੁ ਲਹੈ ਲਿਵ ਲਾਇ ॥
ਗੁਰਮੁਖਿ ; ਪਰਖੈ ਰਤਨੁ ਸੁਭਾਇ ॥

ਪਦ ਅਰਥ:- ਰਤਨੁ–ਵੈਰਾਗ, jewel but here refers to asceticism as a jewel। **ਲਹੈ–ਪਾ ਕੇ,** obtain। **ਲਿਵ–ਇਕ ਰਸ ਬਿਰਤੀ,** focussed concentration। **ਪਰਖੈ–ਪਰਖਣਾ, ਖੋਟੇ ਖਰੇ ਦੀ ਪਰਖ,** examine to determine the false and true। **ਸੁਭਾਇ–ਸੁਭਾਵਿਕ ਹੀ,** naturally।

ਗੁਰਮੁਖ ਹੀ ਵੈਰਾਗ (ਰਤਨੁ) ਨੂੰ ਪਾ ਕੇ ਪ੍ਰਮਾਤਮਾ ਦੇ ਨਾਮ ਵਿੱਚ ਲਿਵ ਲਾ ਕੇ ਰੱਖਦੇ ਹਨ ਅਤੇ ਗੁਰਮੁਖ ਸੁਭਾਵਕ ਹੀ ਰਤਨ ਰੂਪ ਪ੍ਰਮਾਤਮਾ ਨੂੰ ਪਰਖਦੇ ਹਨ।

Gurmukh are the ones who practices asceticism (Vairagi- freedom from worldly desires) and consistently concentrate on Almighty's Name means that they stay unattached to the worldly possession.

Gurmukh recognises the value of the Almighty liked jewel naturally means that the worth of Almighty can only be known to the ones who has surrendered everything (body, mind and wealth) which then comes naturally without any medium.

ਗੁਰਮੁਖਿ ; ਸਾਚੀ ਕਾਰ ਕਮਾਇ ॥

ਗੁਰਮੁਖਿ ; ਸਾਚੇ ਮਨੁ ਪਤੀਆਇ ॥

ਪਦ ਅਰਥ:- ਸਾਚੀ ਕਾਰ-ਭਗਤੀ ਰੂਪ ਕਾਰਜ, the deed of meditation। **ਕਮਾਇ-ਕਮਾਉਂਦੇ ਹਨ,** earn। **ਪਤੀਆਇ-ਭਰੋਸਾ,** faith।

ਗੁਰਮੁਖ ਭਗਤੀ ਰੂਪ ਸੱਚੀ ਕਾਰ ਨੂੰ ਕਮਾਉਂਦੇ ਹਨ। ਗੁਰਮੁਖਾਂ ਦਾ ਸੱਚੇ ਪ੍ਰਭੂ ਵਿੱਚ ਮਨ ਕਰਕੇ ਭਰੋਸਾ (ਪਤੀਆਇ) ਹੈ।

Gurmukh practices the truthful deeds such as meditation.

Gurmukh's mind has been fully pleased (agreed) with Almighty. Note: Mind is made of thoughts and when the thoughts are filled with Almighty's Name then the mind, which was a barrier, becomes the medium to attain union with Almighty.

ਗੁਰਮੁਖਿ ; ਅਲਖੁ ਲਖਾਏ ਤਿਸੁ ਭਾਵੈ ॥

ਨਾਨਕ , ਗੁਰਮੁਖਿ ; ਚੋਟ ਨ ਖਾਵੈ ॥੩੫॥

ਪਦ ਅਰਥ:- ਅਲਖੁ-ਪ੍ਰਮਾਤਮਾ, beyond knowledge। **ਲਖਾਏ-ਸੂਝ,** show means make others to see। **ਭਾਵੈ-ਭਾਉਂਦਾ,** pleases। **ਚੋਟ-ਜਮਾਂ ਦੀ ਮਾਰ,** massenger of death's stroke।

ਜਿਸ ਨੂੰ ਚਾਹੇ ਗੁਰਮੁਖ ਉਸ ਨੂੰ ਪ੍ਰਮਾਤਮਾ (ਅਲਖੁ) ਦੀ ਸੂਝ ਪਾ ਦਿੰਦੇ ਹਨ। ਗੁਰੂ ਜੀ ਕਹਿੰਦੇ ਹਨ, ਕਿ ਗੁਰਮੁਖ ਜਮਾਂ ਦੀ ਚੋਟ ਨਹੀਂ ਖਾਂਦੇ॥੩੫॥

Whoever Gurmukh pleases upon makes him to see Almighty as well. Gurmukhs are capable of making others to know Almighty.

Guru Ji says that Gurmukh never suffers stroke from the angel of death. Gurmukh has attain a state in which Almighty is seen to manifest everywhere therefore the death does not come to them as they are beyond the physical body (Sethul), astral body (sukshem) and causal body (karan).

ਗੁਰਮੁਖਿ ; ਨਾਮੁ ਦਾਨੁ ਇਸਨਾਨੁ ॥

ਗੁਰਮੁਖਿ ; ਲਾਗੈ ਸਹਜਿ ਧਿਆਨੁ ॥

ਪਦ ਅਰਥ:- ਦਾਨੁ-ਬਖਸ਼ਿਸ਼, offerings। **ਧਿਆਨੁ-ਬਿਰਤੀ,** concentration।

ਗੁਰਮੁਖ ਨਾਮ ਨੂੰ ਜਪਦੇ ਹਨ, ਦਾਨ ਦਿੰਦੇ ਹਨ ਅਤੇ ਇਸਨਾਨ (ਮਨ ਅਤੇ ਸਰੀਰ ਦਾ) ਕਰਦੇ ਹਨ। ਇਸ ਨਾਲ ਗੁਰਮੁਖਾਂ ਦਾ ਪ੍ਰਮਾਤਮਾ (ਸਹਜਿ) ਵਿੱਚ ਧਿਆਨ ਲਗਦਾ ਹੈ।

Gurmukh recites Almighty's name (Nam), offers donations (time, knowledge & wealth) (Dhan) and maintain purity (body and mind - ,Ishnaan).

Gurmukh's concerntration always remain focus in Almighty.

ਗੁਰਮੁਖਿ ; ਪਾਵੈ ਦਰਗਹ ਮਾਨੁ ॥

ਗੁਰਮੁਖਿ ; ਭਉ ਭੰਜਨੁ ਪਰਧਾਨੁ ॥

ਪਦ ਅਰਥ:- ਦਰਗਹ-ਪ੍ਰਭੂ ਦੀ ਦਰਗਾਹ, Almighty's court। **ਮਾਨੁ-ਇੱਜਤ, ਸਤਿਕਾਰ,** honour। **ਭਉ-ਡਰ,** fear। **ਭੰਜਨੁ-ਨਾਸ,** perishes। **ਪਰਧਾਨੁ-ਮੁਖੀ,** leader।

ਗੁਰਮੁਖ ਪ੍ਰਭੂ ਦੀ ਦਰਗਾਹ ਵਿੱਚ ਮਾਨ ਪਾਉਂਦੇ ਹਨ ਅਤੇ ਗੁਰਮੁਖ ਡਰ (ਭਉ) ਦਾ ਨਾਸ (ਭੰਜਨ) ਕਰਨ ਵਿੱਚ ਮੁਖੀ ਹਨ, ਭਾਵ ਜਨਮ ਮਰਨ ਦੀ ਨਵਿਰਤੀ ਮੁਖ ਇਹਨਾਂ ਤੋਂ ਹੀ ਹੁੰਦੀ ਹੈ॥

Gurmukh receives honour in Almighty's court.

Gurmukh leads in vanishing fear means that mainly the cycle of birth and death ends in the leadership of Gurmukh.

ਗੁਰਮੁਖਿ ; ਕਰਣੀ ਕਾਰ ਕਰਾਏ ॥

ਨਾਨਕ ਗੁਰਮੁਖਿ ; ਮੇਲਿ ਮਿਲਾਏ ॥੩੬॥

ਪਦ ਅਰਥ:- ਕਰਣੀ-ਸ਼ੁਭ ਕਰਨੀ, noble deed। **ਕਾਰ-ਕਾਰਜ, ਕੰਮ,** task। **ਕਰਾਏ-ਕਰਾਉਂਦੇ ਹਨ,** make others to do। **ਮੇਲ ਮਿਲਾਏ-ਮੇਲ ਵਿੱਚ ਮਲਾਉਂਦੇ ਹਨ,** unite in union।

ਗੁਰਮੁਖ ਜਗਿਆਸੂਆਂ ਤੋਂ ਸ਼ੁਭ ਕਰਨੀ ਦੀ ਕਾਰ ਕਰਾਉਂਦੇ ਹਨ। ਗੁਰੂ ਜੀ ਕਹਿੰਦੇ ਹਨ, ਕਿ ਗੁਰਮੁਖ ਵਾਹਿਗੁਰੂ ਦੇ ਮੇਲ ਵਿੱਚ ਮਿਲਾ ਦਿੰਦੇ ਹਨ॥੩੬॥

Gurmukh makes the ones who are interasted to learn and practice faith (Jegiasu) to practice the righteous deeds.

Guru Ji says Gurmukh unites others in the Almighty's union.

ਗੁਰਮੁਖਿ ; ਸਾਸਤ੍ਰ ਸਿਮ੍ਰਿਤਿ ਬੇਦ ॥

ਗੁਰਮੁਖਿ ; ਪਾਵੈ ਘਟਿ ਘਟਿ ਭੇਦ ॥

ਪਦ ਅਰਥ:- ਸਾਸਤ੍ਰ-ਹਿੰਦੂ ਧਰਮ ਵਿਵਸਤਾ ਦੇ ਛੇ ਗ੍ਰੰਥ, six (6) Shasteras of Hindunism। **ਸਿਮ੍ਰਿਤਿ-ਹਿੰਦੂ ਧਰਮ ਦੇ ੨੭ ਗ੍ਰੰਥ,** twenty-seven (27) Simirities। **ਬੇਦ-ਗਿਆਨ, ਹਿੰਦੂ ਮਤ ਦੇ ਚਾਰ ਗ੍ਰੰਥ,** four (4) Vedas। **ਭੇਦ-ਭੇਤ, ਰਾਜ਼,** secret, findings।

ਗੁਰਮੁਖਾਂ ਨੇ ਸਾਸਤ੍ਰ ੬, ਸਿਮ੍ਰਤੀ ੨੭, ਬੇਦ ੪, ਇਨ੍ਹਾਂ ਸਭ ਦੇ ਸਿਧਾਂਤ ਨੂੰ ਜਾਣ ਲਿਆ ਹੈ, ਭਾਵ ਗੁਰੂ ਦੇ ਹੁਕਮ ਵਿੱਚ ਚੱਲਣਾ ਹੀ ਗੁਰਮੁਖ ਲਈ ਵੇਦ ਸਾਸਤ੍ਰਾਂ ਤੇ ਸਿਮ੍ਰਿਤੀਆਂ ਦਾ ਗਿਆਨ ਹੈ। ਜੋ ਘਟ ਘਟ ਵਿੱਚ ਵਿਆਪਕ ਪ੍ਰਮਾਤਮਾ ਹੈ, ਉਸ ਦਾ ਭੇਤ ਗੁਰਮੁਖਿ ਪਾਉਂਦੇ ਹਨ।

Gurmukh has mastered all the principals of divine knowledge such as in six Shastras, twenty-seven Simirits and the four Vedas.

Gurmukh obtains the secret of Almighty who resides invisibly within each of his creation.

ਗੁਰਮੁਖਿ ; ਵੈਰ ਵਿਰੋਧ ਗਵਾਵੈ ॥

ਗੁਰਮੁਖਿ ; ਸਗਲੀ ਗਣਤ ਮਿਟਾਵੈ ॥

ਪਦ ਅਰਥ:- ਗਵਾਵੈ-ਗਵਾਉਂਦਾ ਹੈ, disregard, neglect, affaces। **ਸਗਲੀ-ਸਾਰੀ,** completely। **ਗਣਤ-ਗਿਣਤੀ,** count। **ਮਿਟਾਵੈ-ਮਿਟਾ ਦਿੰਦਾ ਹੈ।**

ਵੈਰ ਜੋ ਨਵਾਂ ਹੋਵੈ ਵਿਰੋਧ ਜੋ ਪੁਰਾਤਨ ਹੋਵੈ, ਇਸ ਨੂੰ ਗੁਰਮੁਖ ਗਵਾਉਂਦੇ ਹਨ। ਗੁਰਮੁਖ ਕਰਮਾਂ ਦੀ ਸਾਰੀ ਗਿਣਤੀ ਮਿਟਾ ਦਿੰਦੇ ਹਨ।

Gurmukh disregards the new (Vear) and old (Virodh) enmity means that once Gurmukh sees Almighty within all then the creation is observed as Almighty himself therefore all the enmity disappears.

Gurmukh vanishes the complete count of the deeds (karam) means that Gurmukhs abandons the creatorship within himself and live in Almighty's Will therefore all the previous accumulated deeds (Senchit Karam) perishes away and the assigned deeds for this lifetime (Pralbhad Karam) is completed in this life time without creating new deeds (Kiriaman Karam). The count of deeds (karam) remains until the ego is remains.

ਗੁਰਮੁਖਿ ; ਰਾਮ ਨਾਮ ਰੰਗਿ ਰਾਤਾ ॥

ਨਾਨਕ , ਗੁਰਮੁਖਿ ; ਖਸਮੁ ਪਛਾਤਾ ॥੩੭॥

ਪਦ ਅਰਥ:- ਰੰਗਿ-ਰੰਗ, coloured, to be equal। **ਰਾਤਾ-ਰੱਤਿਆ, ਰੰਗਿਆ,** absorbed। **ਖਸਮੁ-ਪਤੀ ਪ੍ਰਮੇਸ਼ਰ,** master। **ਪਛਾਤਾ-ਪਛਾਣਿਆ,** recognised।

ਗੁਰਮੁਖਾਂ ਦਾ ਮਨ ਰਾਮ ਨਾਮ ਦੇ ਰੰਗ ਵਿੱਚ ਰੰਗਿਆ ਹੈ। ਗੁਰੂ ਜੀ ਕਹਿੰਦੇ ਹਨ, ਗੁਰਮੁਖਾਂ ਨੇ ਆਪਣਾ ਸਵਾਮੀ ਵਾਹਿਗੁਰੂ ਪਛਾਣਿਆ ਹੈ॥੩੭॥

Gurmukh's mind is completely filled with Almighty's love.

Guru Ji says that Gurmukh has recognised Almighty as their master.

ਬਿਨੁ ਗੁਰ ; ਭਰਮੈ ਆਵੈ ਜਾਇ ॥

ਬਿਨੁ ਗੁਰ ; ਘਾਲ ਨ ਪਵਈ ਥਾਇ ॥

ਪਦ ਅਰਥ:- ਭਰਮੈ–ਭਰਮਦਾ, wander। **ਆਵੈ ਜਾਇ–ਆਉਂਦਾ** (come), **ਜਾਂਦਾ** (go, depart), **ਜੰਮਦਾ** (birth) **ਮਰਦਾ** (death)। **ਘਾਲ–ਮਿਹਨਤ, ਕਮਾਈ,** strive। **ਨ ਪਵਈ–ਨਹੀਂ ਪੈਂਦੀ। ਥਾਇ–ਥਾਂ,** in place।

ਜੀਵ ਗੁਰੂ ਦੀ ਪ੍ਰਾਪਤੀ ਬਿਨਾਂ ਭਰਮ ਵਿੱਚ ਜੰਮਦਾ ਮਰਦਾ (ਆਵੈ ਜਾਇ) ਹੈ। ਗੁਰੂ ਬਿਨਾਂ ਕਮਾਈ ਥਾਂ ਨਹੀ ਪੈਂਦੀ।

ਪੰਜ ਪ੍ਰਕਾਰ ਦੇ ਭਰਮ:

੧. ਭੇਦ ਭਰਮ – ਮੈਂ ਹੋਰ ਆਤਮਾ ਹੋਰ ਹੈ, ੫ ਪ੍ਰਕਾਰ ਦਾ ਹੈ – ਜਿਵ ਜਿਵ ਦਾ ਭੇਦ
– ਜਿਵ ਜੜ ਦਾ ਭੇਦ
– ਜਿਵ ਇਸ਼ਰ ਦਾ ਭੇਦ
– ਜਿਵ ਬ੍ਰਹਮ ਦਾ ਭੇਦ
– ਜੜ ਜਿਵ ਦਾ ਭੇਦ

੨. ਕਰੱਤਤ ਭਰਮ – ਆਪਣੇ ਆਪ ਨੂੰ ਕਰਤਾ ਭੁਗਤਾ ਜਾਣਨਾ।

੩. ਸੰਗ ਭਰਮ – ਜੋ ਆਤਮਾ ਅਸੰਗ ਹੈ, ਉਸ ਨੂੰ ਸਰੀਰ ਦਾ ਸੰਗ ਮੰਨ ਲੈਣਾ।

੪. ਵੇਕਾਰ ਭਰਮ – ਆਤਮਾ ਇਕ ਰਸ ਹੈ, ਪਰ ਅੱਡ ਅੱਡ ਬਦਲਦੀਆਂ ਅਵਸਥਾਵਾਂ ਵਿਚ ਮੰਨ ਲੈਣਾ।

੫. ਤੱਤਵ ਭਰਮ – ਬ੍ਰਹਮ ਏਤਰ ਜਗ ਸੱਤ ਹੈ, ਅਥਵਾ ਜੈਸੇ ਬ੍ਰਹਮ ਸਤਿ ਹੈ ਵੈਸੇ ਸੰਸਾਰ ਵੀ ਸਤਿ ਹੈ। ਜਗਤ ਨੂੰ ਹਰੀ ਰੂਪ ਨ ਮੰਨਣਾ।

ਜਦ ਗੁਰੂ ਦੀ ਕ੍ਰਿਪਾ ਦੁਆਰਾ ਬ੍ਰਹਮ ਵਿਚਾਰ ਨਾਲ ਪੰਜ ਪ੍ਰਕਾਰ ਦਾ ਭਰਮ ਨਸ਼ਟ ਹੋ ਜਾਵੇ ਤਾਂ ਜੀਵ–ਆਤਮਾ ਆਪਣੀ ਮੁਕਤ ਅਵਸਥਾ ਵਿਚ ਸਥਿਤ ਹੋ ਜਾਂਦਾ ਹੈ।

Without attainment (embracing) of the Guru, this jeev (being) comes by birth and goes by death repeatedly because of illusions (Bharam means to have misperception about the reality behind the visibility and mind conclusions).

Five types of illusions:

1. Difference (Bhed) Illusion - I am merely the physical body and different from real-self (Atma), there are further five types of this illusion.
   a. The difference between movable creation.
   b. The difference between movable and immovable creation.
   c. The difference between being and creator (Ishwar)
   d. The difference between beings and Almighty.
   e. The difference between immovable and movable creation.
2. Deeds (Kartat) Illusion - To recognise ownself as the creator and the beneficiary.
3. Company (Sang) Illusion - The recognise the real-self as in the company of the physical body whereas the real-self never take birth with the body or neither dies with the body.
4. Useless (Vekar) Illusions - To recognise real-self (Atma) in changing state (e.g. infant, baby, teenager, youth, old) whereas real-self is always in consistent state.
5. Principal (Tathve) Illusion - To recognise the world as the truth instead of Almighty whereas the world is also the form of Almighty if one realises Almighty within his creation.

With Guru Ji's blessing the above five types of illusions can be vanished and then the living being obtains salvation.

Without the Guru all the earned merits through voluntary service performed will never be accounted (becomes useless) means that all the service performed without a Guru will only increase the ego whereby the all merits will just dissolve in the fire of ego. Guru guides towards self-less service.

ਬਿਨੁ ਗੁਰ ; ਮਨੂਆ ਅਤਿ ਡੋਲਾਇ ॥

ਬਿਨੁ ਗੁਰ ; ਤ੍ਰਿਪਤਿ ਨਹੀ ਬਿਖੁ ਖਾਇ ॥

ਪਦ ਅਰਥ:- ਮਨੂਆ-ਮਨ, mind। **ਅਤਿ-ਬਹੁਤ ਜਿਆਦਾ, ਅਤਿਅੰਤ,** excessively, overly। **ਡੋਲਾਇ-ਡੋਲਦਾ ਹੈ,** unstable। **ਤ੍ਰਿਪਤਿ-ਰੱਜਦਾ,** contented। **ਬਿਖੁ-ਜ਼ਹਿਰ,** poison।

ਬਿਨਾਂ ਗੁਰੂ ਤੋਂ ਮਨ ਅਤਿਅੰਤ ਡੋਲਦਾ ਹੈ ਅਤੇ ਗੁਰੂ ਬਿਨਾਂ ਵਿਸ਼ਿਆਂ ਨੂੰ ਖਾਂਦਾ ਤ੍ਰਿਪਤਿ ਨਹੀਂ ਹੁੰਦਾ।

Without the Guru, the mind becomes greatly unstable which means the mind imagines' happiness in wealth and work hard to earn but upon the accomplishment of wealth more pains comes along which is never ending as one comes after the other.

Without the Guru, jeev (being) never becomes contented (Tripete- satisfy) even after fulfilling all the intended worldly desires as the human taste always increases proportionally to the level of satisfaction and mind gets bored after having the same desire fulfilled repeatedly moreover all the desire leaves behind some side-effects which becomes the cause of pains.

ਬਿਨੁ ਗੁਰ ; ਬਿਸੀਅਰੁ ਡਸੈ ਮਰਿ ਵਾਟ ॥

ਨਾਨਕ , ਗੁਰ ਬਿਨੁ ; ਘਾਟੇ ਘਾਟ ॥੩੮॥

ਪਦ ਅਰਥ:- ਬਿਸੀਅਰੁ-ਸੱਪ, snake। **ਡਸੈ-ਡੱਸਦਾ ਹੈ, ਕੱਟਦਾ ਹੈ,** bite। **ਮਰਿ-ਮਰ ਜਾਂਦਾ ਹੈ,** dies। **ਵਾਟ-ਰਸਤੇ,** path। **ਘਾਟੇ-ਘਾਟਾ ਹੀ,** losses। **ਘਾਟ-ਘਾਟਾ ਹੈ,** losses।

ਗੁਰੂ ਤੋਂ ਬਿਨਾਂ ਕਾਲ ਰੂਪ ਸੱਪ (ਬਿਸੀਅਰੁ) ਡੱਸਦਾ ਹੈ ਅਤੇ ਜਮ (ਮਰਿ) ਦੀ ਵਾਟ ਵਿੱਚ ਭਾਵ ਅੱਧ ਵਿਚਾਲੇ ਮਰ ਜਾਂਦਾ ਹੈ, ਕੋਈ ਇੱਛਾ ਪੂਰਨ ਨਹੀਂ ਹੁੰਦੀ ਹੈ। ਗੁਰੂ ਜੀ ਕਹਿੰਦੇ ਹਨ, ਗੁਰੂ ਤੋਂ ਬਿਨਾਂ ਘਾਟਾ ਹੀ ਘਾਟਾ ਹੈ॥੩੮॥

Without the Guru, death liked snake bites and kills while proceeding on the way of Yama (angel of death) means that the death kills midst of all worldly activities therefore the human wishes remains unaccomplished. The unaccomplished desires becomes the cause of the next birth.

Guru Ji says, without Guru, jeev (being) is always a looser because jeev (being) perform unnecessary deeds and waste all the capital of breath given for this lifetime. The physical materials earned to fulfil the self-created desires remains in this world and one dies with all the accountability of sins committed while earning worldly possessions. Therefore, without taking along any physical worldly material including the body the jeev (being) proceeds to the next world and pays for the misdeeds. This is a great loss (total investment disaster) as one should have realised the truth instead of the imaginary world.

ਜਿਸੁ ਗੁਰੁ ਮਿਲੈ ; ਤਿਸੁ ਪਾਰਿ ਉਤਾਰੈ ॥

ਅਵਗਣ ਮੇਟੈ ; ਗੁਣਿ ਨਿਸਤਾਰੈ ॥

ਜਿਸ ਨੂੰ ਗੁਰੂ ਮਿਲਦੇ ਹਨ, ਉਸ ਨੂੰ ਪਾਰ ਉਤਾਰਦੇ ਹਨ ਅਤੇ ਉਸ ਦੇ ਔਗੁਣਾਂ ਨੂੰ ਮੇਟ ਕੇ ਗੁਣ ਦੇ ਕੇ ਤਾਰਦੇ ਹਨ।

ਪਦ ਅਰਥ:- ਪਾਰਿ-ਪਾਰ, across। **ਉਤਾਰੈ-ਉਤਾਰਦੇ ਹਨ,** ferry। **ਅਵਗਣ-ਔਗੁਣ,** demerits। **ਮੇਟੈ-ਮੇਟ ਕੇ,** vanish। **ਨਿਸਤਾਰੇ-ਤਾਰਦੇ ਹਨ,** liberate।

Only those are ferried across this materialistic worldly ocean that embraces a Guru means this worldly ocean can only be acrossed with Guru Ji's blessings.

Guru Ji ferries across the worldly ocean by vanishing all demerits and replacing them with virtues.

ਮੁਕਤਿ ਮਹਾ ਸੁਖ ; ਗੁਰ ਸਬਦੁ ਬੀਚਾਰਿ ॥

ਗੁਰਮੁਖਿ ; ਕਦੇ ਨ ਆਵੈ ਹਾਰਿ ॥

ਪਦ ਅਰਥ:- ਮਹਾ-ਵੱਡਾ, ਮਹਾਨ, immense।

ਗੁਰਾਂ ਦੇ ਸਬਦ ਵਿਚਾਰ ਵਿੱਚ ਮਹਾਂ ਸੁਖ ਰੂਪ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰਮੁਖਾਂ ਨੂੰ ਕਦੀ ਵੀ ਹਾਰ ਨਹੀਂ ਆਉਂਦੀ।

Through contemplating Guru's hymn great happiness (salvation) is obtained.

Gurmukh never ever faces defeat means that while in this world and as well as the next world Gurmukh remains victories by realising and practicing the truth.

ਤਨੁ ਹਟੜੀ ; ਇਹੁ ਮਨੁ ਵਣਜਾਰਾ ॥

ਨਾਨਕ ; ਸਹਜੇ ਸਚੁ ਵਾਪਾਰਾ ॥੩੯॥

ਪਦ ਅਰਥ:- ਤਨੁ-ਸਰਿਰ, body। **ਹਟੜੀ-ਹੱਟੀ,** shop। **ਵਣਜਾਰਾ-ਵਪਾਰੀ,** trader। **ਸਹਜੇ-ਸੁਭਾਵਿਕ ਹੀ,** naturally। **ਸਚੁ-ਸੱਚਾ ਨਾਮ,** True Name। **ਵਾਪਾਰਾ-ਵਪਾਰ,** trading।

ਸਰੀਰ ਰੂਪ ਤਾਂ ਹੱਟੀ ਬਣਾਈ ਹੈ ਅਤੇ ਮਨ ਇਸ ਵਿੱਚ ਵਣਜਾਰਾ ਬਣਾਇਆ ਹੈ। ਗੁਰੂ ਜੀ ਕਹਿੰਦੇ ਹਨ, ਇਸ ਹੱਟੀ ਵਿੱਚ ਗੁਰਮੁਖਾਂ ਨੇ ਸੁਭਾਵਕ ਹੀ ਸੱਚੇ ਨਾਮ ਕਾ ਵਾਪਾਰ ਕੀਤਾ ਹੈ॥੩੯॥

This physical body is just like a shop in which the mind is the trader, Guru Ji says that Gurmukh has trade the true Name of Almighty during the entire life time.

ਗੁਰਮੁਖਿ ; ਬਾਂਧਿਓ ਸੇਤੁ ਬਿਧਾਤੈ ॥

ਲੰਕਾ ਲੂਟੀ ; ਦੈਤ ਸੰਤਾਪੈ ॥

ਪਦ ਅਰਥ:– ਬਾਂਧਿਓ–ਬੰਨਿਆ, built। **ਸੇਤੁ–ਪੁਲ,** bridge। **ਬਿਧਾਤੈ–ਕਰਮ ਫਲ ਪ੍ਰਦਾਤਾ, ਪ੍ਰਮੇਸ਼ਰ,** the bestower of the returns of deeds। **ਲੂਟੀ–ਲੁੱਟੀ,** looted। **ਦੈਤ–ਰਾਖਸ਼,** demon। **ਸੰਤਾਪੇ–ਸੰਤਪਤ, ਦੁਖੀ,** torture।

ਗੁਰਮੁਖਾਂ ਨੇ ਸੰਸਾਰ ਸਮੁੰਦਰ ਦੇ ਤਰਨ ਨੂੰ ਵਿਧਾਤੇ ਦਾ ਨਾਮੁ ਜਪਣ ਰੂਪ ਪੁਲ ਬੰਨਿਆ ਹੈ। ਦੇਹ ਭਾਵ ਅਵਿੱਦਆ ਰੂਪ ਲੰਕਾ ਲੁੱਟੀ ਹੈ। ਇਸ ਵਿੱਚ ਜੋ ਕਾਮਾਦਿਕ ਵਿਕਾਰ ਦੈਤ ਸੀ ਉਹ ਸੰਤਾਪਨੇ ਕੀਤੇ ਹਨ।

ਲੰਕਾ – ਭਾਈ ਕਾਹਨ ਸਿੰਘ ਦੁਆਰਾ ਰਚਿਤ ਮਹਾਨਕੋਸ਼ ਅਨੁਸਾਰ :–

ਸੰ. ... ਸਿੰਹਲਦੀਪ ... ਅਤੇ ਉਸ ਦੀ ਇਤਿਹਾਸ ਪ੍ਰਸਿੱਧ ਰਾਜਧਾਨੀ, ਇਹ ਵਿਸ਼੍ਵਕਰਮਾ ਨੇ ਕੁਬੇਰ ਦੇ ਰਹਿਣ ਲਈ ਮਨੋਹਰ ਪੁਰੀ ਰਚੀ ਸੀ। ਰਾਵਣ ਨੇ ਕੁਬੇਰ ਤੋਂ ਖੋਹ ਕੇ ਆਪਣੀ ਰਾਜਧਾਨੀ ਬਣਾਈ। ਇਸ ਦਾ ਨਾਮ "ਤਾਮ੍ਰਪਰਣੀ" ਵੀ ਹੈ। "ਲੰਕਾ ਗਢ ਸੋਨੇ ਕਾ ਭਇਆ." (ਭੈਰਉ ਕਬੀਰ)

Gurmukh build a bridge across the materialistic worldly ocean by reciting Almighty's Name to enable others to cross easily which means that they have set an example through their practical life to motivate others in doing the same.

The ignorance form of Langka (which was build with Gold) is robbed in which all the demons such as lust, anger, greed, attachment and ego are vanished (annihilate).

Langka (Mahan Kosh by Bhai Kahan Singh Nabha)

The capital of Sinheldeep (Sangladeep) which was made by Vishwakarma for the use of Kubeer as his residence city. Ravan took over the city from kubeer and made his country's capital. It is also known as Tamerperni.

ਰਾਮਚੰਦਿ , ਮਾਰਿਓ ; ਅਹਿ ਰਾਵਣੁ ॥

ਭੇਦੁ ਬਭੀਖਣ ; ਗੁਰਮੁਖਿ ਪਰਚਾਇਣੁ ॥

ਪਦ ਅਰਥ:- ਰਾਮਚੰਦਿ-ਰਾਮ ਚੰਦਰ, Ram Chander। **ਅਹਿ-ਹੰਕਾਰ,** ego। **ਭੇਦੁ-ਰਾਜ਼,** secret। **ਬਭੀਖਣ-ਰਾਵਣ ਦਾ ਭਾਈ,** Bhebhikhen (Ravan's younger brother)। **ਪਰਚਾਇਣੁ-ਦੱਸਣ ਕਰਕੇ, ਉਪਦੇਸ ਕਰਕੇ,** told through sermons।

ਹੰਕਾਰ (ਅਹਿ) ਰੂਪ ਰਾਵਣ ਰਾਮਚੰਦ ਨੇ ਨਾਮ ਕਰਕੇ ਮਾਰਿਆ ਹੈ।

ਪ੍ਰਸ਼ਨ: ਕਿਸ ਤਰ੍ਹਾਂ ਮਾਰਿਆ ਹੈ?

ਉੱਤਰ: ਗੁਰੂ ਜੋ ਮੁਖ ਹੈ ਉਸ ਨੇ ਭਬੀਖਨ ਬਣ ਕੇ ਤਿੰਨ੍ਹਾਂ ਦੇ ਭੇਦ ਪ੍ਰਚਾਰ (ਪਰਚਾਇਣੁ) ਦੱਸਣ ਕਰਕੇ ਮਾਰਿਆ ਹੈ।

ਰਾਮ ਨੇ ਰਾਵਣ ਨੂੰ ਮਾਰਿਆ (ਅਹਿ) ਹੈ, ਪਰੰਤੂ ਗੁਰਮਖਿ ਰੂਪੀ ਭਬੀਖਨ ਦੇ ਭੇਦ ਦੇ ਪਰਚੇ (ਪਰਚਾਇਣੁ) ਭਾਵ ਜਿਸ ਵੇਲੇ ਗੁਰਮੁਖਾਂ ਨੇ ਨਾਮ ਜਪਣ ਦਾ ਭੇਦ ਦੱਸਿਆ ਤਾਂ ਨਾਮ ਨੇ ਹੰਕਾਰ ਰੂਪ ਰਾਵਣ ਨੂੰ ਮਾਰ ਦਿੱਤਾ।

Ego form of Ravan is killed by Almighty's name form of Ram Chander.

Question : How Ravan (ego) was killed?

Answer : The supreme Guru form of Bebhikhen told the method to defeat Ravan (ego).

Ram (Almighty's Name) could killed Ravan (Ego) because of the method disclosed (told) by Bebhikhen (Guru, Gurmukh)

The Ram Chand of the mind slays the Rawan of pride and through the Guru is realised the secret, which Babhikhan disclosed.

ਗੁਰਮੁਖਿ ; ਸਾਇਰਿ ਪਾਹਣ ਤਾਰੇ ॥

ਗੁਰਮੁਖਿ ; ਕੋਟਿ ਤੇਤੀਸ ਉਧਾਰੇ ॥੪੦॥

ਪਦ ਅਰਥ:- ਸਾਇਰਿ-ਸਾਗਰ, ਸੰਸਾਰ ਸਮੁੰਦਰ, ocean। **ਪਾਹਣ-ਪੱਥਰ,** rock, stone। **ਕੋਟਿ ਤੇਤੀਸ-ਤੇਤੀ ਕਰੋੜ,** 33 Cror =330 million। **ਉਧਾਰੇ-ਤਾਰੇ,** ferried।

ਗੁਰਮੁਖਾਂ ਨੇ ਸੰਸਾਰ ਸਮੁੰਦਰ ਤੇ ਪੱਥਰ ਵਾਂਗ ਕਠੋਰ ਅਤੇ ਪਾਪਾਂ ਕਰਕੇ ਭਾਰੇ ਜੀਵ ਉਧਾਰੇ ਹਨ। ਗੁਰਮੁਖਾਂ ਨੇ ਅਨੇਕ ਤੇਤੀਸ ਕਰੋੜ ਜੀਵ ਉਧਾਰੇ ਹਨ॥੪੦॥

ਗੁਰਾਂ ਦੁਆਰੇ ਰਾਮ (ਬਿਧਾਤੇ) ਫਲ ਪ੍ਰਦਾਤੇ ਨੇ ਸਮੁੰਦਰ ਉੱਤੇ ਪੁਲ ਬੰਨਿਆਂ ਹੈ ਅਤੇ ਲੰਕਾ ਲੁੱਟੀ ਹੈ ਦੈਂਤ ਸੰਤਾਪਤ ਕੀਤੇ ਹਨ ਅਤੇ ਗੁਰਾਂ ਦੁਵਾਰੇ ਹੀ ਰਾਮ ਜੀ ਨੇ ਸਮੁੰਦਰ ਤੋਂ ਪੱਥਰ ਵਾਂਗ ਕਠੋਰ ਜੀਵ ਤਾਰੇ ਹਨ। ਗੁਰਾਂ ਦੁਵਾਰੇ ਹੀ ਤੇਤੀਸ ਕ੍ਰੋੜ ਦੇਵਤੇ ਰਾਵਣ ਦੀ ਅਧੀਨਤਾ ਤੋਂ ਮੁਕਤ ਕੀਤੇ ਹਨ।

Gurmukh has floated stone form of sinners who ever had weight of sins over the materialistic worldly ocean

Gurmukh even ferried across 330 million (33crores- 10million=1Crores) deities (devta) across the materialistic worldly ocean.

Through Guru, Ram made a bridge over the ocean and looted the Langka whereby all the demons were annoyed, Through Guru, Ram floated stones on the ocean surface and through Guru 330 million deities (Devta) were freed from the Ravan’s command.

ਗੁਰਮੁਖਿ ; ਚੂਕੈ ਆਵਣ ਜਾਣੁ ॥

ਗੁਰਮੁਖਿ ; ਦਰਗਹ ਪਾਵੈ ਮਾਣੁ ॥

ਪਦ ਅਰਥ:- ਚੂਕੈ-ਦੂਰ, ended। **ਮਾਣੁ-ਇੱਜਤ, ਸਤਿਕਾਰ,** honour।

ਗੁਰਮੁਖਾਂ ਦਾ ਆਉਣਾ ਜਾਣਾ ਦੂਰ (ਚੂਕੈ) ਹੁੰਦਾ ਹੈ। ਗੁਰਮੁਖਿ ਪ੍ਰਭੂ ਦੀ ਦਰਗਹ ਵਿੱਚ ਮਾਣ ਪਾਉਂਦੇ ਹਨ।

Gurmukh’s coming by birth and going by death has been ended.

Gurmukh receives honour in Almighty’s court.

ਗੁਰਮੁਖਿ ; ਖੋਟੇ ਖਰੇ ਪਛਾਣੁ ॥

ਗੁਰਮੁਖਿ ; ਲਾਗੈ ਸਹਜਿ ਧਿਆਨੁ ॥

ਪਦ ਅਰਥ:- ਖੋਟੇ-ਮਾੜੇ, fake, imitation। **ਖਰੇ-ਚੰਗੇ,** genuine।

ਗੁਰਮੁਖਾਂ ਨੂੰ ਖੋਟੇ ਖਰੇ ਦੀ ਪਛਾਣ ਹੈ ਅਤੇ ਗੁਰਮੁਖਾਂ ਦਾ ਸਹਿਜ ਪਦ ਵਿੱਚ ਧਿਆਨ ਲਗਦਾ ਹੈ।

Gurmukh has the ability to differentiate between the genuine (Khera) and artificial (Khota-fake) means that Gurmukh is able to see Almighty the ultimate truth within the artificial world created by the mind.

Gurmukh’s concentration is naturally focussed in the state of bliss (Sehaj means Almighty).

ਗੁਰਮੁਖਿ ; ਦਰਗਹ ਸਿਫਤਿ ਸਮਾਇ ॥

ਨਾਨਕ ਗੁਰਮੁਖਿ ; ਬੰਧੁ ਨ ਪਾਇ ॥੪੧॥

ਪਦ ਅਰਥ:- ਦਰਗਹ-ਪ੍ਰਮੇਸ਼ਰ ਦੀ ਦਰਗਾਹ, ਪ੍ਰਲੋਕ, Almighty's Court। **ਬੰਧੁ-ਬੰਧਨ,** bondage।

ਗੁਰਮੁਖਾਂ ਦੀ ਸਿਫਤ ਪ੍ਰਮੇਸ਼ਰ ਦੀ ਦਰਗਾਹ ਪ੍ਰਲੋਕ ਵਿੱਚ ਸਮਾ ਰਹੀ, ਭਾਵ ਹੋ ਰਹੀ ਹੈ। ਗੁਰੂ ਜੀ ਕਹਿੰਦੇ ਹਨ, ਗੁਰਮੁਖਾਂ ਨੂੰ ਕੋਈ ਬੰਧਨ ਨਹੀਂ ਪੈਂਦਾ ॥੪੧॥

The praise of Gurmukh remains immersed in Almighty's court means that Gurmukhs are being praised in Almighty's court.

Guru Ji says that Gurmukh is never indulge in any worldly bondage.]

ਗੁਰਮੁਖਿ ; ਨਾਮੁ ਨਿਰੰਜਨ ਪਾਏ ॥

ਗੁਰਮੁਖਿ ; ਹਉਮੈ ਸਬਦਿ ਜਲਾਏ ॥

ਪਦ ਅਰਥ:- ਨਿਰੰਜਨ-ਮਾਇਆ ਰਹਿਤ ਪ੍ਰਮੇਸ਼ਰ, free from Maya means Almighty। **ਸਬਦਿ-ਉਪਦੇਸ,** sermon। **ਜਲਾਏ-ਸਾੜਦੇ, ਜਲਾਉਦੇ,** burn।

ਗੁਰਮੁਖ ਪਰਮੇਸਰ ਦਾ ਨਾਮ ਪਾਉਂਦੇ ਹਨ ਅਤੇ ਗੁਰਮੁਖ ਸ਼ਬਦ ਕਰਕੇ ਹਉਮੈ ਨੂੰ ਜਲਾਉਦੇ ਹਨ।

Gurmukh obtained the name of the Almighty who is free from Maya (Nir-without + Anjan-spot of Maya).

Gurmukh burns ego with Guru's hymn.

ਗੁਰਮੁਖਿ ; ਸਾਚੇ ਕੇ ਗੁਣ ਗਾਏ ॥

ਗੁਰਮੁਖਿ ; ਸਾਚੈ ਰਹੈ ਸਮਾਏ ॥

ਪਦ ਅਰਥ:- ਸਾਚੇ-ਵਾਹਿਗੁਰੁ, true (Almighty)। **ਸਮਾਇ-ਸਮਾਏ, ਲੀਨ,** immerse।

ਗੁਰਮੁਖ ਵਾਹਿਗੁਰੂ (ਸਾਚੇ) ਦੇ ਗੁਣ ਗਾਉਂਦੇ ਹਨ। ਇਸ ਕਰਕੇ ਗੁਰਮੁਖ ਵਾਹਿਗੁਰੂ (ਸਾਚੈ) ਵਿੱਚ ਸਮਾਏ ਰਹਿੰਦੇ ਹਨ।

Gurmukh sings Almighty's praises therefore Gurmukh remains immersed in Almighty (Sache - True One).

ਗੁਰਮੁਖਿ ਸਾਚਿ ਨਾਮਿ ; ਪਤਿ ਊਤਮ ਹੋਇ ॥

ਨਾਨਕ ਗੁਰਮੁਖਿ ; ਸਗਲ ਭਵਣ ਕੀ ਸੋਝੀ ਹੋਇ ॥੪੨॥

ਪਦ ਅਰਥ:- ਪਤਿ-ਇੱਜਤ, ਸਤਿਕਾਰ, honour। **ਊਤਮ-ਸ੍ਰੇਸਟ,** supreme। **ਸਗਲ-ਸਾਰੇ, ਸੰਪੂਰਨ,** complete। **ਭਵਣ-ਬ੍ਰਹਮੰਡ,** universe। **ਸੋਝੀ-ਜਾਣਕਾਰੀ, ਗਿਆਨ,** realisation।

ਗੁਰਮੁਖਾਂ ਦੀ ਸੱਚੇ ਨਾਮ ਕਰਕੇ ਪਤ ਸ੍ਰੇਸਟ ਹੋਈ ਹੈ। ਗੁਰੂ ਜੀ ਕਹਿੰਦੇ ਹਨ, ਗੁਰਮੁਖਾਂ ਨੂੰ ਸੱਚੇ ਨਾਮ ਕਰਕੇ ਸੰਪੂਰਨ ਭਵਨਾਂ ਦੀ ਸੋਝੀ ਹੋਈ ਹੈ॥੪੨॥

Through the True Name (Almighty’s name), Gurmukh’s dignity becomes most supreme.

Guru Ji says that Gurmukh obtain the consciousness of all places means that Gurmukh has acknowledged Almighty as the creator and destroyer as well.

ਕਵਣ ਮੂਲੁ ; ਕਵਣ ਮਤਿ ਵੇਲਾ ॥

ਤੇਰਾ ਕਵਣੁ ਗੁਰੂ ; ਜਿਸ ਕਾ ਤੂ ਚੇਲਾ ॥

ਪਦ ਅਰਥ:- ਕਵਣ-ਕਿਹੜਾ?, which। **ਮੂਲੁ-ਮੁੱਢ,** principal। **ਮਤਿ-ਮੱਤ,** faith। **ਵੇਲਾ-ਸਮਾਂ,** time।

ਗੁਰੂ ਜੀ ਕਹਿੰਦੇ ਹਨ, ਉਹ ਸਿਧ ਬੋਲੇ ਕਿ ਹੇ ਬਾਲਕੇ ! ਤੁਸੀ ਸੁਣੋ,

ਪ੍ਰਸ਼ਨ ੪੬ – ਉਤਮ ਮੱਤ ਦਾ ਮੂਲ ਕਿਹੜਾ ਹੈ?

ਪ੍ਰਸ਼ਨ ੪੭ – ਮੱਤ ਦੀ ਪ੍ਰਾਪਤੀ ਦਾ ਵੇਲਾ ਕਿਹੜਾ ਹੈ?

ਪ੍ਰਸ਼ਨ ੪੮ – ਜਿਸ ਦਾ ਤੂੰ ਚੇਲਾ ਹੈਂ, ਉਹ ਗੁਰੂ ਕੌਣ ਹੈ?

Guru Ji says that those Sidhas said ‘Dear Child listen,

Question No. 46: What is the principal of supreme faith?

Question No. 47: What is the time of attaining such faith?

Question No. 48: Who is the Guru to whom you are the disciple?

ਕਵਣ ਕਥਾ ਲੇ ; ਰਹਹੁ ਨਿਰਾਲੇ ॥

ਬੋਲੈ ਨਾਨਕੁ ; ਸੁਣਹੁ ਤੁਮ ਬਾਲੇ ॥

ਪਦ ਅਰਥ:- ਕਥਾ-ਵਰਨਨ, discourse। **ਲੇ-ਕਰਕੇ, ਲੈਕੇ,** take। **ਰਹਹੁ-ਰਹਿੰਦੇ ਹੋ,** stay। **ਨਿਰਾਲੇ-ਨਿਰਲੇਪ, ਵੱਖਰੇ,** detached। **ਬਾਲੇ-ਹੇ ਬਾਲਕ !,** child।

ਪ੍ਰਸ਼ਨ ੪੯ – ਕਿਹੜੀ ਕਥਾ ਲੈਕੇ ਅਰਥਾਤ ਸਮਝ ਕਰਕੇ ਨਿਰਾਲੇ ਰਹਿੰਦੇ ਹੋ?

ਗੁਰੂ ਜੀ ਕਹਿੰਦੇ ਹਨ, ਉਹ ਸਿਧ ਬੋਲੇ ਕਿ ਹੇ ਬਾਲਕੇ ! ਤੁਸੀ ਸੁਣੋ,

Question No. 49: Which is the discourse upon understanding which you remain detached from the worldly affairs? Guru Ji says that those Sidhas said ‘Dear Child listen;

ਏਸੁ ਕਥਾ ਕਾ ਦੇਇ ਬੀਚਾਰੁ ॥

ਭਵਜਲੁ ਸਬਦਿ ਲੰਘਾਵਣਹਾਰੁ ॥੪੩॥

ਪਦ ਅਰਥ:- ਏਸ-ਇਸ, this। **ਦੇਇ-ਦੇਵੋ,** both। **ਭਵਜਲੁ-ਸੰਸਾਰ ਸਮੁੰਦਰ,** worldly ocean। **ਲੰਘਾਵਣਹਾਰੁ-ਪਾਰ ਕਰਨੇ ਹਾਰਾ,** captain who ferries across।

ਪ੍ਰਸ਼ਨ ੫੦ – ਇਸ ਕਥਾ ਦਾ ਵਿਚਾਰ ਦੇਹ ਕਿ ਭਵਜਲ ਤੋਂ ਪਾਰ ਕਰਨੇ ਹਾਰਾ (ਲੰਘਾਵਣਹਾਰੁ) ਕਿਹੜਾ ਸਬਦ ਹੈ?॥੪੩॥

Question No. 50 - Explain the description of such discourse which gives the particular hymn (sermon) to ferry across this materialistic worldly ocean?

ਪਵਨ ਅਰੰਭੁ ; ਸਤਿਗੁਰ ਮਤਿ ਵੇਲਾ ॥

ਸਬਦੁ ਗੁਰੂ ; ਸੁਰਤਿ ਧੁਨਿ ਚੇਲਾ ॥

ਪਦ ਅਰਥ:- ਪਵਨ-ਪ੍ਰਾਣ, ਸਵਾਸ, air, breath। **ਅਰੰਭੁ-ਸ਼ੁਰੂ,** begining। **ਮਤਿ-ਮੱਤ,** faith। **ਸੁਰਤਿ-ਸ੍ਰੇਸਟ ਪਿਆਰ,** supreme। **ਧੁਨਿ-ਧੁਨੀ,** tune।

ਉੱਤਰ ੪੬ – ਵਾਸ਼ਨਾ ਨੂੰ ਰੋਕਣ ਦਾ ਅਤੇ ਸਵਾਸਾਂ ਨੂੰ ਨਾਮ ਜਪਣ ਵਿੱਚ ਜੋੜਨਾਂ ਜੋ ਅਰੰਭ ਕੀਤਾ ਹੈ, ਉਹ ਉੱਤਮ ਮੱਤ ਪ੍ਰਾਪਤੀ ਦਾ ਮੂਲੁ ਹੈ।

ਉੱਤਰ ੪੭ – ਜਦੋਂ ਸਤਿਗੁਰਾਂ ਦਾ ਮਿਲਾਪ ਹੋਇਆ ਹੈ, ਉਹ ਉਤਮ ਮਤਿ ਪ੍ਰਾਪਤੀ ਦਾ ਵੇਲਾ ਹੈ।

ਉੱਤਰ ੪੮ – ਪ੍ਰਮਾਤਮਾ (ਸਬਦੁ) ਹੀ ਮੇਰਾ ਗੁਰੂ ਹੈ। ਸ੍ਰੇਸਟ ਪ੍ਰੀਤ (ਸੁਰਤਿ) ਕਰਕੇ ਪ੍ਰਮਾਤਮਾ ਦੇ ਜਾਪ ਦੀ ਧੁਨੀ ਲਗਾਈ ਹੈ, ਇਸ ਕਰਕੇ ਮੈਂ ਉਸ ਦਾ ਚੇਲਾ ਹਾਂ।

Answer No. 46 - The principal of supreme faith is to stop the desires and to merge the breath with continuous recitation of Almighty's Name.

Answer No. 47 - Meeting the True Guru (Satguru) is the moment of attaining supreme faith.

Answer No. 48 - Almighty (Shabad) is the Guru and reciting Almighty's Name in a consistent tune with pure love made me his (Almighty) disciple. This can also mean that the hymn (shabad) is the Guru and upon which the concentration (surat) attached is the disciple, Guru Ji has clearly indicated that even in his physical form that ultimately the hymn (shabad) is the Guru and Sikh is the concentration with totally immersed in the hymn.

ਅਕਥ ਕਥਾ ਲੇ ; ਰਹਉ ਨਿਰਾਲਾ ॥

ਨਾਨਕ ; ਜੁਗਿ ਜੁਗਿ ਗੁਰ ਗੋਪਾਲਾ ॥

ਪਦ ਅਰਥ:- ਅਕਥ-ਕਥਨਾ ਤੋਂ ਰਹਿਤ ਪ੍ਰਭੂ, beyond description। **ਨਿਰਾਲਾ-ਅਸੰਗ, ਨਿਰਲੇਪ,** independant। **ਜੁਗਿ ਜੁਗਿ-ਸਾਰੇ ਜੁੱਗਾਂ ਵਿੱਚ,** in all ages। **ਗੋਪਾਲਾ-ਸ੍ਰਿਸਟੀ ਦੀ ਪਾਲਣਾ ਕਰਨ ਵਾਲਾ ਪ੍ਰਭੂ,** the universal sustainer।

ਉੱਤਰ ੪੯ – ਅਕਥ ਪ੍ਰਭੂ ਦੀ ਕਥਾ ਲੈਕੇ ਮੈਂ ਸੰਸਾਰ ਤੋਂ ਨਿਰਾਲਾ ਰਹਿੰਦਾ ਹਾਂ। ਗੁਰੂ ਜੀ ਕਹਿੰਦੇ ਹਨ, ਜੁਗ ਜੁਗ ਵਿੱਚ ਮੇਰਾ ਗੁਰੂ ਗੋਪਾਲ ਹੀ ਹੈ।

Answer No. 49: The understanding of the discourse (katha) of unutterable (Akath means Almighty) is how I remain detached from the worldly affairs.

ਏਕੁ ਸਬਦੁ ; ਜਿਤੁ ਕਥਾ ਵੀਚਾਰੀ ॥

ਗੁਰਮੁਖਿ ; ਹਉਮੈ ਅਗਨਿ ਨਿਵਾਰੀ ॥੪੪॥

ਪਦ ਅਰਥ:- ਜਿਤੁ-ਜਿਸ ਨੇ, who। **ਵੀਚਾਰੀ-ਵਿਚਾਰੀ ਹੈ,** ponder। **ਅਗਨਿ-ਅੱਗ,** fire। **ਨਿਵਾਰੀ-ਖਤਮ ਕੀਤੀ,** extinguish।

ਉੱਤਰ ੫੦ – ਇੱਕ (ਏਕੁ) ਗੁਰ ਉਪਦੇਸੁ ਹੀ ਹੈ, ਜਿਸ ਦੀ ਕਥਾ ਵਿਚਾਰਨ (ਵੀਚਾਰੀ) ਨਾਲ ਗੁਰਮੁਖਾਂ ਨੇ ਹਉਮੈ ਅਗਨੀ ਖਤਮ ਕੀਤੀ ਹੈ। ਇਹ ਗੁਰ ਸਬਦਿ ਇਸ ਪ੍ਰਕਾਰ ਭਵਜਲ ਤੋਂ ਲੰਘਾਵਨਾਹਾਰਾ ਹੈ॥੪੪॥ ਪ੍ਰਸ਼ਨ॥

Answer No. 50: The discourse of Guru's sermons and with its contemplation Gurmukh has put off the fire of ego, this is how the Guru's hymn ferries across materialistic worldly ocean.

ਮੈਣ ਕੇ ਦੰਤ ; ਕਿਉ ਖਾਈਐ ਸਾਰੁ ॥

ਜਿਤੁ ਗਰਬੁ ਜਾਇ ; ਸੁ ਕਵਣੁ ਆਹਾਰੁ ॥

ਪਦ ਅਰਥ:- ਮੈਣ-ਮੋਮ, wax। **ਦੰਤ-ਦੰਦ,** teeth। **ਕਿਉ-ਕਿਵੇਂ?,** how। **ਸਾਰੁ-ਲੋਹਾ,** iron। **ਜਿਤੁ-ਜਿਸ ਨਾਲ,** with the aid of। **ਗਰਬੁ-ਅਹੰਕਾਰ,** ego। **ਜਾਇ-ਚਲਿਆ ਜਾਵੇ,** go। **ਆਹਾਰੁ-ਭੋਜਨ, ਖੁਰਾਕ,** food।

ਪ੍ਰਸ਼ਨ ੫੧ – ਮੋਮ (ਮੈਣ) ਦੇ ਦੰਦਾਂ ਕਰਕੇ ਲੋਹਾ (ਸਾਰੁ) ਕਿਵੇ ਖਾਇਆ ਜਾਵੇ?

ਪ੍ਰਸ਼ਨ ੫੨ – ਜਿਸੁ ਕਰਕੇ ਹੰਕਾਰ ਚਲਿਆ ਜਾਵੇ ਉਹ ਕਿਹੜਾ ਭੋਜਨੁ ਹੈ?

Question No. 51: How would iron be chewed with teeth made of wax?

Question No. 52: Which food is to be consumed in order for ego to disappear?

ਹਿਵੈ ਕਾ ਘਰੁ ਮੰਦਰੁ ; ਅਗਨਿ ਪਿਰਾਹਨੁ ॥

ਪਦ ਅਰਥ:- ਹਿਵੈ–ਬਰਫ, ice। **ਅਗਨਿ–ਅੱਗ,** fire। **ਪਿਰਾਹਨੁ–ਚੋਲਾ,** robe।

ਪ੍ਰਸ਼ਨ ਪ੩ – ਬਰਫ (ਹਿਵੈ) ਰੂਪੀ ਸਾਂਤੀ ਦੇ ਘਰ ਦੀ ਕਿਸ ਤਰ੍ਹਾਂ ਪ੍ਰਾਪਤੀ ਹੋਵੇ?

ਪ੍ਰਸ਼ਨ ਪ੪ – ਅਗਨੀ ਦਾ ਚੋਲਾ (ਪਿਰਾਹਨੁ) ਕਿਵੇ ਦੂਰ ਹੋਵੈ?

Question No. 53: How can one obtain the house and palace of ice (peace)?

Question No. 54: How can one discard the robe of fire?

ਕਵਨ ਗੁਫਾ ; ਜਿਤੁ ਰਹੈ ਅਵਾਹਨੁ ॥

ਪਦ ਅਰਥ:- ਕਵਨ–ਕਿਹੜੀ, which। **ਗੁਫਾ–ਸਰੁੰਗ, ਕੁਟੀਆ,** cave। **ਅਵਾਹਨੁ–ਇਸਥਿਤ,** dwell।

ਪ੍ਰਸ਼ਨ ਪਪ – ਉਹ ਕਿਹੜੀ ਗੁਫਾ ਹੈ, ਜਿਸ ਵਿੱਚ ਇਸਥਿਤ ਹੋ ਕੇ ਆਵਣ ਜਾਵਣ ਤੋਂ ਰਹਿਤ ਹੋਵੈ?

Question No. 55: Which is the cave, abiding in which the being (jeev) is freed from the cycle of reincarnation.

ਇਤ ਉਤ ; ਕਿਸ ਕਉ ਜਾਣਿ ਸਮਾਵੈ ॥
ਕਵਨ ਧਿਆਨੁ ; ਮਨੁ ਮਨਹਿ ਸਮਾਵੈ ॥੪ਪ॥

ਪਦ ਅਰਥ:- ਇਤ ਉਤ–ਇਥੇ (here) **ਉਥੇ** (there)**, ਲੋਕ** (this world) **ਪ੍ਰਲੋਕ** (next world)। **ਕਿਸ ਕਉ–ਕਿਸ ਨੂੰ,** who। **ਸਮਾਵੈ–ਸਮਾਇਆ,** merged। **ਮਨੁ–ਮਨ,** mind। **ਮਨਹਿ–ਆਤਮਾ,** Atma (real-self)।

ਪ੍ਰਸ਼ਨ ਪ੬ – ਲੋਕ ਪ੍ਰਲੋਕ (ਇਤ ਉਤ) ਕਿਸ ਨੂੰ ਸਮਾਇਆ ਜਾਣਿਆ ਜਾਵੇ?

ਪ੍ਰਸ਼ਨ ਪ੭ – ਉਹ ਕਿਹੜਾ ਧਿਆਨ ਹੈ ਜਿਸ ਕਰਕੇ ਇਹ ਮਨ ਆਤਮਾ (ਮਨਹਿ) ਵਿੱਚ ਸਮਾਵੇ, ਭਾਵ ਇਹ ਮਨ ਸ਼ੁੱਧ ਸਰੂਪ ਪ੍ਰਮਾਤਮਾ ਵਿੱਚ ਸਮਾਵੇ?॥੪ਪ॥

ਗੁਰੂ ਜੀ ਦੋ ਪਉੜੀਆਂ ਵਿੱਚ ਉੱਤਰ ਦਿੰਦੇ ਹਨ:-

Question No. 56: Who should be known as pervading in this world and the next world? Question No. 57: Which is the concentration by which the mind merges (immerses) in real-self (Atma)?

Guru Ji answers the following two Pauri's.

ਹਉ ਹਉ ਮੈ ਮੈ ; ਵਿਚਹੁ ਖੋਵੈ ॥

ਦੂਜਾ ਮੇਟੈ ; ਏਕੋ ਹੋਵੈ ॥

ਪਦ ਅਰਥ:- ਹਉ ਹਉ, ਮੈ ਮੈ-ਮੈ, ਮੇਰੀ, self-conceit, ego। **ਦੂਜਾ-ਦਵੈਤ ਭਾਵ,** doubt। **ਏਕੋ-ਏਕਤਾ,** union।

ਉੱਤਰ ੫੫ – ਜਦੋਂ ਜੀਵ (ਹਉ ਹਉ ਮੈ ਮੈ ਵਿਚਹੁ ਖੋਵੈ) ਆਪਣੇ ਮਨ ਵਿੱਚੋ ਹੰਤਾ ਮਮਤਾ ਮੈਂ ਮੇਰੀ ਦੂਰ ਕਰ ਦੇਵੇ ਅਤੇ ਦਵੈਤ (ਦੂਜਾ) ਭਾਵ ਖਤਮ ਕਰਕੇ ਇਕ ਰੂਪ ਹੋ ਜਾਵੇ, ਤਦ ਇਸ ਏਕਤਾ ਰੂਪ ਗੁਫਾ ਵਿੱਚ ਇਸਿਥਤ ਰਹਿੰਦਾ ਹੈ।

Answer No. 55: When jeev abandons the self-created conceit, existence and ego from the real-self (Atma), the attachments and duality perishes away and being (jeev) merges in Almighty as one form. Note: The existence of being (jeev) is created by self-conceit which clings for many births, in reality there is no being (jeev) but it perceives so real due to the ignorance.

This is how the jeev abides in unity form of cave permenantly (which is free from the cycle of reincarnation).

ਜਗੁ ਕਰੜਾ ; ਮਨਮੁਖੁ ਗਾਵਾਰੁ ॥

ਸਬਦੁ ਕਮਾਈਐ ; ਖਾਈਐ ਸਾਰੁ ॥

ਪਦ ਅਰਥ:- ਕਰੜਾ-ਸਖਤ, tough। **ਗਾਵਾਰੁ-ਪਾਗਲ, ਮੂਰਖ,** foolish। **ਕਮਾਈਐ-ਕਮਾਈ ਕਰੀਏ,** earn। **ਸਾਰੁ-ਲੋਹਾ,** iron।

ਉੱਤਰ ੫੧ – ਮਨਮੁਖ ਗਵਾਰਾਂ ਲਈ ਜਗ ਲੋਹੇ ਦੀ ਤਰ੍ਹਾਂ ਕਰੜਾ ਹੋ ਰਿਹਾ ਹੈ। ਜੇ ਗੁਰਾਂ ਦਾ ਸਬਦੁ ਕਮਾਈਏ ਤਾਂ ਲੋਹੇ (ਸਾਰੁ) ਦੇ ਸਮਾਨ ਕਰੜੇ ਸੰਸਾਰ ਨੂੰ ਖਾਇਆ ਜਾ ਸਕੀਦਾ ਹੈ। ਭਾਵ ਜੋ ਸੰਸਾਰ ਲੋਹੇ ਦੀ ਤਰ੍ਹਾਂ ਸਖਤ ਹੈ, ਗੁਰੂ ਦਾ ਸ਼ਬਦ ਕਮਾਉਣਾ ਮੋਮ ਦੇ ਦੰਦ ਹਨ, ਇਹਨਾਂ ਨਾਲ ਜਗਤ ਰੂਪ ਲੋਹਾ ਖਾਧਾ ਜਾਂਦਾ ਹੈ।

Answer No. 51: This world becomes hard (difficult) just like an iron for the fool ones who only listens to their mind (Manmukh) however if one practices Guru's hymns then this same world can be chewed (overpowered) easily with teeth (physical body) made of wax (strengthless).

The core idea is that although the physical world seems to be unbeatable (defeatless) with all the unique creation and borderless desires which are beyond description but with Guru's hymn one is able to win over all the worldly temptations bodily and mindly.

ਅੰਤਰਿ ਬਾਹਰਿ ; ਏਕੋ ਜਾਣੈ ॥

ਨਾਨਕ ਅਗਨਿ ਮਰੈ ; ਸਤਿਗੁਰ ਕੈ ਭਾਣੈ ॥੪੬॥

ਪਦ ਅਰਥ:- ਅੰਤਰਿ–ਅਮਦਰ, within। **ਏਕੋ–ਇਕ ਪ੍ਰਮਾਤਮਾ,** only one (Almighty)। **ਜਾਣੇ–ਸਮਝੇ,** understand। **ਭਾਣੈ–ਰਜ਼ਾ ਨਾਲ,** Will।

ਉੱਤਰ ੫੬ – ਅੰਦਰ ਬਾਹਰ ਇਕ ਪ੍ਰਭੂ ਨੂੰ ਸਮਾਇਆ ਜਾਣੇ।

ਉੱਤਰ ੫੭ – ਸਤਿਗੁਰਾਂ ਦੇ ਭਾਣੇ ਨੂੰ ਮੰਨਣ ਰੂਪ ਧਿਆਨ ਨਾਲ ਤ੍ਰਿਸਨਾ ਅਗਨੀ ਮਰ ਜਾਂਦੀ ਹੈ॥੪੬॥

Answer No. 56: There if only one Almighty within the body and outside of the body (world and the next world).

Answer No. 57: Leaving in the True Guru's will (bhana) which puts off the fire of greed thereafter the concentration of the mind is attained and finally the jeev (who recognise himself as a separate identity) immerses in real-self (Atma) which is the Almighty's form within.

ਸਚ ਭੈ ਰਾਤਾ ; ਗਰਬੁ ਨਿਵਾਰੈ ॥

ਏਕੋ ਜਾਤਾ ; ਸਬਦੁ ਵੀਚਾਰੈ ॥

ਪਦ ਅਰਥ:- ਭੈ–ਡਰ, fear।

ਉੱਤਰ ੫੨ – ਸਚੇ ਪ੍ਰਭੂ ਦੇ ਭੈ ਵਿੱਚ ਰੱਤਿਆ ਹੋਵੈ ਅਤੇ ਇਕ ਸਬਦ ਨੂੰ ਵਿਚਾਰੇ, ਭਾਵ ਇਕ ਪ੍ਰਭੂ ਨੂੰ ਜਾਣੇ, ਇਸ ਭੋਜਨ ਨਾਲ ਹੰਕਾਰ ਤੋਂ ਨਵਿਰਤੀ ਹੁੰਦੀ ਹੈ।

Answer No. 52: One who is engrossed (immersed) in the Almighty's fear and contemplates on the Guru's hymn (shabad) thereafter recognises only one (Almighty), this is the food to be consume in order to vanish ego.

ਸਬਦੁ ਵਸੈ ; ਸਚੁ ਅੰਤਰਿ ਹੀਆ ॥

ਤਨੁ ਮਨੁ ਸੀਤਲੁ ; ਰੰਗਿ ਰੰਗੀਆ ॥

ਪਦ ਅਰਥ:- ਹੀਆ–ਹਿਰਦਾ, heart। **ਸੀਤਲੁ–ਠੰਢਾ,** cool। **ਰੰਗਿ–ਪ੍ਰਭੂ ਦੇ ਰੰਗ ਵਿੱਚ,** colour। **ਰੰਗੀਆਂ–ਰੰਗਿਆ ਹੋਇਆ,** coloured।

ਉੱਤਰ ੫੩ – ਸਚੁ ਸਬਦ ਹਿਰਦੇ ਦੇ ਅੰਦਰ ਵਸੇ ਤਾਂ ਮਨੁ ਤਨੁ ਸੀਤਲੁ ਹੋ ਜਾਂਦਾ ਹੈ। ਇਸ ਰੰਗ ਵਿੱਚ ਰੰਗਿਆ ਹੋਇਆ ਜੀਵ ਪ੍ਰਮਾਤਮਾਂ (ਹਿਵੈ ਘਰ) ਵਿੱਚ ਇਸਿਥਤਿ ਹੁੰਦਾ ਹੈ।

Answer No. 53: The mind and body becomes peaceful when the True hymn abides within the heart (remember the name with every breath), jeev then is obsorbed in Almighty's love this way jeev finds its permenant dwelling in Almighty (ice house means house of peace).

ਕਾਮੁ ਕ੍ਰੋਧੁ ; ਬਿਖੁ ਅਗਨਿ ਨਿਵਾਰੇ ॥

ਨਾਨਕ ; ਨਦਰੀ ਨਦਰਿ ਪਿਆਰੇ ॥੪੭॥

ਪਦ ਅਰਥ:- ਬਿਖੁ-ਜ਼ਹਿਰ, poison। **ਨਿਵਾਰੇ-ਦੂਰ ਕਰੇ,** discard। **ਨਦਰੀ-ਮਿਹਰ ਕਰਨ ਵਾਲਾ ਪ੍ਰਭੂ,** the One with the sight of mercy (Almighty)। **ਨਦਰਿ-ਮਿਹਰ ਕਰਕੇ,** sight of mercy।

ਉੱਤਰ ੫੪. ਹੇ ਪਿਆਰੇ ! ਕਾਮੁ ਕ੍ਰੋਧੁ ਰੂਪੁ ਜੋ ਵਿਸ਼ਿਆਂ ਦੀ ਅਗਨੀ ਮਾਰਨ ਵਾਲੀ ਹੈ, ਵਾਹਿਗੁਰੂ ਆਪਣੀ ਮਿਹਰ (ਨਦਰਿ) ਕਰਕੇ ਇਸ ਨੂੰ ਨਿਵਾਰੇ ਤਾਂ ਅਗਨੀ ਦਾ ਚੋਲਾ ਦੂਰ ਹੁੰਦਾ ਹੈ॥੪੭॥

ਸਿਧਾ ਦਾ ਪ੍ਰਸ਼ਨ:-

Answer No. 54: The beloved's sight vanishes deadly poisonous fire form of lust and anger this is how one can one discard the dress of fire. Question from the sidhas;

ਕਵਨ ਮੁਖਿ ਚੰਦੁ ; ਹਿਵੈ ਘਰੁ ਛਾਇਆ ॥

ਕਵਨ ਮੁਖਿ ਸੂਰਜੁ ; ਤਪੈ ਤਪਾਇਆ ॥

ਪਦ ਅਰਥ:- ਮੁਖਿ-ਦੁਆਰੇ, door। **ਹਿਵੈ-ਬਰਫ, ਸ਼ਾਤੀ ਦਾ ਘਰ,** ice। **ਤਪੈ-ਤਪਦਾ ਹੈ, ਪ੍ਰਕਾਸ਼ਦਾ ਹੈ,** heat।

ਪ੍ਰਸ਼ਨ ੫੮ – ਚੰਦ ਜੋ ਸਾਂਤੀ ਦਾ ਘਰੁ ਹੈ, ਉਹ ਕੀਹ ਦੇ ਦੁਆਰੇ ਛਾਇਆ ਰਹੇ?

ਪ੍ਰਸ਼ਨ ੫੯ – ਉਹ ਕਿਹੜਾ ਦੁਆਰੁ ਹੈ, ਜਿਸ ਕਰਕੇ ਗਿਆਨ ਰੂਪ ਸੂਰਜ ਪ੍ਰਕਾਸ਼ਿਆ ਹੋਇਆ ਜਦ ਅਵਿੱਦਆ ਦਿਸ਼ਾ ਵਿੱਚ ਵਸੇ (ਪ੍ਰਕਾਸੇ) ਤਦ ਅਗਿਆਨ ਰੂਪ ਅੰਧਕਾਰ ਮਿਟ ਜਾਵੈ?

Question No. 58: Where does the Moon (house of peace form of Satogun) illuminates?

Question No. 59: Which is the door faces towards the sun form of knowledge illuminates to vanish the darkness night of ignorance?

ਕਵਨ ਮੁਖਿ ; ਕਾਲੁ ਜੋਹਤ ਨਿਤ ਰਹੈ ॥

ਕਵਨ ਬੁਧਿ ; ਗੁਰਮੁਖਿ ਪਤਿ ਰਹੈ ॥

ਪਦ ਅਰਥ:- ਜੋਹਤ-ਤੱਕਦਾ, see, observe। **ਨਿਤ-ਹਰ ਰੋਜ਼,** everytime। **ਬੁਧਿ-ਬੁੱਧੀ,** intellect। **ਪਤਿ-ਇੱਜ਼ਤ,** honour।

ਪ੍ਰਸ਼ਨ ੬੦ – ਕਿਹੜੇ ਦੁਆਰੇ ਤੋਂ ਕਾਲ ਨੂੰ ਨਿਤ ਹੀ ਦੇਖਦੇ ਰਹੀਏ ਭਾਵ ਸਮੇਂ ਦਾ ਘੇਰਾ ਪਾਇਆ ਕਿਸ ਦੁਆਰੇ ਜਾਣੇ?

ਪ੍ਰਸ਼ਨ ੬੧ – ਉਹ ਕਿਹੜੀ ਬੁੱਧੀ ਹੈ, ਜਿਸ ਕਰਕੇ ਗੁਰਮੁਖਾਂ ਦੀ ਇੱਜ਼ਤ (ਪਤਿ) ਰਹਿੰਦੀ ਹੈ?

Question No. 60: Through what enables one to see death all the time which means how can one know the limitless of time?

Question No. 61: What is the intellect by which Gurmukh's dignity is remained?

ਕਵਨੁ ਜੋਧੁ ; ਜੋ ਕਾਲੁ ਸੰਘਾਰੈ ॥
ਬੋਲੈ ਬਾਣੀ ; ਨਾਨਕੁ ਬੀਚਾਰੈ ॥੪੮॥

ਪਦ ਅਰਥ:- ਜੋਧੁ-ਸੂਰਮਾ। ਸੰਘਾਰੈ-ਮਾਰੇ, ਨਾਸ ਕਰੇ।

ਪ੍ਰਸ਼ਨ ੬੨ – ਉਹ ਕਿਹੜਾ ਸੂਰਮਾ (ਜੋਧੁ) ਹੈ, ਜੋ ਕਾਲ ਨੂੰ ਮਾਰਦਾ (ਸੰਘਾਰੈ) ਹੈ?

ਗੁਰੂ ਜੀ ਕਹਿੰਦੇ ਹਨ, ਕਿ ਇਸ ਵਿਚਾਰ ਦੀ ਬਾਣੀ ਸਿਧ ਬੋਲੇ॥੪੮॥

ਗੁਰੂ ਜੀ ਦਾ ਉੱਤਰ:-

Question No. 62: Who is such a worrior who is able to kill the death?

Guru Ji says that the sidhas uttered such words after contemplating.

Guru Ji answers;

ਸਬਦੁ ਭਾਖਤ ; ਸਸਿ ਜੋਤਿ ਅਪਾਰਾ ॥

ਪਦ ਅਰਥ:- ਭਾਖਤ-ਉਚਾਰਨ, utter। **ਸਸਿ-ਸਤੋਗੁਣ ਰੂਪ ਚੰਦ੍ਰਮਾ,** moon।

ਉੱਤਰ ੫੮ – ਗੁਰ ਉਪਦੇਸ (ਸਬਦੁ) ਜੋ ਹੈ, ਉਸ ਦੇ ਉਚਾਰਨ (ਭਾਖਤ) ਨਾਲ ਸਤੋਗੁਣ ਰੂਪ ਚੰਦ੍ਰਮਾ ਦੀ ਅਪਾਰ ਜੋਤ ਪ੍ਰਾਪਤ ਹੁੰਦੀ ਹੈ।

Answer No. 58: By uttering the Guru's sermons, Satogun (one of the maya character which has calmness, peace & meditation) form of moon's unmeasurable illumination is obtained in the mind.

ਸਸਿ ਘਰਿ ਸੂਰੁ ਵਸੈ ; ਮਿਟੈ ਅੰਧਿਆਰਾ ॥

ਪਦ ਅਰਥ:- ਸੂਰੁ-ਸੂਰਜ, sun। **ਅੰਧਿਆਰਾ-ਹਨੇਰਾ,** darkness। **ਮਿਟੈ-** perishes।

ਉੱਤਰ ੫੯ – ਗੁਰੂ ਦੁਆਰਾ ਸਤੋ ਗੁਣ (ਸਸਿ ਘਰਿ) ਸਹਿਤ ਹਿਰਦੇ ਵਿੱਚ ਗਿਆਨ ਰੂਪ ਸੂਰਜ ਜਦ ਵਸਦਾ ਹੈ, ਤਦ ਅਗਿਆਨ ਰੂਪ ਹਨੇਰਾ ਮਿਟ ਜਾਂਦਾ ਹੈ।

Answer No. 59: Through a Guru, a heart with Satogun is illuminated with the Sun liked knowledge then the darkness of ignorance disappears.

ਸੁਖੁ ਦੁਖੁ ਸਮ ਕਰਿ ; ਨਾਮੁ ਅਧਾਰਾ ॥

ਪਦ ਅਰਥ:– ਸਮ–ਸਮਾਨ, equally। **ਅਧਾਰਾ–ਆਸਰਾ,** support।

ਉੱਤਰ ੬੦ – ਨਾਮ ਦੇ ਅਧਾਰ ਕਰਨ ਨਾਲ ਸੁਖ ਦੁਖ ਸਮਾਨ ਕਰਨ ਜਾਨਣ ਨਾਲ ਜੀਵ ਨਿਤ ਕਾਲ ਨੂੰ ਦੇਖਦਾ ਰਹਿੰਦਾ ਹੈ, ਭਾਵ ਜਿਸ ਸਮੇਂ ਦੁਖ ਆਦਿ ਪ੍ਰਾਪਤਿ ਹੁੰਦੇ ਹਨ, ਉਸ ਸਮੇ ਉਹਨਾਂ ਨੂੰ ਮਹਾਤਮਾਂ ਅਨਿਤ ਜਾਣ ਕੇ ਸੁੱਖ ਦੇ ਸਮਾਨ ਸਹਾਰਦਾ ਹੋਇਆ ਹਰਖ ਸੋਗ ਨਹੀਂ ਕਰਦਾ ਹੈ।

Answer No. 60: With the support of Almighty's Name, the happiness and sadness are acknowledged equally and remembers death at all times which means that whenever pains comes in life the Saint accepts them as temporary therefore happiness and sadness are equally accepted with a constant state of mind.

ਆਪੇ ; ਪਾਰਿ ਉਤਾਰਣਹਾਰਾ ॥

ਉੱਤਰ ੬੧ – ਹਰੀ ਆਪੇ ਸੰਸਾਰ ਸਮੁੰਦਰ ਤੋਂ ਪਾਰ ਕਰਨਹਾਰਾ ਹੈ। ਇਸ ਨਿਸਚੇ ਆਤਮਕ ਬੁਧੀ ਕਰਕੇ ਗੁਰਮੁਖਾਂ ਦੀ ਪੱਤ ਰਹਿੰਦੀ ਹੈ।

Answer No. 61: Gurmukh's dignity is remained by the undoubtful faith (Nishcha) and inner-self (Atmak) intellect by which Almighty himself ferries Gurmukh across the materialistic worldly ocean

ਗੁਰ ਪਰਚੈ ; ਮਨੁ ਸਾਚਿ ਸਮਾਇ ॥
ਪ੍ਰਣਵਤਿ ਨਾਨਕੁ ; ਕਾਲੁ ਨ ਖਾਇ ॥੪੯॥

ਪਦ ਅਰਥ:– ਪਰਚੈ–ਉਪਦੇਸ, sermons। **ਪ੍ਰਣਵਤਿ–ਕਥਨ,** utterance।

ਉੱਤਰ ੬੨ – ਗੁਰਾਂ ਦੇ ਉਪਦੇਸ (ਪਰਚੇ) ਕਰਕੇ ਜੋ ਮਨ ਸੱਚ ਵਿੱਚ ਸਮਾਵੇ, ਗੁਰੂ ਜੀ ਕਹਿੰਦੇ ਹਨ ਉਸ ਨੂੰ ਕਾਲ ਨਹੀਂ ਖਾਂਦਾ ਹੈ, ਭਾਵ ਜਨਮ ਮਰਨ ਤੋਂ ਰਹਿਤ ਹੋ ਜਾਦਾ ਹੈ॥੪੯॥

ਗੁਰੂ ਜੀ ਸਿਧਾਂਤ ਦੀ ਪਉੜੀ ਕਹਿੰਦੇ ਹਨ:–

Answer No. 62: The mind which immerses in the truth (Almighty) through Guru's guidance is able to kill the death (death will never consume them) which means they are without any further birth and death.

Guru Ji explains the principal in the following Pauri.

ਨਾਮ ਤਤੁ ; ਸਭ ਹੀ ਸਿਰਿ ਜਾਪੈ ॥

ਬਿਨੁ ਨਾਵੈ ; ਦੁਖੁ ਕਾਲੁ ਸੰਤਾਪੈ ॥

ਨਾਮ ਹੀ ਸਾਰ ਰੂਪ ਸਭ ਸਾਧਨਾਂ ਵਿੱਚ ਸਿਰੋਮਣੀ (ਸਿਰਿ) ਜਾਣੀਦਾ ਹੈ। ਬਿਨਾ ਨਾਮ ਤੋਂ ਕਾਲ ਦਾ ਦੁਖ ਸੰਤਾਪਦਾ ਹੈ।

ਪਦ ਅਰਥ:- ਤਤੁ-ਸਾਰ, pincipal**। ਜਾਪੈ-ਜਾਣੀਦਾ ਹੈ,** known**। ਸੰਤਾਪੈ-ਸੰਤਾਪਦਾ ਹੈ,** afflicts**।**

Almighty's Name is the essence of all practices and known as the supreme method.

Without Almighty's Name, the pain the death afflicts the jeev (being).

ਤਤੋ ਤਤੁ ਮਿਲੈ ; ਮਨੁ ਮਾਨੈ ॥

ਦੂਜਾ ਜਾਇ ; ਇਕਤੁ ਘਰਿ ਆਨੈ ॥

ਪਦ ਅਰਥ:- ਤਤੋ ਤਤੁ-ਸਾਰ ਸਾਰ ਵਿੱਚ। ਮਾਨੈ-ਮੰਨੇ। ਇਕਤੁ-ਏਕਤਾ। ਆਨੈ-ਆਵੇ, ਲਿਆਵੇ।

ਜਦ ਗੁਰਾਂ ਦੇ ਮੰਤਰ ਨੂੰ ਮਨ ਵਿੱਚ ਮੰਨੇ (ਮਾਨੈ) ਤਦ ਈਸਵਰ ਸਾਰ ਸਾਰ (ਤਤੋ ਤਤੁ) ਭਾਵ ਵਿਛਾਰ ਨੂੰ ਤਿਆਗ ਕੇ ਲਖ ਲਖ ਭਾਗ ਅਭੇਦ ਹੁੰਦਾ ਹੈ। ਇਸ ਰੀਤ ਨਾਲ ਦ੍ਵੈਤ ਭਾਵ (ਦੂਜਾ) ਜਾਂਦੀ ਹੈ ਅਤੇ ਮਨ ਨੂੰ ਏਕਤਾ ਦੇ ਘਰ ਵਿੱਚ ਲਿਆਵੇ।

ਪ੍ਰਸ਼ਨ ੬੩. ਉਹ ਇਕ ਕੌਣ ਹੈ?

ਗੁਰੂ ਜੀ ਦਾ ਉੱਤਰ:-

When the Guru's mantra (transcendental chant) is believed full heartedly then the principal elements of Ishwer (Almighty's form in this physical world) and jeev (the one separated by acknowledging himself as different identity from Almighty) is merged together which then turns into common form by abandoning the intellectual contemplation based on physical logic. In this manner duality disappears and mind comes in unity with Almighty.

Question No. 63: Who is the united form?

Guru Ji answers;

ਬੋਲੈ ਪਵਨਾ ; ਗਗਨੁ ਗਰਜੈ ॥

ਨਾਨਕ ; ਨਿਹਚਲੁ ਮਿਲਣੁ ਸਹਜੈ ॥੫੦॥

ਪਦ ਅਰਥ:- ਪਵਨਾ–ਹਵਾ, wind, air। **ਗਗਨੁ–ਅਕਾਸ਼,** sky। **ਨਿਹਚਲੁ–ਥਿਰ, ਕਾਇਮ,** still।

ਉੱਤਰ ੬੩ – ਜਿਸ ਦੀ ਸਤਾ ਨੂੰ ਪਾ ਕੇ ਹਵਾ ਬੋਲਦੀ ਹੈ ਅਤੇ ਅਕਾਸ਼ ਗਰਜਦਾ ਹੈ, ਗੁਰੂ ਜੀ ਕਹਿੰਦੇ ਹਨ ਉਸ ਨਿਸਚਲ ਰੂਪ ਨੂੰ ਗਿਆਨ (ਸਹਜੇ) ਕਰਕੇ ਮਿਲਣਾ ਹੁੰਦਾ ਹੈ॥੫੦॥

ਜਿਵੇਂ ਚਿਦਾਕਾਸ (ਗਗਨ) ਦੇ ਬੁਲਾਇਆ ਪਵਨ ਸਬਦ (ਗਰਜੈ) ਕਰਦੀ ਹੈ।

Answer No. 63: With the powers of whom air is able to speak and clouds sounds, Guru Ji says that such form can only be met through knowledge just like the sky makes the air to produce sound.

ਅੰਤਰਿ ਸੁੰਨੰ ਬਾਹਰਿ ਸੁੰਨੰ ; ਤ੍ਰਿਭਵਣ ਸੁੰਨ ਮਸੁੰਨੰ ॥

ਪਦ ਅਰਥ:- ਸੁੰਨੰ–ਅਪੁਰ, thoughtless state, zero। **ਤ੍ਰਿਭਵਣ–ਤਿਜਾ ਭਵਣ,** third state। **ਮਸੁੰਨੰ–ਚੇਤਨ,** animated form means Almighty।

ਉਹ ਪ੍ਰਭੂ ਸੁਪਨੇ (ਅੰਤਰਿ) ਵਿੱਚ ਵੀ ਵਹੁ ਸੁੰਨ ਹੈ ਅਤੇ ਜਾਗਦਿਆਂ (ਬਾਹਰਿ) ਵੀ ਸੁੰਨ ਹੈ। ਤ੍ਰਿਭਵਣ ਭਾਵ ਤੀਸਰਾ ਭਵਣ ਜੋ ਸਖੋਪਤਿ ਹੈ, ਉਸ ਵਿੱਚ ਵੀ ਸੁੰਨ ਹੀ ਹੈ। ਜੇ ਸੁੰਨ ਕਹੀਏ ਤਾਂ ਫਿਰ ਜਗਤ ਰਚਨਾ ਕਿਵੇਂ ਹੈ, ਇਸ ਤੇ ਕਹਿੰਦੇ ਹਨ, ਉਹ ਪ੍ਰਭੂ ਚੇਤਨ (ਮਸੁੰਨੰ) ਰੂਪ ਵੀ ਹੈ।

ਦੂਜਾ ਅਰਥ:- ਸੁਪਨੇ ਵਿੱਚ (ਅੰਤਰਿ) ਅਤੇ ਜਾਗਦਿਆਂ (ਬਾਹਰਿ) ਤੀਸਰਾ ਜੋ ਅਸਥਾਨ (ਤ੍ਰਿਭਵਨ) ਸਖੋਪਤਿ ਹੈ, ਇਹ ਤਿੰਨੇ ਅਸਥਾਨ (ਸੁੰਨ) ਚੱਕ ਹਨ। ਜੇ ਕਹੇ ਇਹਨਾਂ ਨੂੰ ਪ੍ਰਕਾਸਦਾ ਕੌਣ ਹੈ? ਇਥੇ ਕਹਿੰਦੇ ਹਨ, ਚੇਤਨ (ਮਸੁੰਨੰ) ਭਾਵ ਪਰਤੱਖ ਅੰਤਰ ਬਾਹਰ ਤਿੰਨੇ ਭਵਨ ਮੰਦਰ ਉਜਾੜ ਅਕਾਸ ਆਦਿਕ ਵਿੱਚ ਅਫੁਰ ਭਾਵ ਚੇਤਨ (ਸੁੰਨ) ਹੀ ਚੇਤਨ ਹੈ।

In the Supan (Sub-conscious where dreams are seen) state, Jagart (Conscious) state and Sekopat (Unconscious where nothing exists) state Almighty prevails in Sune (zero / thoughtless state), however if Almighty is in zero (thoughtless) state then how did the creation came into existence? Guru Ji says further that Almighty at same time is in the form of Masune (Chetan-animate state).

Second Meaning: Supan (Antar-inside), Jagart (Bahar-outside) and Sekopat (Tirbhawan-the third place), all these three are empty (lifeless) and then question arises who is the life for all the three? Guru Ji says Masune (Chetan-animate means Almighty) is the life of all.

Therefore inside, outside and in all three places like cultivated, uncultivated and skies Almighty prevails in Sune state (state of thoughtless and spaceless) means Almighty is the form of animation who animates the whole creations.

ਚਉਥੇ ਸੁੰਨੈ ਜੋ ਨਰੁ ਜਾਣੈ ; ਤਾ ਕਉ ਪਾਪੁ ਨ ਪੁੰਨੰ ॥

ਪਦ ਅਰਥ:– ਚਉਥੈ–ਚੌਥੇ ਤੁਰੀਆ ਪਦ, the fourth state। **ਪੁੰਨੰ–ਪੁੰਨ,** merits।

ਤਿੰਨ ਅਵਸਥਾ ਦੇ ਅੱਗੇ ਅਫੁਰ ਰੂਪ ਚੌਥੇ ਤੁਰੀਆ ਪਦ ਨੂੰ ਜੋ ਜਾਣੇਂ, ਉਸ ਨੂੰ ਪਾਪ ਪੁੰਨ ਦਾ ਲੇਪ ਨਹੀਂ ਲਗਦਾ ਹੈ।

The one who realise the fourth, who is the witness (Sakhi Roop) of all the three states (Jagart, Supan and Sekopat) in thoughtless (Afur) will never be even touched by sins and merits; which means that the one who goes beyond the three states will be awaken in the fourth state where Almighty prevails himself therefore the one unites with Almighty and vanished his existence as well as the creatorship of deeds by which sins and merits are created.

ਘਟਿ ਘਟਿ ਸੁੰਨ ਕਾ ; ਜਾਣੈ ਭੇਉ ॥
ਆਦਿ ਪੁਰਖੁ ; ਨਿਰੰਜਨ ਦੇਉ ॥

ਪਦ ਅਰਥ:– ਭੇਉ–ਭੇਦ, secret। **ਪੁਰਖੁ–ਵਿਆਪਕ,** omnipresent। **ਦੇਉ–ਪ੍ਰਕਾਸ਼ ਸਰੂਪ ਪ੍ਰਮਾਤਮਾ,** the form of illumination means Almighty।

ਘਟਾਂ ਘਟਾਂ ਵਿੱਚ ਸੁੰਨ ਦਾ ਭੇਦ ਜੋ ਜਾਣੇ, ਉਹ ਆਦਿ ਰੂਪ ਅਤੇ ਮਾਇਆ ਰਹਿਤ ਪ੍ਰਕਾਸ ਸਰੂਪ ਨੂੰ ਸਰਬੱਤ ਵਿੱਚ ਵਿਆਪਕ (ਪੁਰਖੁ) ਦੇਖਦਾ ਹੈ। ਇਥੇ ਸੁੰਨ ਨਾਮ ਅਫੁਰ ਪ੍ਰਮੇਸ਼ਰ ਦਾ ਹੈ।

The one who discovers the secret of Almighty (Sune) who prevails within his complete creation (within every heart), sees Almighty who existed before the entire creation (Aad-Primal), omnipresent (Purakh) and free from maya (Nir-without & Anjan-dark spot means Maya) manifested form of Almighty within all

ਜੋ ਜਨੁ ; ਨਾਮ ਨਿਰੰਜਨ ਰਾਤਾ ॥
ਨਾਨਕ ; ਸੋਈ ਪੁਰਖੁ ਬਿਧਾਤਾ ॥੫੧॥

ਪਦ ਅਰਥ:– ਜਨੁ–ਪੁਰਖ, the one। **ਰਾਤਾ–ਰੰਗਿਆ ਹੈ,** immersed। **ਸੋਈ–ਉਹੀ,** the one। **ਬਿਧਾਤਾ–ਪ੍ਰਮੇਸ਼ਰ,** the who writes the fate (Almighty)।

ਗੁਰੂ ਜੀ ਕਹਿੰਦੇ ਹਨ, ਜੋ ਨਿਰੰਜਨ ਦੇ ਨਾਮ ਵਿੱਚ ਰੰਗਿਆ ਹੋਇਆ ਹੈ, ਉਹ ਪੁਰਖ ਪਰਮੇਸਰ (ਬਿਧਾਤਾ) ਦਾ ਸਰੂਪ ਹੈ॥੫੧॥

ਸਿਧ ਪ੍ਰਸ਼ਨ ਕਰਦੇ ਹਨ:–

Guru Ji says that one who immerses in Almighty's (Nir-without & Anjan-maya) Name, becomes Almighty's form.

ਸੁੰਨੋ ਸੁੰਨੁ ; ਕਹੈ ਸਭੁ ਕੋਈ ॥
ਅਨਹਤ ਸੁੰਨੁ ; ਕਹਾ ਤੇ ਹੋਈ ॥

ਪਦ ਅਰਥ:- ਅਨਹਤ-ਇਕ ਰਸ, in consistent state। **ਕਹਾ-ਕਿਥੋਂ,** where। **ਹੋਈ-ਪ੍ਰਾਪਤ ਹੁੰਦਾ ਹੈ,** obtained।

ਪ੍ਰਸ਼ਨ ੬੪- ਸੁੰਨ ਸੁੰਨ ਤਾਂ ਸਭ ਕੋਈ ਕਹਿੰਦਾ ਹੈ, ਉਹ ਏਕ ਰਸ (ਅਨਹਤ) ਸੁੰਨ ਕਿਥੋਂ ਪ੍ਰਾਪਤ ਹੁੰਦਾ ਹੈ?

Question No. 64: Everyone says Sune (listen) to Sune (thoughtless Almighty's tune) but from where this ever-consistent or limitless (Anhat) Sune (Almighty's existence within) is obtained?

ਅਨਹਤ ਸੁੰਨਿ ; ਰਤੇ ਸੇ ਕੈਸੇ ॥
ਜਿਸ ਤੇ ਉਪਜੇ ; ਤਿਸ ਹੀ ਜੈਸੇ ॥

ਪਦ ਅਰਥ:- ਸੇ-ਉਹ, the। **ਕੈਸੇ-ਕਿਵੇਂ?,** how। **ਉਪਜੇ-ਪੈਦਾ ਹੋਏ,** originate। **ਤਿਸ-ਉਸ,** that। **ਜੈਸੇ-ਵਰਗੇ,** akin।

ਪ੍ਰਸ਼ਨ ੬੫ – ਏਕ ਰਸ ਸੁੰਨ (ਅਨਹਤ) ਪ੍ਰਭੂ ਵਿੱਚ ਜੋ ਰੱਤੇ ਹਨ, ਉਹ ਕਿਹੋ ਜਿਹੇ ਹਨ?

ਉੱਤਰ ੬੫ – ਜਿਸ ਪ੍ਰਭੂ ਤੋਂ ਉਪਜੇ ਹਨ, ਉਸ ਹੀ ਵਰਗੇ ਹਨ, ਭਾਵ ਪ੍ਰਮੇਸ਼ਰ ਰੂਪ ਹੀ ਹਨ।

Question No.65: How are those who are immersed in the ever-consistent (Anhat) Sune (Almighty).

Answer No. 65: Those are just like their originator means that they are Almighty's form.

ਓਇ ਜਨਮਿ ਨ ਮਰਹਿ ; ਨ ਆਵਹਿ ਜਾਹਿ ॥
ਨਾਨਕ ; ਗੁਰਮੁਖਿ ਮਨੁ ਸਮਝਾਹਿ ॥੫੨॥

ਪਦ ਅਰਥ:- ਓਇ-ਉਹ, they। **ਸਮਝਾਹਿ-ਸਮਝਾਇਆ ਹੈ,** explain।

ਗੁਰੂ ਜੀ ਕਹਿੰਦੇ ਹਨ, ਜਿੰਨ੍ਹਾਂ ਨੇ ਗੁਰਾਂ ਦਵਾਰੇ ਮਨ ਨੂੰ ਸਮਝਾਇਆ ਹੈ, ਉਹ ਸੰਸਾਰ ਵਿੱਚ ਆ ਕੇ ਨਾ ਜੰਮਦੇ ਹਨ ਅਤੇ ਨਾ ਹੀ ਮਰ ਕੇ ਜਾਂਦੇ ਹਨ॥੫੨॥

ਜੋ ਬਵੰਜਵੀ ਪੌੜੀ ਵਿੱਚ ਅਨਹਤ ਸੁੰਨ ਕਿਥੋਂ ਪ੍ਰਾਪਤਿ ਹੁੰਦਾ ਹੈ, ਇਹ ਉਸ ਕਾ ਉੱਤਰ ਕਹਿੰਦੇ ਹਨ।

Guru Ji says that those who have educated their mind through Guru Ji, will never come again by birth and depart by death, therefore they obtained Almighty from Guru Ji.

ਨਉ ਸਰ ਸੁਭਰ ; ਦਸਵੈ ਪੂਰੇ ॥

ਤਹ ਅਨਹਤ ਸੁੰਨ ; ਵਜਾਵਹਿ ਤੂਰੇ ॥

ਪਦ ਅਰਥ:– ਨਉ ਸਰ–ਨੌਂ ਦੁਆਰੇ, nine doors। **ਦਸਵੈ–ਦਸਵੇਂ,** tenth। **ਤੂਰੇ–ਵਾਜੇ।**

ਉੱਤਰ ੬੪ – ਨਉ ਦਵਾਰਾਂ ਨੂੰ ਰੋਕ ਕੇ ਦਸਵੇਂ ਦੁਆਰ ਵਿੱਚ ਜੋ ਪ੍ਰਾਣਾਂ ਨੂੰ ਪੂਰੇ ਕਰੇ, ਉਸ ਤੋਂ ਅਨਹਦ ਧੁੰਨ ਦੇ ਵਾਜੇ ਵੱਜ ਆਉਂਦੇ ਹਨ। ਨੌ ਦੁਆਰੇ ਵਿਸ਼ਿਆਂ ਵੱਲੋ ਜਿਸ ਨੇ ਰੋਕੇ ਹਨ ਅਤੇ ਦਸਵੇਂ ਪੂਰਨ ਪਰਮਾਤਮਾ ਵਿੱਚ ਬ੍ਰਿਤੀ ਲਗਾਈ ਹੈ, ਉਸ ਨੂੰ ਅਨਹਤ ਧੁੰਨ ਸੀਘਰ (ਤੂਰੇ) ਪ੍ਰਗਟ (ਵਜਾਵਹਿ) ਹੋ ਜਾਂਦਾ ਹੈ।

ਸਰੀਰ ਦੇ ਨੌ ਦਰਵਾਜੇ:– ਦੋ ਨਾਸ਼ਕਾਂ, ਦੋ ਕੰਨ, ਦੋ ਅੱਖਾਂ, ਗੁਦਾ, ਲਿੰਗ ਅਤੇ ਮੂੰਹ।

ਦਸ (੧੦) ਪ੍ਰਾਣ ਹਨ ਸਰੀਰ ਵਿੱਚ:–

੧. ਪ੍ਰਾਣ – ਜੋ ਰਿਦੇ ਅਸਥਾਨ ਵਿੱਚ ਰਹਿੰਦੇ ਹਨ।

੨. ਅਪਾਨ – ਜੋ ਗੁਦਾ ਅਸਥਾਨ ਵਿੱਚ ਰਹਿੰਦੇ ਹਨ।

੩. ਬਿਆਨ – ਜੋ ਸਮੁਚੇ ਸਰੀਰ ਵਿੱਚ ਰਹਿੰਦੇ ਹਨ।

੪. ਉਦਿਆਨ – ਜੋ ਕੰਠ ਅਸਥਾਨ ਵਿੱਚ ਰਹਿੰਦੇ ਹਨ।

੫. ਸਮਾਨ – ਜੋ ਨਾਭੀ ਅਸਥਾਨ ਵਿੱਚ ਰਹਿੰਦੇ ਹਨ।

੬. ਨਾਗ – ਜਿਸ ਕਰਕੇ ਡਕਾਰ ਪੈਦਾ ਹੁੰਦੀ ਹੈ।

੭. ਕੂਰਮ – ਜਿਸ ਕਰਕੇ ਨੇਤ੍ਰ ਖੁਲਦੇ ਅਤੇ ਬੰਦ ਹੁੰਦੇ ਹਨ।

੮. ਕ੍ਰਿਕਲ – ਜਿਸ ਕਰਕੇ ਛਿਕ ਅਤੇ ਭੁਖ ਪਿਆਸ ਪੈਦਾ ਹੁੰਦੀ ਹੈ।

੯. ਦੇਵਦੱਤ – ਜਿਸ ਕਰਕੇ ਉਬਾਸੀ ਪੈਦਾ ਹੁੰਦੀ ਹੈ।

੧੦.ਧਨੰਜੈ – ਜਿਸ ਕਰਕੇ ਸਰੀਰ ਫੁੱਲਦਾ (ਮਰਨ ਤੋਂ ਉਪਰੰਤ) ਹੈ।

Answer No. 64: One who shuts the nine doors of this physical body (2 nasals, 2 ears, 2 eyes, Mouth, Anus & urinal organ) and uplifts all the ten life-forces (Pran) to the tenth door, is able to hear the unlimited tune or the tune which originates naturally without any instrument (Anhad Dhun);

Second Meaning: The one who has blocked the concentration from indulging in ten evil desires through the nine doors of physical body and focussed entirely on the tenth (Almighty), the unlimited tune manifest instantly.

10 Life-forces (Pran)

1. Pran - Dwells in the heart
2. Apan - Dwells in the anus
3. Bian - Dwells in the whole body
4. Udiyan - Dwells in the throat
5. Seman - Dwells in the Navel (belly button)
6. Nag - Creates burb
7. Kuram - Creates eye flicker
8. Kirkal - Creates sneeze, hunger and thirst.
9. Devdat - Creates the yawn
10. Dhenijai - Creates the bloat in the body after death

ਸਾਚੈ ਰਾਚੇ ; ਦੇਖਿ ਹਜੂਰੇ ॥
ਘਟਿ ਘਟਿ ; ਸਾਚੁ ਰਹਿਆ ਭਰਪੂਰੇ ॥

ਪਦ ਅਰਥ:– ਰਾਚੇ–ਰਚੇ, create। **ਹਜੂਰੇ–ਕੋਲ, ਪਾਸ,** near। **ਭਰਪੂਰੇ–ਭਰਪੂਰ,** completely within the entire creation।

ਜੋ ਕੋਲ (ਹਜੂਰੇ) ਸੱਚੇ ਕਰਤਾ ਪੁਰਖ ਨੂੰ ਦੇਖ ਕੇ ਸੱਚੇ ਵਿੱਚ ਰਚੇ ਹਨ, ਉਹਨਾਂ ਨੇ ਘਟ ਘਟ ਵਿੱਚ ਸੱਚਾ ਭਰਪੂਰ ਹੋ ਰਿਹਾ ਜਾਣਿਆ ਹੈ।

Those who sees Almighty to be the closest, immerses into the truth (Almighty).

They have undoubtfully believed that the truth (Almighty) exist completely within the complete creation (within every heart).

ਗੁਪਤੀ ; ਬਾਣੀ ਪਰਗਟੁ ਹੋਇ ॥
ਨਾਨਕ , ਪਰਖਿ ਲਏ ; ਸਚੁ ਸੋਇ ॥੫੩॥

ਪਦ ਅਰਥ:– ਗੁਪਤੀ–ਛੁਪੀ, hidden। **ਪਰਖਿ–**examine, recognise। **ਸੋਇ–ਉਹ ਪੁਰਸ਼।**

ਛੁਪੀ ਹੋਈ (ਗੁਪਤੀ) ਜੋ ਚੇਤਨ ਸ਼ਕਤੀ ਹੈ, ਉਹ ਗੁਰਬਾਣੀ ਕਰਕੇ ਜਿਸ ਨੂੰ ਪ੍ਰਗਟ ਹੁੰਦੀ ਹੈ, ਗੁਰੂ ਜੀ ਕਹਿੰਦੇ ਹਨ, ਉਹ ਸੋ ਪੁਰਸ਼ ਵਾਹਿਗੁਰੂ (ਸਚੁ) ਨੂੰ ਜਾਨ (ਪਰਖਿ) ਲੈਂਦਾ ਹੈ॥੫੩॥

ਸਿਧਾਂਤ ਕਹਿੰਦੇ ਹਨ।

Within whom the hidden animate (Chetan) power is manifested by the Guru's hymns.

Guru Ji says that such jeev (being) is able to recognise (know) Almighty.

Guru Ji utters principals in the following Pauris;

ਸਹਜ ਭਾਇ ਮਿਲੀਐ ; ਸੁਖੁ ਹੋਵੈ ॥

ਗੁਰਮੁਖਿ ਜਾਗੈ ; ਨੀਦ ਨ ਸੋਵੈ ॥

ਪਦ ਅਰਥ:- ਸਹਜ ਭਾਇ-ਸਾਂਤ ਸੁਭਾਅ। ਨੀਦ-ਅਵਿੱਦਿਆ ਦੀ ਨੀਂਦ। ਸੋਵੈ-ਸੌਂਦੇ।

ਸਾਂਤ ਸੁਭਾਇ ਵਾਹਿਗੁਰੁ (ਸਹਜ ਭਾਇ) ਵਿੱਚ ਮਿਲੀਆ ਤੋਂ ਸੁਖ ਹੁੰਦਾ ਹੈ। ਜੋ ਗੁਰਮੁਖ ਜਾਗੇ ਹਨ, ਉਹ ਅਵਿੱਦਆ ਨੀਂਦ ਵਿੱਚ ਨਹੀਂ ਸੌਂਦੇ ਹਨ।

Those who meets Almighty naturally with love obtains happiness.

Once Gurmukh awakes in divine knowledge then he will never sleep in attachment and ignorance again.

ਸੁੰਨ ਸਬਦੁ ; ਅਪਰੰਪਰਿ ਧਾਰੈ ॥

ਕਹਤੇ ਮੁਕਤੁ ; ਸਬਦਿ ਨਿਸਤਾਰੈ ॥

ਪਦ ਅਰਥ:- ਅਪਰੰਪਰਿ-ਪ੍ਰਮਾਤਮਾ, beyond borders (Almighty)। **ਧਾਰੈ-ਧਾਰਦਾ ਹੈ,** embrace। **ਕਹਤੇ-ਉਪਦੇਸ, ਕਹਿੰਦੇ,** say, utter। **ਨਿਸਤਾਰੈ-ਨਿਸਚੇ ਹੀ ਤਾਰਦੇ ਹਨ,** liberate with assurance।

ਅਫੁਰ (ਸੁੰਨ) ਜੋ ਪ੍ਰਮਾਤਮਾਂ (ਅਪਰੰਪਰਿ) ਹੈ, ਉਸ ਨੂੰ ਗੁਰ ਉਪਦੇਸ ਕਰਕੇ ਜੋ ਧਾਰਦੇ ਹਨ, ਉਹ ਆਪ ਤਾਂ ਮੁਕਤ ਹਨ ਅਤੇ ਜਿਨ੍ਹਾਂ ਨੂੰ ਉਪਦੇਸ ਕਰਦੇ ਹਨ, ਉਹਨਾਂ ਨੂੰ ਵੀ ਤਾਰ ਲੈਂਦੇ ਹਨ।

Those who embraces the thoughtless (Sune or Afur) and beyond limits (Aperang-par) Almighty through Guru's sermons; they themselves are liberated (Mukat) and they liberate others by preaching the Guru's hymns therefore their audience goes across the materialistic worldly ocean.

ਗੁਰ ਕੀ ਦੀਖਿਆ ; ਸੇ ਸਚਿ ਰਾਤੇ ॥

ਨਾਨਕ , ਆਪੁ ਗਵਾਇ ; ਮਿਲਣ ਨਹੀ ਭ੍ਰਾਤੇ ॥੫੪॥

ਪਦ ਅਰਥ:- ਦੀਖਿਆ-ਸਿੱਖਿਆ, advise, teaching। **ਆਪੁ ਗਵਾਇ-ਆਪਾ ਭਾਵ ਗਵਾਉਂਦੇ ਹਨ,** self-sacrifice। **ਭ੍ਰਾਤੇ-ਭਟਕਦੇ,** wander।

ਜੋ ਉਸ ਗੁਰੂ ਦੀ ਦੀਖਿਆ ਕਰਕੇ ਸੱਚ ਵਿੱਚ ਰੱਤੇ ਹਨ, ਗੁਰੂ ਜੀ ਕਹਿੰਦੇ ਹਨ, ਉਹਨਾਂ ਨੇ ਆਪਾ ਭਾਵ ਗਵਾਇਆ ਹੈ, ਭਾਵ ਨਿਰਹੰਕਾਰ ਹੋਏ ਹਨ। ਇਸ ਕਰਕੇ ਉਹਨਾਂ ਦੇ ਮਿਲਨੇ ਵਿੱਚ ਭਟਕਣਾ ਨਹੀਂ ਹੈ, ਭਾਵ ਉਹ ਵਾਹਿਗੁਰੁ ਵਿੱਚ ਅਭੇਦ ਹੋਏ ਹਨ॥੫੪॥

Those who are immersed in the truth (Almighty) with Guru's teachings, Guru Ji says that they have abandoned their self-belonging (Apaa-bhav) means that they become egoless, therefore there is no doubt about their union with Almighty means that they are merged in Almighy.

ਕੁਬੁਧਿ ਚਵਾਵੈ ; ਸੋ ਕਿਤੁ ਠਾਇ ॥

ਪਦ ਅਰਥ:- ਕੁਬੁਧਿ–ਖੋਟੀ ਬੁਧੀ, evil intellect। **ਚਵਾਵੇ–**chewed। **ਠਾਇ–**place।

ਪ੍ਰਸ਼ਨ ੬੬ – ਉਹ ਕਿਹੜਾ ਅਸਥਾਨ ਹੈ, ਜਿਥੇ ਖੋਟੀ ਬੁੱਧੀ (ਕਬੁਧਿ) ਨੂੰ ਉਠਾਵੇ (ਚਵਾਵੈ) ਭਾਵ ਦੂਰ ਕਰੇ?

Question No. 66: Which is the place, where the wicked intellect is lifted (destroyed or chewed)?

ਕਿਉ ਤਤੁ ਨ ਬੂਝੈ ; ਚੋਟਾ ਖਾਇ ॥

ਪਦ ਅਰਥ:- ਬੂਝੈ–ਬੁੱਝਣਾ, ਜਾਨਣਾ, to know, realise, understand। **ਚੋਟਾ–**whip। **ਖਾਇ–**bear।

ਪ੍ਰਸ਼ਨ ੬੭ – ਤਤ ਪ੍ਰਮੇਸ਼ਰ ਨੂੰ ਕਿਉ ਨਹੀਂ ਬੁੱਝਦਾ ਇਸ ਕਰਕੇ ਜਮ ਦੀਆਂ ਚੋਟਾਂ ਖਾਦਾ ਹੈ?

Question No. 67: Why this jeev do not realise the prime (Almighty) and bears the whips from angel of death (Jam-doodth)?

ਜਮ ਦਰਿ ਬਾਧੇ ; ਕੋਇ ਨ ਰਾਖੈ ॥

ਪਦ ਅਰਥ:- ਦਰਿ–ਦੁਆਰੇ, door। **ਬਾਧੇ–ਬੰਨ੍ਹੇ,** tied। **ਰਾਖੈ–ਰੱਖਦਾ, ਰੱਖਿਆ,** protect।

ਪ੍ਰਸ਼ਨ ੬੮ – ਜਮ ਦੁਆਰੇ ਬੱਧੇ ਹੋਏ ਜੀਵ ਦੀ ਕੋਈ ਰੱਖਿਆ ਨਹੀਂ ਕਰਦਾ, ਉਸ ਦੀ ਰੱਖਿਆ ਕਿਵੇਂ ਹੋਵੇ?

Question No. 68: Who is able to protect this jeev when he is tied at the door of Yama (death angel) where no one can ever rescue the jeev (being or mortal)?

ਬਿਨੁ ਸਬਦੈ ; ਨਾਹੀ ਪਤਿ ਸਾਖੈ ॥

ਪਦ ਅਰਥ:- ਪਤਿ–ਇੱਜਤ, dignity। **ਸਾਖੈ–ਸੋਭਾ,** honour।

ਪ੍ਰਸ਼ਨ ੬੯ – ਗੁਰ ਉਪਦੇਸ ਤੋਂ ਬਿਨਾਂ (ਬਿਨੁ ਸਬਦੈ) ਇੱਜ਼ਤ (ਪਤਿ) ਇਸ ਲੋਕ ਵਿੱਚ ਅਤੇ ਪ੍ਰਲੋਕ ਵਿੱਚ ਸੋਭਾ ਇੱਜਤ ਨਹੀਂ ਹੈ। ਫਿਰ ਲੋਕ ਅਤੇ ਪ੍ਰਲੋਕ ਵਿੱਚ ਕਿਸ ਤਰ੍ਹਾਂ ਪੱਤ ਆਬਰੋ ਹੋਵੇ?

Question No. 69: How can one receive honour in this world and in the next world (after death) where no one stands to support as witness, as one can never have honour without Guru's sermons, so can one have honour?

ਕਿਉ ਕਰਿ ਬੂਝੈ ; ਪਾਵੈ ਪਾਰੁ ॥

ਨਾਨਕ ; ਮਨਮੁਖਿ ਨ ਬੁਝੈ ਗਵਾਰੁ ॥੫੫॥

ਪਦ ਅਰਥ:- ਕਿਉ–ਕਿਵੇਂ, how। **ਕਰਿ–ਕਰਕੇ। ਬੂਝੈ–ਬੁੱਝੇ, ਜਾਣੇ,** understand। **ਪਾਰੁ–ਸੰਸਾਰ ਸਮੁੰਦਰ ਤੋਂ ਪਾਰ,** across। **ਮਨਮੁਖਿ–ਜੋ ਮਨ ਦੇ ਪਿਛੇ ਤੁਰਦਾ ਹੈ,** self-willed। **ਗਵਾਰੁ–ਪਾਗਲ, ਮੂਰਖ,** fool।

ਪ੍ਰਸ਼ਨ ੭੦ – ਸਿਧ ਕਹਿੰਦੇ ਹਨ, ਹੇ ਨਾਨਕ ਜੀ! ਮੂਰਖੁ ਮਨਮੁਖਤਾ ਕਰਕੇ ਜੋ ਹਰੀ ਨੂੰ ਨਹੀਂ ਸਮਝਦਾ ਹੈ, ਕਿਸ ਪ੍ਰਕਾਰ ਪ੍ਰਮੇਸ਼ਰ ਨੂੰ ਬੁੱਝੇ ਜਿਸ ਨਾਲ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੇ?॥੫੫॥

Question No. 70: Sidha's said 'Dear Nanak Ji, how would an ignorant self-willed (Manmukh) person who do not understand Almighty be able to realise Almighty and ferry across this materialistic worldly ocean?

ਕੁਬੁਧਿ ਮਿਟੈ ; ਗੁਰ ਸਬਦੁ ਬੀਚਾਰਿ ॥

ਪਦ ਅਰਥ:- ਕੁਬੁਧਿ–ਭੈੜੀ ਮੱਤ, evil intellect। **ਮਿਟੈ–**vanished।

ਉੱਤਰ ੬੬ – ਗੁਰ ਸਬਦ ਦੇ ਵਿਚਾਰ ਕਰਕੇ ਕੁਬੁਧਿ ਮਿਟ ਜਾਂਦੀ ਹੈ।

Answer No. 66: The wicked intellect is lifted (destroyed) at the Guru's place by contemplating Guru's hymn (shabad).

ਸਤਿਗੁਰੁ ਭੇਟੈ ਮੋਖ ਦੁਆਰ ॥

ਪਦ ਅਰਥ:- ਭੇਟੈ–ਮਿਲੇ, meet, unite। **ਮੋਖ ਦੁਆਰ–ਮੁਕਤੀ ਦਾ ਦੁਆਰ ਭਾਵ ਗਿਆਨ,** door liberation which means knowledge।

ਉੱਤਰ ੬੭ – ਜਦ ਸਤਗੁਰਾਂ ਨਾਲ ਮਿਲੇ (ਭੇਟੈ) ਤਦ ਮੁਕਤੀ ਦਾ ਦੁਆਰ (ਮੋਖ ਦੁਆਰ) ਭਾਵ ਗਿਆਨ ਨੂੰ ਪਾਉਂਦਾ ਹੈ, ਭਾਵ ਤਦ ਤਤ ਨੂੰ ਜਾਣ ਲੈਂਦਾ ਹੈ। ਫਿਰ ਚੋਟਾਂ ਨਹੀਂ ਖਾਂਦਾ, ਭਾਵ ਦੁਖ ਨਹੀਂ ਪਾਉਦਾ ਹੈ।

Answer No. 67: Upon meeting the True Guru, one attains divine knowledge means that one understands the prime (Almighty) and then one will never bear the angel of death's whipping therefore one shall never bear pains.

ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥

ਪਦ ਅਰਥ:- ਤਤੁ–ਮੂਲ, prime। **ਚੀਨੈ–ਪਹਿਚਾਣਦੇ, ਜਾਣਦੇ,** recognise। **ਜਲਿ–ਸੜ,** burn।

ਉੱਤਰ ੬੮ – ਤੱਤ ਨੂੰ ਨਹੀਂ ਜਾਣਦਾ, ਇਸ ਕਰਕੇ ਮਨਮੁਖ ਜਲ ਜਾਂਦਾ ਹੈ, ਭਾਵ ਦੁਖੀ ਹੁੰਦਾ ਹੈ।

Answer No. 68: The jeev bears pains while being tied at the door of death angels because he is ignorant from the Prime (Almighty) therefore only the realisation of Almighty is the saviour.

ਦੁਰਮਤਿ ਵਿਛੁੜਿ ; ਚੋਟਾ ਖਾਇ ॥

ਪਦ ਅਰਥ:- ਦੁਰਮਤਿ-ਖੋਟੀ ਮੱਤ, evil wit। **ਖਾਇ-ਖਾਂਦਾ,** bear।

ਉੱਤਰ ੬੯ – ਖੋਟੀ ਮੱਤ ਕਰਕੇ ਵਿਛੜਿਆ ਹੋਇਆ ਜਮ ਦੀਆਂ ਚੋਟਾਂ ਖਾਂਦਾ ਹੈ।

Answer No. 69: The evil wit (Durmat- the advice that saperates jeev and Almighty) is the main cause of the separation with Almighty therefore one have to bear angel of death's whipping. Continue in the next line.

ਮਾਨੈ ਹੁਕਮੁ ਸਭੇ ਗੁਣ ਗਿਆਨ ॥

ਪਦ ਅਰਥ:- ਮਾਨੇ-ਮੰਨੇ, obey। **ਗਿਆਨ-ਜਾਣਕਾਰੀ,** knowledge।

ਜਦ ਕਰਤਾ ਪੁਰਖ ਦਾ ਹੁਕਮ ਮੰਨੇ ਤਦ ਸਭ ਪ੍ਰਕਾਰ ਦੇ ਗੁਣ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

One receives honour in both worlds by obeying Almighty's command which then all the virtues and knowledge is obtained.

ਨਾਨਕ ਦਰਗਹ ਪਾਵੈ ਮਾਨੁ ॥੫੬॥

ਪਦ ਅਰਥ:- ਦਰਗਹ-ਪ੍ਰਮਾਤਮਾ ਦੀ ਦਰਗਾਹ, Almighty's court। **ਮਾਨੁ-ਇੱਜਤ,** honour।

ਉੱਤਰ ੭੦ – ਜਦ ਗਿਆਨ ਦੀ ਪ੍ਰਾਪਤੀ ਹੋ ਗਈ, ਗੁਰੂ ਜੀ ਕਹਿੰਦੇ ਹਨ, ਤਦ ਉਹ ਪ੍ਰਭੂ ਦੀ ਦਰਗਾਹ ਵਿੱਚ ਪਤਿਸਟਾ (ਮਾਨੁ) ਪਾਉਂਦਾ ਹੈ, ਭਾਵ ਜਮ ਤੋਂ ਰੱਖਿਆ ਹੁੰਦੀ ਹੈ॥੫੬॥

Answer No. 70: Guru Ji says that when the divine knowledge is obtained only then one receives honour in the Almighty's court (the ignorance which causes one to become Manmukh disappears) and protection is obtained from the death angels whereby one becomes free from reincarnation.

ਸਾਚੁ ਵਖਰੁ ; ਧਨੁ ਪਲੈ ਹੋਇ ॥
ਆਪਿ ਤਰੈ ; ਤਾਰੇ ਭੀ ਸੋਇ ॥

ਪਦ ਅਰਥ:- ਵਖਰੁ-ਸੌਦਾ, trade material। **ਪਲੈ-ਲੜ, ਕੋਲ,** hem means in possession। **ਆਪਿ ਤਰੈ-ਆਪ ਤਰਦਾ ਹੈ। ਤਾਰੇ ਭੀ-ਹੋਰਨਾਂ ਨੂੰ ਵੀ ਤਾਰਦੇ ਹਨ। ਸੋਇ-ਉਹ।**

ਸੱਚੇ ਨਾਮ ਦਾ ਸੌਦਾ ਅਤੇ ਸਰਧਾ ਰੂਪ ਧਨ ਜਿਸ ਦੇ ਲੜ (ਪਲੈ), ਭਾਵ ਅੰਤਹਕਰਨ ਵਿੱਚ ਹੋਵੈ, ਉਹ ਆਪ ਤਾਂ ਤਰੇ ਹੀ ਹਨ ਪਰੰਤੂ ਜਗਿਆਸੂ ਵੀ ਤਾਰਦੇ ਹਨ।

One who has trade material form of Almighty's true name and wealth form of faith attached (engrossed in Antahkaran); such person acrosses the materialistic worldly ocean and ferries others as well.

Guru Ji explains that one should have Almighty's Name and faith within mind, intellect, memory and self-existence (these four makes Antahkaran) only then he is able to help others.

ਸਹਜਿ ਰਤਾ ; ਬੂਝੈ ਪਤਿ ਹੋਇ ॥

ਤਾ ਕੀ ਕੀਮਤਿ ; ਕਰੈ ਨ ਕੋਇ ॥

ਪਦ ਅਰਥ:- ਸਹਿਜ-ਪ੍ਰਮੇਸ਼ਰ, Almighty। **ਰਤਾ-ਰੰਗਿਆ,** immersed। **ਪਤਿ-ਇੱਜਤ,** honour। **ਕੀਮਤਿ-ਮਹਿਮਾ,** praise। **ਕਰੈ ਨ-ਨਹੀ ਕਰ ਸਕਦਾ। ਕੋਇ-ਕੋਈ ਵੀ।**

ਜੋ ਗੁਰ ਸਬਦ ਨੂੰ ਸਮਝਦਾ ਹੈ ਅਤੇ ਪ੍ਰਮੇਸ਼ਰ (ਸਹਜਿ) ਵਿੱਚ ਰੱਤਾ ਹੈ, ਉਸ ਦੀ ਲੋਕ ਪ੍ਰਲੋਕ ਵਿੱਚ ਇੱਜ਼ਤ (ਪਤਿ) ਹੁੰਦੀ ਹੈ। ਉਸ ਦੀ ਉਪਮਾਂ ਕੋਈ ਨਹੀਂ ਕਰ ਸਕਦਾ, ਭਾਵ ਉਸ ਦੀ ਮਹਿਮਾਂ ਬਿਅੰਤ ਹੈ।

The one who understands the Guru's hymn and immersed in the creator (Brahm-Almighty), he is respected in this and next world.

Such fortunate person's worth is beyond anyone's evaluation means that his praise is countless.

ਜਹ ਦੇਖਾ ; ਤਹ ਰਹਿਆ ਸਮਾਇ ॥

ਨਾਨਕ , ਪਾਰਿ ਪਰੈ ; ਸਚ ਭਾਇ ॥੫੭॥

ਪਦ ਅਰਥ:- ਜਹ-ਜਿੱਥੇ, wherever। **ਤਹ-ਉਥੇ ਹੀ,** there। **ਸਮਾਇ-ਸਮਾਇਆ,** immersed। **ਪਰੈ-ਹੋਇਆ। ਸਚ ਭਾਇ-ਨਿਸਚੇ ਹੀ, ਸੱਚ ਦੇ ਭਾਵ।**

ਜਿਥੇ ਵੀ ਦੇਖੇ ਉਥੇ ਹੀ ਜਿਸ ਨੇ ਵਾਹਿਗੁਰੂ ਸਮਾ ਰਹਿਆ ਜਾਣਿਆ ਹੈ, ਗੁਰੂ ਜੀ ਕਹਿੰਦੇ ਹਨ ਨਿਸਚੇ ਕਰਕੇ (ਸਚ ਭਾਇ) ਉਹ ਸੰਸਾਰ ਤੋਂ ਪਾਰ ਹੋਇਆ ਹੈ॥੫੭॥

The one who sees immersed Almighty within the entire visible creation, Guru Ji says that such person has definitely crossed the materialistic worldly ocean.

ਸੁ ਸਬਦ ਕਾ ਕਹਾ ਵਾਸੁ ਕਥੀਅਲੇ ; ਜਿਤੁ ਤਰੀਐ ਭਵਜਲੁ ਸੰਸਾਰੋ ॥

ਪਦ ਅਰਥ:- ਸੁ-ਉਸ, the। **ਕਹਾ-ਕਿਥੇ,** where। **ਵਾਸੁ-ਵਾਸਾ,** residence। **ਕਥੀਅਲੇ-ਕਹੀਏ,** said to be। **ਜਿਤੁ-ਜਿਸ।**

ਪ੍ਰਸ਼ਨ ੭੧ – ਉਸ ਵਾਹਿਗੁਰੂ (ਸਬਦ) ਦਾ ਨਿਵਾਸ ਕਿਥੇ ਕਹੀਦਾ ਹੈ?

ਪ੍ਰਸ਼ਨ ੭੨ – ਜਿਸ ਕਰਕੇ ਸੰਸਾਰ ਸਮੁੰਦਰ ਤੋਂ ਤਰ ਜਾਈਏ, ਉਹ ਉਪਦੇਸ ਕਿਹੜਾ ਹੈ?

Question No. 71: Where is to be said the residence of Almighty?

Question No. 72: What are the sermons by which this worldly ocean can be crossed.

ਤ੍ਰੈ ਸਤ ਅੰਗੁਲ ਵਾਈ ਕਹੀਐ ; ਤਿਸੁ ਕਹੁ ਕਵਨੁ ਅਧਾਰੋ ॥

ਪਦ ਅਰਥ:- ਤ੍ਰੈ-ਤਿੰਨ, three। **ਸਤ-ਸੱਤ,** seven। **ਅੰਗੁਲ-ਉਂਗਲ,** fingers। **ਵਾਈ-ਪ੍ਰਾਣ,** air, breath। **ਕਹੁ-ਕਹੀਦਾ,** said। **ਕਵਨੁ-ਕਿਹੜਾ, ਕੌਣ,** who। **ਅਧਾਰੋ-ਅਧਾਰ, ਆਸਰਾ,** support।

ਪ੍ਰਸ਼ਨ ੭੩ – ਤਿੰਨ ਅਤੇ ਸੱਤ (ਤ੍ਰੈ ਸਤ) ਭਾਵ ਦਸ ਉਂਗਲਾਂ ਦੀ ਵਿਥ ਜੋ ਪ੍ਰਾਣ ਪੌਣ ਨਾਸਾਂ ਵਿੱਚੋਂ ਬਾਹਰ ਜਾਂਦਾ ਕਹੀਦਾ ਹੈ, ਉਹਨਾਂ ਪ੍ਰਾਣਾਂ ਦਾ ਅਧਾਰ ਕੌਣ ਹੈ?

Question No. 73: The exhale breath length is known to be ten (10) fingers from the nostrils (upon the blow from the nose), who is the support for the breath (or the life forces within the body during breath absence) which leaves the body until the breath is inhale again from the nose?

ਬੋਲੈ ਖੇਲੈ ਅਸਥਿਰੁ ਹੋਵੈ ; ਕਿਉ ਕਰਿ ਅਲਖੁ ਲਖਾਏ ॥

ਪਦ ਅਰਥ:- ਅਸਥਿਰੁ-ਇਸਥਿਤ, stop, steadfast। **ਕਿਉ ਕਰਿ-ਕਿਵੇਂ ਕਰਕੇ,** how। **ਅਲਖ-ਅਲਖ ਰੂਪ ਪ੍ਰਮਾਤਮਾ। ਲਖਾਏ-ਜਾਣਵੇ।**

ਪ੍ਰਸ਼ਨ ੭੪ – ਅਨੇਕ ਸੰਕਲਪ (ਬੋਲੈ) ਅਤੇ ਖੇਲਦਾ (ਖੇਲੈ) ਭਾਵ ਮਨੋਰੰਜਨ ਕਰਦਾ ਹੋਇਆ ਜੋ ਮਨ ਚੰਚਲ ਹੈ, ਉਹ ਕਿਵੇਂ ਇਸਥਿਤ ਹੋਵੈ?

ਪ੍ਰਸ਼ਨ ੭੫ – ਕਿਵੇਂ ਅਲਖ ਰੂਪ ਪ੍ਰਮਾਤਮਾ ਅਪਨਾ ਆਪ ਜੀਵ ਨੂੰ ਜਣਾਵੇ?

Question No. 74: How would the mind which creates various thoughts, completing self-wishes and non-stop roaming around will ever stop wandering and remain focussed?

Question No. 75: How would the non-comprehensible Almighty, make himself to be known by this jeev (being)?

ਸੁਣਿ ਸੁਆਮੀ ਸਚੁ ਨਾਨਕੁ ; ਪ੍ਰਣਵੈ ਅਪਣੇ ਮਨ ਸਮਝਾਏ ॥

ਪਦ ਅਰਥ:- ਸੁਣਿ-ਸੁਣੋ, listen। **ਸਚੁ-ਸੱਚਾ ਪ੍ਰਮੇਸ਼ਰ,** True Almighty। **ਪ੍ਰਣਵੈ-ਕਹਿੰਦਾ ਹਾਂ,** say।

ਉੱਤਰ ੭੪ – ਗੁਰੂ ਜੀ ਕਹਿੰਦੇ ਹਨ, ਹੇ ਸਵਾਮੀ ਤੁਸੀਂ ਸੁਣੋ। ਆਪਣੇ ਮਨ ਨੂੰ ਸਮਝਾਵੋ, ਕਿ ਸੰਸਾਰ ਮਿਥਿਆ ਹੈ ਅਤੇ ਪ੍ਰਮੇਸ਼ਰ ਸਤਿ ਹੈ। ਮਨ ਜੋ ਚੰਚਲ ਹੈ, ਉਹ ਇਹੁ ਵਿਚਾਰ ਕਰਨ ਨਾਲ ਇਸਥਿਤ ਹੋ ਜਾਂਦਾ ਹੈ।

ਅੱਗੇ ਦੋ ਤੁਕਾਂ ਵਿੱਚ ਸਿਧਾਂਤ ਹੈ:-

Answer No. 74: Guru Ji says that one should make the mind to understand that the world is fake and Almighty is the truth upon contemplating this fact the ever wandering mind will come to a standstill state. Guru Ji further explains the principal fact in the following two lines;

ਗੁਰਮੁਖਿ ਸਬਦੇ ਸਚਿ ਲਿਵ ਲਾਗੈ ; ਕਰਿ ਨਦਰੀ ਮੇਲਿ ਮਿਲਾਏ ॥

ਪਦ ਅਰਥ:- ਲਿਵ-ਬਿਰਤੀ, concentration। **ਲਾਗੈ-ਮਿਲਾਵੇ, ਲੱਗੇ। ਨਦਰਿ-ਮਿਹਰ, ਕ੍ਰਿਪਾ,** blessing। **ਮੇਲਿ-ਮੇਲ ਵਿੱਚ,** union। **ਮਿਲਾਏ-ਮਿਲਾ ਲਵੇ,** to unite।

ਜੇ ਵਾਹਿਗੁਰੂ ਕ੍ਰਿਪਾ ਕਰਕੇ ਆਪਣੇ ਸਤਸੰਗ (ਮੇਲਿ) ਵਿੱਚ ਮਿਲਾਵੇ ਤਾਂ ਗੁਰਾਂ ਦੁਆਰੇ ਇਸ ਨਿਸਚੇ ਕਰਕੇ ਸੱਚ ਵਿੱਚ ਬਿਰਤੀ (ਲਿਵ) ਲਗਦੀ ਹੈ।

The ones who are blessed by Almighty are gathered in congregation of truth in which through a Guru the faith is developed in Almighty thereafter the mind is focussed on the greatest (Almighty).

ਆਪੇ ਦਾਨਾ ਆਪੇ ਬੀਨਾ ; ਪੂਰੈ ਭਾਗਿ ਸਮਾਏ ॥੫੮॥

ਪਦ ਅਰਥ:- ਦਾਨਾ-ਦਿਲ ਦੀਆ ਜਾਨਣ ਵਾਲਾ, ਅਮਤਰਜਾਮੀ, the knower of heart। **ਬੀਨਾ-ਦੇਖਣਵਾਲਾ, ਪਛਾਨਣ ਵਾਲਾ,** the observer। **ਭਾਗਿ-ਕਰਮ, ਕਿਸਮਤ,** fate, destine।

ਆਪ ਹੀ ਵਾਹਿਗੁਰੂ ਦਾਨਾ ਹੈ ਭਾਵ ਅੰਦਰ ਦੀ ਜਾਨਣ ਵਾਲਾ ਹੈ ਅਤੇ ਆਪ ਹੀ ਵਾਹਿਗੁਰੂ ਦੇਖਣਹਾਰਾ (ਬੀਨਾ) ਹੈ। ਉਸ ਵਾਹਿਗੁਰੂ ਵਿੱਚ ਪੂਰੇ ਭਾਗਾਂ ਕਰਕੇ ਜੀਵ ਸਮਾਉਂਦਾ ਹੈ। ਇਸ ਪ੍ਰਕਾਰ ਬੋਲਦਾ ਖੇਲਦਾ ਮਨ ਅਸਥਿਰ ਹੁੰਦਾ ਹੈ॥੫੮॥

Almighty is the knower of hearts (Dana – the knower of all thoughts within) and he also oversees all that one does (Bina), only with complete destiny (Bhag) jeev (being) immerses in Almighty, in this manner the ever flickering and wandering mind becomes standstill and focussed.

ਸੁ ਸਬਦ ਕਉ ਨਿਰੰਤਰਿ ਵਾਸੁ ; ਅਲਖੰ , ਜਹ ਦੇਖਾ ਤਹ ਸੋਈ ॥

ਪਦ ਅਰਥ:- ਨਿਰੰਤਰਿ-ਇਕ ਰਸ, in a consistent state। **ਵਾਸੁ-ਵਾਸਾ,** existence। **ਅਲਖੰ-ਅਲਖ। ਜਹ-ਜਿਥੇ। ਤਹ-ਉਥੇ ਹੀ। ਸੋਈ-ਉਹ ਪ੍ਰਮੇਸ਼ਰ।**

ਉੱਤਰ ੭੧ – ਵਾਹਿਗੁਰੂ ਜੋ ਅਲਖੁ ਹੈ, ਉਸ ਦਾ ਵਾਸ ਜਿਥੇ ਦੇਖੀਦਾ ਹੈ, ਉਥੇ ਹੀ ਉਹ ਹੈ, ਭਾਵ ਸਰਬ ਪੂਰਨ ਹੈ।

Answer No. 71: The existence of Almighty who is beyond comprehension is within all that one can see means that Almighty is in his complete existence within the entire creation.

ਪਵਨ ਕਾ ਵਾਸਾ ਸੁੰਨ ਨਿਵਾਸਾ ; ਅਕਲ ਕਲਾ ਧਰ ਸੋਈ ॥

ਪਦ ਅਰਥ:- ਪਵਨ-ਪ੍ਰਾਣ, breath, life force। **ਸੁੰਨ-ਅਫੁਰ,** thoughtless । **ਅਕਲ-ਕਲਪਣਾ ਰਹਿਤ, ਕਲੇਸ਼ਾ,** beyond illusion, free from distress। **ਧਰ-ਧਾਰ,** embrace।

ਪਵਨ ਦਾ ਵਾਸਾ ਉਸ ਅਫੁਰ (ਸੁੰਨ) ਪ੍ਰਮਾਤਮਾ ਵਿੱਚ ਹੀ ਨਿਵਾਸੁ ਹੈ। ਉਹੁ ਸੁੰਨ ਕਿਹੋ ਜਿਹਾ ਹੈ, ਆਪ ਕਲਪਨਾ ਅਤੇ ਕਲੇਸਾਂ ਤੋਂ ਰਹਿਤ (ਅਕਲ) ਹੈ ਅਤੇ ਸਾਰਿਆਂ ਵਿੱਚ ਉਹ ਹੀ ਸ਼ਕਤੀ ਰੂਪ ਨੂੰ ਧਾਰ ਰਹਿਆ ਹੈ, ਭਾਵ ਉਹ ਹੀ ਸਾਰਿਆਂ ਦਾ ਆਤਮਾ ਰੂਪ ਹੈ ਜਿਸ ਕਰਕੇ ਸਰੀਰ ਚਲ ਰਿਹਾ ਹੈ।

The ultimate life (Pavan-life) is residing within the thoughtless (Afur) Almighty, the Almighty is without imagination and distress (kalesh) therefore Almighty has empowered all the creation means that with the animated power (Chetan) of Almighty (Atma) all the life forces comes into action.

ਨਦਰਿ ਕਰੇ , ਸਬਦੁ ਘਟ ਮਹਿ ਵਸੈ ; ਵਿਚਹੁ ਭਰਮੁ ਗਵਾਏ ॥

ਪਦ ਅਰਥ:- ਨਦਰਿ-ਕ੍ਰਿਪਾ, । **ਸਬਦੁ-ਉਪਦੇਸ,** sermons। **ਘਟ-ਸਾਰੇ ਥਾਂਵਾਂ ਵਿਚ, ਸਾਰੇ ਦਿਲਾਂ ਵਿਚ,** within all hearts । **ਭਰਮੁ-ਭੁਲੇਖਾ,** illusion। **ਗਵਾਏ-ਗਵਾਉਂਦਾ ਹੈ,** sing।

ਜੇ ਗੁਰੁ ਕ੍ਰਿਪਾ ਕਰੇ ਤਾਂ ਗੁਰ ਉਪਦੇਸੁ ਮਨ ਵਿੱਚ ਵਸਦਾ ਹੈ, ਤਾਂ ਹੀ ਮਨ ਵਿੱਚੋਂ ਭਰਮ ਗਵਾ ਦਿੰਦਾ ਹੈ।

Guru's sermons reside within the mind only when Guru becomes merciful and only then the illusions that are created by the mind (bharam) are vanished.

ਤਨੁ ਮਨੁ ਨਿਰਮਲੁ , ਨਿਰਮਲ ਬਾਣੀ ; ਨਾਮੋੁ ਮੰਨਿ ਵਸਾਏ ॥

ਪਦ ਅਰਥ:- ਤਨੁ-ਸਰੀਰ, body। **ਨਿਰਮਲੁ-ਪਵਿੱਤਰ,** pure। **ਬਾਣੀ-ਬੋਲ ਬਾਣੀ,** speech।

ਜਦ ਇਹ ਜੀਵ ਮਨ ਵਿੱਚ ਨਾਮ ਵਸਾਵੇ ਤਦ ਤਨ ਮਨ ਨਿਰਮਲ ਹੁੰਦਾ ਹੈ ਅਤੇ ਉਸ ਦੀ ਬੋਲ ਬਾਣੀ ਵੀ ਨਿਰਮਲ ਹੁੰਦੀ ਹੈ।

When this jeev holds Almighty's Name within the mind then the body (serir), speech (bani) and mind (man) becomes pure.

ਸਬਦਿ ਗੁਰੂ ਭਵਸਾਗਰੁ ਤਰੀਐ ; ਇਤ ਉਤ ਏਕੋ ਜਾਣੈ ॥

ਪਦ ਅਰਥ:- ਭਵਸਾਗਰੁ-ਸੰਸਾਰ ਸਮੁੰਦਰ, worldly ocean। **ਇਤ ਉਤ-ਇਥੇ ਉਥੇ, ਲੋਕ ਪ੍ਰਲੋਕ,** this world and the next world। **ਏਕੋ-ਇਕ ਪ੍ਰਮਾਤਮਾ,** one Almighty। **ਜਾਣੈ-ਜਾਣਦਾ ਹੈ,** acknowledge।

ਉੱਤਰ ੭੨ – ਗੁਰਾਂ ਦੇ ਉਪਦੇਸ ਦੁਆਰਾ ਭਵਸਾਗਰ ਤੋਂ ਤਰ ਜਾਈਦਾ ਹੈ ਅਤੇ ਲੋਕ ਪ੍ਰਲੋਕ (ਇਤ ਉਤ) ਵਿੱਚ ਇੱਕ ਪ੍ਰਮਾਤਮਾਂ ਨੂੰ ਜਾਣਦਾ ਹੈ।

Answer No. 72: The worldly ocean can be crossed with Guru's sermons (instructions) that proves the Almighty presence here (in this world) and after (in the next world).

ਚਿਹਨੁ ਵਰਨੁ ਨਹੀ ਛਾਇਆ ਮਾਇਆ ; ਨਾਨਕ ਸਬਦੁ ਪਛਾਣੈ ॥੫੯॥

ਪਦ ਅਰਥ:– ਚਿਹਨੁ–ਚਿੰਨ੍ਹ, mark, । **ਵਰਨੁ–ਰੰਗ,** colour। **ਛਾਇਆ–ਅਵਿੱਦਿਆ,** shadow means ignorance।

ਉੱਤਰ ੭੫ – ਜਿਸ ਦਾ ਕੋਈ ਚਿੰਨ੍ਹ ਅਤੇ ਕੋਈ ਵਰਣ ਨਹੀਂ ਹੈ, ਅਵਿੱਦਆ (ਛਾਇਆ) ਅਤੇ ਮਾਇਆ ਦੋਨੇ ਜਿਸ ਵਿੱਚ ਨਹੀਂ ਹਨ, ਗੁਰੂ ਜੀ ਕਹਿੰਦੇ ਹਨ, ਉਸ ਅਲਖ ਪ੍ਰਭੂ ਨੂੰ ਗੁਰ ਸਬਦ ਕਰਕੇ ਪੁਰਸ਼ ਪਛਾਣਦਾ ਹੈ, ਭਾਵ ਪ੍ਰਮੇਸ਼ਰ ਗੁਰ ਸਬਦੁ ਦੁਆਰਾ ਆਪਣੇ ਆਪ ਨੂੰ ਜਣਾਉਂਦਾ ਹੈ॥੫੯॥

ਤਦ ਸਿਧਾਂ ਨੇ ਕਿਹਾ ਅਸੀ ਤਾਂ ਪਵਨ ਦਾ ਅਹਾਰ ਦੁਆਰਾ ਅਹਾਰੁ ਪੁੱਛਿਆ ਸੀ। ਆਪ ਨੇ ਕਿਹਾ ਕਿ ਸੁੰਨ ਪਵਨ ਦਾ ਅਧਾਰ ਹੈ ਤਾਂ ਤੇ ਹੁਣ ਇਹ ਉੱਤਰ ਦੇਵੋ ਪਵਨ ਦਾ ਅਹਾਰ ਕੌਣ ਹੈ। ਇਸ ਤੇ ਗੁਰੂ ਜੀ ਕਹਿੰਦੇ ਹਨ:–

Answer No. 75: Almighty who has no sign and belonging to a particular sect, He is free from ignorance and mammon (maya), Guru Ji says that such non-comprehensible Almighty is recognised by Guru's hymn means that Almighty allows himself to be known through Guru's hymn.

Then the Sidhas said we consume air in subsituition of food, you (Guru Nanak Dev Ji) told earlier that Almighty is the support of air therefore tell us what do the air consume, Guru Ji answers;

ਤ੍ਰੈ ਸਤ ਅੰਗੁਲ ਵਾਈ ; ਅਉਧੂ ਸੁੰਨ ਸਚੁ ਆਹਾਰੋ ॥

ਪਦ ਅਰਥ:– ਤ੍ਰੈ–ਤਿੰਨ, three। **ਸਤ–ਸੱਤ,** seven। **ਅੰਗੁਲ–ਉਂਗਲਾਂ,** fingers। **ਵਾਈ–ਪ੍ਰਾਣ,** air, breath। **ਅਉਧੂ–ਹੇ ਅਵਧੂਤ, ਹੇ ਗੋਰਖ। ਸੁੰਨ–ਅਪੁਰ,** thoughtless state। **ਆਹਾਰੋ–ਆਹਾਰ, ਭੋਜਨ, ਖੁਰਾਕ,** food।

ਉੱਤਰ ੭੩ – ਹੇ ਅਵਧੂਤ! ਦਸ ਉਂਗਲਾਂ ਜੋ ਪਵਨ ਨਾਸਾਂ ਦੇ ਬਾਹਰ ਆਉਂਦਾ ਹੈ, ਉਸ ਦਾ ਸੱਚਾ ਪ੍ਰਮੇਸ਼ਰ ਹੀ ਅਹਾਰ ਭੋਜਨ ਹੈ, ਭਾਵ ਉਸ ਪਵਨ ਦਾ ਵੀ ਚੇਤਨ ਪ੍ਰਮਾਤਮਾ ਹੀ ਅਧਾਰ ਹੈ।

Answer No. 73: Dear Ascetic (Avdut- beyond wordly attachments), the ten fingers exhale breath length, the true offering by reciting Almighty's Name is the consumption and support which means that with animation's (Chetan) power the air is able to move.

ਗੁਰਮੁਖਿ ਬੋਲੈ ਤਤੁ ਬਿਰੋਲੈ ; ਚੀਨੈ ਅਲਖ ਅਪਾਰੋ ॥

ਪਦ ਅਰਥ:– ਬਿਰੋਲੈ–ਰੋਲ ਲੈਦਾ ਹੈ, churn। **ਚੀਨੈ–ਸਮਝੇ,** understand।

ਗੁਰਾਂ ਦੁਆਰੇ ਜੇ ਨਾਮੁ ਜਪੇ ਤਾਂ ਤੱਤ ਨੂੰ ਵਿਸ਼ੇਸ਼ ਕਰਕੇ ਕਢ (ਰੋਲ) ਲੈਦਾ ਹੈ, ਸਿਧਾਂਤ ਰੂਪ ਵਸਤੂ ਦਾ ਵਿਚਾਰ ਕਰਦਾ ਹੈ, ਭਾਵ ਮਿਥਿਆ ਪਦਾਰਥਾਂ ਦੀ ਵਾਸਨਾਂ ਨੂੰ ਹਟਾ ਕੇ ਅਲਖ ਅਪਾਰ ਰੂਪ ਜੋ ਬ੍ਰਹਮੁ ਹੈ ਉਸ ਨੂੰ ਪਹਿਚਾਣਦਾ ਹੈ।

Through Guru one who utters (recites) the Almighty's Name discovers the principal (Almighty) who is the life within all means that one who recites Almighty's Name removes the desires for false worldly materials and recognises the beyond comprehension (Alakh) and limitless (Apaar) Almighty.

ਤ੍ਰੈ ਗੁਣ ਮੇਟੈ ਸਬਦੁ ਵਸਾਏ ; ਤਾ ਮਨਿ ਚੂਕੈ ਅਹੰਕਾਰੋ ॥

ਪਦ ਅਰਥ:- ਤ੍ਰੈ ਗੁਣ-ਗੁਣਾਂ (ਸਤੋ, ਰਜੋ, ਤਮੋ), three characteristics of Maya। **ਚੂਕੈ-ਖਤਮ,** obliterates।

ਜਦ ਤਿੰਨ ਗੁਣਾਂ (ਸਤੋ, ਰਜੋ, ਤਮੋ) ਨੂੰ ਖਤਮ ਕਰਕੇ ਗੁਰ ਉਪਦੇਸ ਨੂੰ ਮਨ ਵਿੱਚ ਵਸਾਉਂਦਾ ਹੈ ਤਾਂ ਮਨ ਵਿੱਚੋਂ ਹੰਕਾਰ ਉਠ (ਚੂਕੈ) ਜਾਂਦਾ ਹੈ।

The one who obliterates (vanishes) the three characteristics of mammon (maya) known as Sato (calmness), Rajo (activeness) and Tamo (laziness), embraces Guru's sermon within the mind, have their self-created ego to eradicate naturally.

ਅੰਤਰਿ ਬਾਹਰਿ ਏਕੋ ਜਾਣੈ ; ਤਾ ਹਰਿ ਨਾਮਿ ਲਗੈ ਪਿਆਰੋ ॥

ਪਦ ਅਰਥ:- ਅੰਤਰਿ-ਅੰਦਰ, within। **ਏਕੋ-ਇਕ ਵਾਹਿਗੁਰੂ,** One (Almighty)। **ਜਾਣੈ-ਜਾਣਦਾ ਹੈ,** knows। **ਹਰਿ ਨਾਮਿ-ਹਰੀ ਦੇ ਨਾਮ ਵਿੱਚ,** Almighty's Name।

ਅੰਦਰ ਬਾਹਰ ਇਕ ਨੂੰ ਹੀ ਜਾਣਦਾ ਹੈ, ਤਾਂ ਫਿਰ ਹਰੀ ਨਾਮ ਵਿੱਚ ਪਿਆਰੁ ਲਾਗਦਾ ਹੈ।

Such person who recognises only Almighty's existence within and externally loves Almighty's Name alone.

ਸੁਖਮਨਾ ਇੜਾ ਪਿੰਗੁਲਾ ; ਬੂਝੈ ਜਾ ਆਪੇ ਅਲਖੁ ਲਖਾਏ ॥

ਪਦ ਅਰਥ:- ਸੁਖਮਨਾ-ਵਿਚਕਾਰਲੀ ਨਾੜੀ ਜਿਥੇ ਸਵਾਸ ਠਹਿਰਦੇ ਹਨ। ਇੜਾ-ਖੱਬੀ ਨਾਸ ਦੀ ਨਾੜੀ, left nostril nerve। **ਪਿੰਗੁਲਾ-ਸੱਜੀ ਨਾਸ ਦੀ ਨਾੜੀ,** right nostril nerve। **ਅਲਖੁ-ਪ੍ਰਮੇਸ਼ਰ। ਲਖਾਏ-ਲਖਾਵਦਾ, ਜਾਣਦਾ,** make other to know।

ਜਦ ਆਪ ਪ੍ਰਮੇਸ਼ਰ (ਅਲਖੁ) ਲਖਾਵੇ, ਭਾਵ ਜਣਾਵੇ ਤਦ ਰਜੋ ਸਤੋ ਤਮੋਂ (ਸੁਖਮਨਾ ਇੜਾ ਪਿੰਗੁਲਾ) ਤਿੰਨ ਗੁਣਾਂ ਨੂੰ ਬੁੱਝਦਾ ਹੈ, ਜਦੋਂ ਪ੍ਰਭੂ ਆਪ ਜਣਾਵੇ ਤਦ ਪ੍ਰਕਾਸ਼ ਚੇਤਨ ਪ੍ਰਮਾਤਮਾਂ ਨੂੰ ਜਾਣੀਦਾ ਹੈ।

ਦੂਜਾ ਅਰਥ:- ਜਦ ਪ੍ਰਤੱਖ ਤਿੰਨ ਸੁਰਾਂ ਦਆਰੇ ਪਵਨ ਨੂੰ ਚੜਾਉਣ (ਇੜਾ), ਠਹਿਰਾਉਣ (ਸੁਖਮਨਾ) ਤੇ ਉਤਾਰਨ (ਪਿੰਗੁਲਾ) ਦੇ ਪ੍ਰਕਾਰ ਨੂੰ ਸਮਝੇ ਤਦ ਅਲੱਖ ਆਪਣੇ ਆਪ ਨੂੰ ਲਖਾਵਦਾ ਹੈ।

When the unrevealed (Alakh) Almighty reveals Himself only then (Sukhmana, Ira & Pingula) Rajo, Sato and Tamo the three charcteristics are understood means that one reliases the truth that mammon (maya) is unanimated (Jarr) and acknowledges the life (Chetan-Almighty) which animates the entire universe.

Second Meaning: When one understands the method of controlling the breath movements with respect to the tenth door by uplifting (Ira), maintaining (Sukhmena) and descent (Pingula) then the unrevealed Almighty reveals himself.

Third Meaning: When one adopts untimate knowledge of Almighty (Brahmvidya-Sukhmna), meditation (Bhagti – Ira) and reality of deeds (Karam katha – Pingula) then the unrevealed Almighty reveals himself.

ਨਾਨਕ , ਤਿਹੁ ਤੇ ਊਪਰਿ ਸਾਚਾ ; ਸਤਿਗੁਰ ਸਬਦਿ ਸਮਾਏ ॥੬੦॥

ਪਦ ਅਰਥ:- ਤਿਹੁ-ਤਿੰਨਾਂ, ਤਿੰਨ ਗੁਣ, three। **ਊਪਰਿ-ਉੱਚਾ,** above, beyond। **ਸਾਚਾ-ਸੱਚਾ ਪ੍ਰਭੂ,** true। **ਸਬਦਿ-ਉਪਦੇਸ,** sermon। **ਸਮਾਏ-ਸਮਾਉਂਦਾ ਹੈ,** immerse।

ਗੁਰੂ ਜੀ ਕਹਿੰਦੇ ਹਨ, ਤਿੰਨ ਗੁਣਾਂ (ਤਿਹੁ) ਤੋਂ ਸੱਚਾ ਪ੍ਰਭੂ ਉੱਪਰ ਹੈ, ਪਰੰਤੂ ਇਹ ਸਚ ਨੂੰ ਓਹੀ ਜਾਣਦਾ ਹੈ ਜੋ ਗੁਰਾਂ ਦੇ ਉਪਦੇਸ ਵਿੱਚ ਸਮਾਵੇ॥੬੦॥ ਪ੍ਰਸ਼ਨ;

Guru Ji says that the True (Almighty) is above all the three characteristics but only those are aware who merges into the Guru's sermon. Questions by Sidhas;

ਮਨ ਕਾ ਜੀਉ ਪਵਨੁ ਕਥੀਅਲੇ ; ਪਵਨੁ ਕਹਾ ਰਸੁ ਖਾਈ ॥

ਪਦ ਅਰਥ:- ਜੀਉ-ਜੀਵਣ। ਕਥੀਅਲੇ-ਕਹੀਦੇ ਹਨ। ਕਹਾ-ਕਿਸ। ਰਸੁ-ਰਸ। ਖਾਈ-ਖਾਂਦਾ।

ਪ੍ਰਸ਼ਨ ੭੬ – ਮਨ ਦਾ ਆਸਰਾ ਪ੍ਰਾਣ ਕਹੀਦੇ ਹਨ, ਭਾਵ ਪ੍ਰਾਣਾਂ ਕਰਕੇ ਮਨ ਫੁਰਦਾ ਹੈ ਪਰੰਤੂ ਪੌਣ ਕਿਸ ਰਸ ਨੂੰ ਖਾਂਦਾ ਹੈ?

Question No. 76: The life of the mind is said to be the life-force (Pran) means that mind is energised by the life-force (Pran), however what dainty does life-forces (Pran) consume?

ਗਿਆਨ ਕੀ ਮੁਦ੍ਰਾ ਕਵਨ ਅਉਧੂ ; ਸਿਧ ਕੀ ਕਵਨ ਕਮਾਈ ॥

ਪਦ ਅਰਥ:- ਮੁਦ੍ਰਾ-ਮੁੰਦਰਾਂ, ਨਿਸਾਨੀ, ear-rings। **ਕਵਨ-ਕਿਹੜੀ,** which। **ਕਮਾਈ-ਮੁਕਤੀ ਦਾ ਸਾਧਨ,** earning।

ਪ੍ਰਸ਼ਨ ੭੭. ਹੇ ਅਵਧੂਤ! ਗਿਆਨ ਦੀ ਨਿਸ਼ਾਨੀ ਕਿਹੜੀ ਹੈ?

ਪ੍ਰਸ਼ਨ ੭੮. ਸਿਧ ਪੁਰਸ਼ ਦੀ ਮੋਖ ਦੀ ਕਮਾਈ ਕਿਹੜੀ ਹੈ ਅਰਥਾਤ ਮੁਕਤੀ ਦਾ ਸਾਧਨ ਕਿਹੜਾ ਹੈ? ਗੁਰੂ ਜੀ ਕਹਿੰਦੇ ਹਨ ਬਖੇੜੇ ਦੀਆਂ ਗੱਲਾਂ ਤਾਂ ਨਾ ਕਰੋ। ਪਵਨ ਦਾ ਅਹਾਰ ਸੁੰਨ ਸਚਾ ਅਤੇ ਗਿਆਨ ਦੀ ਨਿਸ਼ਾਨੀ ਕਲਪਨਾ ਰਹਿਤ ਹੋਣਾਂ ਦੋਵੇ ਉੱਤਰ ਪਿਛੇ ਅਸੀ ਕਹਿ ਦਿੱਤੇ ਹਨ। ਇਸ ਲਈ ਇਹਨਾਂ ਪ੍ਰਸ਼ਨਾਂ (੭੬ ਅਤੇ ੭੭ ਪ੍ਰਸ਼ਨ) ਦੇ ਉੱਤਰ ਪਿਛੇ ਹੋ ਗਏ ਹਨ। ਹੁਣ ਮੋਖ ਦੀ ਕਮਾਈ ਸੁਣੋ:-

Question No. 77: Dear Ascetic (Avdut- beyond wordly attachments), what are the knowledge ear-rings?

Question No. 78: What is the earning for salvation of a Sidh means that what is the method of obtaining salvation?

Guru Ji says, do not argue I have explain previously that the (Answer No. 75) consumption of life-forces is Almighty and (Answer No. 76) the knowledge ear-rings is to be without imaginations (illusionary maya) , the both questions had been answered and now listen about the earnings in order to obtain salvation.

ਬਿਨੁ ਸਬਦੈ ਰਸੁ ਨ ਆਵੈ , ਅਉਧੂ ਹਉਮੈ ਪਿਆਸ ਨ ਜਾਈ ॥

ਪਦ ਅਰਥ:– ਬਿਨੁ ਸਬਦੈ–ਬਿਨਾ ਗੁਰ ਉਪਦੇਸ ਤੋਂ, without Guru's sermons। **ਰਸ–ਆਤਮ ਰਸ,** the ultimate pleasure of Almighty। **ਹਉਮੈ–ਅਹੰਕਾਰ,** pride, ego। **ਪਿਆਸ–ਤ੍ਰਿਸਨਾ,** thirst for materials। **ਨ ਜਾਈ–ਨਹੀ ਜਾਂਦੀ,** never quenches।

ਉੱਤਰ ੭੮ – ਹੇ ਅਵਧੂਤ! ਬਿਨਾਂ ਗੁਰੂ ਦੇ ਉਪਦੇਸ਼ ਤੋਂ ਆਤਮ ਰਸ ਨਹੀਂ ਆਉਂਦਾ ਅਤੇ ਹਉਮੈ ਮਮਤਾ ਤੇ ਪਦਾਰਥਾਂ ਦੀ ਤ੍ਰਿਸ਼ਨਾ (ਪਿਆਸ) ਨਹੀਂ ਜਾਦੀ ਹੈ।

Answer No. 78 - Dear Ascetic (Avdut- beyond worldly attachments), without Guru's sermons the taste of salvation cannot be attained therefore the greed (Pias-thirst) for worldly materials will never depart; …*continue on the next line;*

ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ; ਸਾਚੇ ਰਹੇ ਅਘਾਈ ॥

ਪਦ ਅਰਥ:– ਰਤੇ–ਰੰਗੇ, immersed। **ਅੰਮ੍ਰਿਤ ਰਸੁ–ਮੁਕਤੀ ਦਾ ਰਸ,** taste of nectar। **ਅਘਾਈ–ਰੱਜੇ, ਤ੍ਰਿਪਤ,** contented।

ਜੋ ਗੁਰਾਂ ਦੇ ਸਬਦ ਵਿੱਚ ਰੱਤੇ ਹਨ, ਉਹਨਾਂ ਨੇ ਮੁਕਤੀ ਕਾ ਰਸ (ਅੰਮ੍ਰਿਤ) ਪਾਇਆ ਹੈ। ਉਸ ਸੱਚੇ ਰਸ ਨੂੰ ਪਾ ਕੇ ਤ੍ਰਿਪਤ ਹੋ ਰਹੇ ਹਨ।

ਤਿੰਨਾਂ ਪ੍ਰਸ਼ਨਾਂ ਦੇ ਤਿੰਨ ਹੀ ਉੱਤਰ ਇਹਨਾਂ ਦੋ ਤੁਕਾਂ ਵਿੱਚ ਕਹਿੰਦੇ ਹਨ। ਜਿਸਦੀ ਪ੍ਰਾਪਤੀ ਬਿਨਾਂ ਹੰਤਾ ਮਮਤਾ ਅਤੇ ਪਿਆਸ ਨਹੀਂ ਜਾਂਦੀ ਹੈ, ਉਸ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ ਦਾ ਰਸ ਨਹੀਂ ਪਹੁੰਚਤਾ ਭਾਵ ਪ੍ਰਭੂ ਦੀ ਸੱਤਾ ਰੂਪ ਅੰਮ੍ਰਤ ਰਸ ਨੂੰ ਖਾਂਦਾ ਹੈ।

Those who are immersed in Guru's hymn they have attain the ambrosia (Ras) of salvation and upon obtaining the ambrosia they are contented (Tript)

Guru responded to all the three question raised in the above two lines with an answer that without the attainment of Almighty, ego, attachment and thirst (for worldly materials) and non of other earning attainment can ever reach the equivalence to the ambrosia attained from the union with Almighty which means that one consumes the ambrosia form of Almighty's power.

ਕਵਨ ਬੁਧਿ ਜਿਤੁ ਅਸਥਿਰੁ ਰਹੀਐ ; ਕਿਤੁ ਭੋਜਨਿ ਤ੍ਰਿਪਤਾਸੈ ॥

ਪਦ ਅਰਥ:- ਬੁਧਿ-ਬੁੱਧੀ, ਅਕਲ, intellect। **ਅਸਥਿਰੁ-ਨਾ ਚਲਾਇਮਾਨ ਹੋਣ ਵਾਲਾ,** steadfast, permenant। **ਕਿਤੁ-ਕਿਹੜੇ। ਤ੍ਰਿਪਤਾਸੇ-ਤ੍ਰਿਪਤ ਹੋਈਦਾ ਹੈ,** satisfied, contented।

ਪ੍ਰਸ਼ਨ ੭੯ – ਉਹ ਕਿਹੜੀ ਬੁੱਧੀ ਹੈ, ਜਿਸ ਕਰਕੇ ਅਸਥਿਰ ਰਹੀਦਾ ਹੈ?

ਪ੍ਰਸ਼ਨ ੮੦ – ਕਿਹੜੇ ਭੋਜਨ ਖਾਣ ਨਾਲ ਤ੍ਰਿਪਤ ਹੋਈਦਾ ਹੈ?

ਸੱਚੇ ਨੂੰ ਪਾ ਕੇ ਜੋ ਗਿਆਨਵਾਨ ਰੱਜੇ (ਅਘਾਇ) ਰਹਿੰਦੇ ਹਨ, ਏਹੀ ਗਿਆਨ ਦੀ ਮੁੰਦ੍ਰਾ ਨਿਸਾਨੀ ਹੈ। ਜੋ ਪੂਰਨ ਤ੍ਰਿਪਤੀ ਹੈ ਅਤੇ ਗੁਰ ਸਬਦ ਵਿੱਚ ਰੱਤੇ ਰਹਿਣਾ ਇਹ ਸਿਧ ਦੀ ਕਮਾਈ ਹੈ।

Question No. 79: By which intellect jeev remains steadfast (free from birth and death)?

Question No. 80: Which is the food that makes jeev to be contented?

Additional view: By attaining Almighty the knowledgeable (Gianwan) jeev stays contented and this is the sign of knowledge ear-ring. If jeev is contented and stay immersed in Guru's hymn (Gurshabad) this known is as the truthful (Sidki) earnings.

ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ; ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥

ਪਦ ਅਰਥ:- ਸਮ-ਸਮਾਨ, equivalent। **ਜਾਪੈ-ਜਾਣੇ,** know। **ਗ੍ਰਾਸੈ-ਖਾਵੇ,** consume।

ਉੱਤਰ ੭੯ – ਗੁਰੂ ਜੀ ਕਹਿੰਦੇ ਹਨ, ਕਿ ਦੁਖ ਸੁਖ ਨੂੰ ਸਮ ਕਰ ਜਾਣੇ, ਇਸ ਸਮਤਾ ਬੁਧੀ ਕਰਕੇ ਅਸਥਿਰ ਰਹੀਦਾ ਹੈ।

ਉੱਤਰ ੮੦ – ਸਤਿਗੁਰੂ ਦਾ ਉਪਦੇਸ਼ ਰੂਪ ਭੋਜਨ ਕਰਕੇ ਤ੍ਰਿਪਤ ਹੋਈਦਾ ਹੈ, ਇਸ ਨਾਲ ਕਾਲ ਨਹੀਂ ਖਾਂਦਾ ਹੈ॥੬੧॥

Answer No. 79: Guru Ji says that happiness and sadness should be equally accepted with a steady intellect (Budhi) therefore the jeev remains in a consistent state.

Answer No. 80: Jeev that consumes the Guru's sermons form of food remains contented therefore the death angel never consumes (Gras - devour) the being (jeev).

ਰੰਗਿ ਨ ਰਾਤਾ ; ਰਸਿ ਨਹੀ ਮਾਤਾ ॥

ਬਿਨੁ ਗੁਰ ਸਬਦੈ ; ਜਲਿ ਬਲਿ ਤਾਤਾ ॥

ਪਦ ਅਰਥ:- ਰਾਤਾ–ਰੰਗਿਆ, ਰੱਤਾ, immersed। **ਰਸਿ–ਅਨੰਦ,** bliss। **ਮਾਤਾ–ਮਸਤ,** engrossed। **ਜਲਿ ਬਲਿ–ਸੜ ਬਲ ਕੇ,** burn। **ਤਾਤਾ–ਸੜਦਾ, ਤੱਤਾ,** heated।

ਪ੍ਰਸ਼ਨ ੮੧ – ਪ੍ਰੇਮ (ਰੰਗਿ) ਵਿੱਚ ਨਹੀਂ ਰੱਤਾ ਰਹਿੰਦਾ, ਕਿਵੇਂ ਰੱਤੇ?

ਪ੍ਰਸ਼ਨ ੮੨ – ਅਨੰਦ (ਰਸਿ) ਵਿੱਚ ਨਹੀਂ ਮਸਤ ਹੁੰਦਾ, ਕਿਵੇਂ ਹੋਵੇ?

ਪ੍ਰਸ਼ਨ ੮੩ – ਬਿਨਾਂ ਗੁਰੂ ਦੇ ਉਪਦੇਸ ਦੇ ਕਾਰਨ ਮਨ ਜਲਦਾ ਬਲਦਾ (ਬਲਿ) ਕੇ ਤੱਤਾ ਹੁੰਦਾ ਹੈ, ਉਹ ਕਿਵੇਂ ਠੰਡਾ (ਸੀਤਲ) ਹੋਵੇ?

Question No. 81: If the being (jeev) is not immersed in Almighty's love, how can then he be immersed?

Question No. 82: If the being (jeev) is not immersed in bliss, how can then he be engrossed in bliss?

Question No. 83: Without the Guru's sermon the being (jeev) gets burn (in world desires) which heats (in the thirst for more materials) him, how can then he be cooled down?

ਬਿੰਦੁ ਨ ਰਾਖਿਆ ; ਸਬਦੁ ਨ ਭਾਖਿਆ ॥

ਪਵਨੁ ਨ ਸਾਧਿਆ ; ਸਚੁ ਨ ਅਰਾਧਿਆ ॥

ਪਦ ਅਰਥ:- ਬਿੰਦੁ–ਵੀਰਜ, sperm। **ਭਾਖਿਆ–ਕਹਿਆ, ਜਪਿਆ,** utter। **ਪਵਨੁ–ਪ੍ਰਾਣ,** breath। **ਸਾਧਿਆ–ਸਾਧਨਾ,** corrected, tune। **ਅਰਾਧਿਆ–ਅਰਾਧਨਾ,** remember ।

ਪ੍ਰਸ਼ਨ ੮੪ – ਬਿੰਦ ਨੂੰ ਨਹੀਂ ਰੱਖਿਆ, ਕਿਵੇਂ ਰੱਖੇ?

ਪ੍ਰਸ਼ਨ ੮੫ – ਸ਼ਬਦ ਨਹੀਂ ਕਹਿਆ, ਕਿਵੇਂ ਕਹੇ?

ਪ੍ਰਸ਼ਨ ੮੬ – (ਪਵਨੁ) ਪ੍ਰਾਣਾਂ ਨੂੰ ਨਹੀਂ ਸਾਧਿਆ, ਕਿਵੇਂ ਸਾਧੇ?

ਪ੍ਰਸ਼ਨ ੮੭ – ਸੱਚ ਨਹੀਂ ਅਰਾਧਿਆ, ਕਿਵੇਂ ਅਰਾਧੇ?

Question No. 84: How shall he preserve his seed (sperm) which he never kept?

Question No. 85: Never utters the Almighty's praises hymn, how will he utter the hymn?

Question No. 86: One has not tune his life-force, how can one tune his life-forces (pran)?

Question No. 87: One has not remembered Almighty, how can one remember Almighy?

ਅਕਥ ਕਥਾ ਲੇ ; ਸਮ ਕਰਿ ਰਹੈ ॥

ਤਉ ਨਾਨਕ ; ਆਤਮ ਰਾਮ ਕਉ ਲਹੈ ॥੬੨॥

ਪਦ ਅਰਥ:– ਅਕਥ–ਕਥਨਾ ਤੋਂ ਬਾਹਰ। ਸਮ–ਸਮਾਨ ਬਿਰਤੀ। ਆਤਮ ਰਾਮ–ਪ੍ਰਮੇਸਰ। ਲਹੈ–ਪ੍ਰਾਪਤ ਕਰਦਾ ਹੈ।

ਅਕਥ ਦੀ ਕਥਾ ਲੈ ਕਰ ਮਨ ਵਿੱਚ ਜੀਉ ਸਮਾਨ ਦੀ ਬ੍ਰਿਤੀ ਕਰਕੇ ਰਹੇ, ਇਸਥਿਤ ਹੋਵੇ, ਗੁਰੂ ਜੀ ਕਹਿੰਦੇ ਹਨ, ਤਾਂ ਪ੍ਰਮੇਸ਼ਰ (ਆਤਮ ਰਾਮ) ਨੂੰ ਪ੍ਰਾਪਤ (ਲਹੈ) ਹੁੰਦਾ ਹੈ। ਇਸ ਬ੍ਰਿਤੀ ਵਿੱਚ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ॥੬੨॥

The discourse of the unrevealed (Akath) be contemplated in the mind with consistent state which then resides within.

Guru Ji says only then the Almighty (Atam Ram) can be obtained. Know this as the method of attaining everything.

ਗੁਰਪਰਸਾਦੀ ; ਰੰਗੇ ਰਾਤਾ ॥

ਅੰਮ੍ਰਿਤੁ ਪੀਆ ; ਸਾਚੇ ਮਾਤਾ ॥

ਪਦ ਅਰਥ:– ਗੁਰਪਰਸਾਦੀ–ਗੁਰੂ ਦੀ ਕ੍ਰਿਪਾ, Guru's blessing। **ਮਾਤਾ–ਮਸਤ,** engrossed।

ਉੱਤਰ ੮੧ – ਜਿਸ ਉੱਤੇ ਗੁਰੂ ਦੀ ਕ੍ਰਿਪਾ ਹੋਵੇ, ਉਹ ਪ੍ਰੇਮ ਵਿੱਚ ਰੱਤਾ ਰਹਿੰਦਾ ਹੈ।

ਉੱਤਰ ੮੨ – ਜਿਸ ਨੇ ਉਪਦੇਸ ਰੂਪ ਅੰਮ੍ਰਿਤ ਪੀਤਾ ਹੈ, ਉਹ ਸੱਚੇ ਅਨੰਦ ਵਿੱਚ ਮਸਤ (ਮਾਤਾ) ਰਹਿੰਦਾ ਹੈ।

Answer No. 81: Being (Jeev) remains immersed in Almighty's love with Guru's blessings.

Answer No. 82: Whomever drank the nectar form of Guru's sermon shall remain engrossed in true bliss.

ਗੁਰ ਵੀਚਾਰੀ ; ਅਗਨਿ ਨਿਵਾਰੀ ॥

ਅਪਿਉ ਪੀਓ ; ਆਤਮ ਸੁਖੁ ਧਾਰੀ ॥

ਪਦ ਅਰਥ:- ਵੀਚਾਰੀ–ਵਿਚਾਰ। ਨਿਵਾਰੀ–ਦੂਰ ਕੀਤੀ। ਅਪਿਉ–ਅੰਮ੍ਰਿਤ। ਧਾਰੀ–ਧਾਰਨ ਕੀਤਾ।

ਉੱਤਰ ੮੩ – ਜੋ ਗੁਰ ਉਪਦੇਸ ਨੂੰ ਵਿਚਾਰਨ ਵਾਲਾ ਹੋਇਆ ਹੈ, ਉਸ ਨੇ ਤ੍ਰਿਸ਼ਨਾ ਅਗਨੀ ਨਿਵਾਰੀ ਹੈ। ਉਹ ਹੀ ਸ਼ੀਤਲ ਹੋਇਆ ਹੈ।

ਉੱਤਰ ੮੫ – ਜਿਨ੍ਹਾਂ ਨੇ ਗੁਰਾਂ ਦੁਆਰੇ ਉਪਦੇਸ਼ ਰੂਪ ਅੰਮ੍ਰਿਤ (ਅਪਿਉ) ਪੀਤਾ ਹੈ, ਉਹਨਾਂ ਦੁਆਰੇ ਸਬਦ ਉਚਾਰੇ ਭਾਵ ਨਾਮ ਜਪੇ।

ਉੱਤਰ ੮੪ – ਗੁਰਾਂ ਦੁਆਰੇ ਉਪਦੇਸ਼ ਰੂਪ ਅੰਮ੍ਰਿਤ ਪੀਵੇ, ਜਦ ਆਤਮ ਸੁਖ ਨੂੰ ਧਾਰਨ ਵਾਲਾ ਹੋਵੇ ਤਦ ਵੀਰਜ (ਬਿੰਦ) ਨੂੰ ਰੱਖਿਆ ਜਾਂਦਾ ਹੈ। ਦੋ ਪ੍ਰਸ਼ਨਾਂ ਦਾ ਇਕ ਉੱਤਰ ਹੈ।

Answer No. 83: One who becomes the contemplator of Guru's sermons has vanish the the fire of greed and become peaceful.

Answer No. 84: The one who drinks the nectar of Guru's sermons attains inner-bliss and this how he preserves his seed (sperm) means he is free from the influence of sexual desires.

Answer No. 85: One who has drink the nectar form of Guru's sermons though Guru's mercy has utter the hymn which means one has recited the the Almighty's name.

ਸਚੁ ਅਰਾਧਿਆ ; ਗੁਰਮੁਖਿ ਤਰੁ ਤਾਰੀ ॥

ਨਾਨਕ ; ਬੂਝੈ ਕੋ ਵੀਚਾਰੀ ॥੬੩॥

ਪਦ ਅਰਥ:- ਅਰਾਧਿਆ–ਸੇਵਿਆ, remember। ਤਰੁ–ਤਰਦਾ, swim across। ਤਾਰੀ–ਉਪਦੇਸ ਰੂਪ ਬੇੜੀ, boat । ਕੋ–ਕੋਈ। ਵਿਚਾਰੀ–ਵਿਚਾਰਵਾਨ, scholar।

ਉੱਤਰ ੮੬ – ਜਿਸ ਨੇ ਗੁਰ ਉਪਦੇਸ਼ ਕਰਕੇ ਸੱਚ ਨੂੰ ਅਰਾਧਿਆ ਹੈ, ਉਸ ਨੇ ਪ੍ਰਾਣ ਪਵਨ ਨੂੰ ਸਾਧਿਆ ਹੈ।

ਉੱਤਰ ੮੭ – ਗੁਰ ਉਪਦੇਸ ਰੂਪ ਬੇੜੀ (ਤਾਰੀ) ਕਰਕੇ ਜੀਉ ਸੰਸਾਰ ਸਮੁੰਦਰ ਤੋਂ ਤਰਦਾ ਹੈ। ਗੁਰੂ ਜੀ ਕਹਿੰਦੇ ਹਨ, ਇਸ ਗੱਲ ਨੂੰ ਕੋਈ ਵੀਚਾਰਵਾਨ (ਵੀਚਾਰੀ) ਹੀ ਬੁੱਝਦਾ ਹੈ॥੬੩॥

ਪ੍ਰਸ਼ਨ:-

ਸਿੱਧਾਂ ਨੇ ਗੁਰੂ ਜੀ ਨੂੰ ਤਰਕ ਕਰੀ ਹੈ ਕਿ ਪ੍ਰੇਮ ਵਿੱਚ ਨਹੀਂ ਰੱਤਾ ਹੈ, ਅਨੰਦ ਵਿੱਚ ਵੀ ਮਸਤ ਨਹੀਂ ਹੈ ਨਹ ਗੁਰ ਸਬਦ ਤੋਂ ਬਿਨਾਂ ਹੈ। ਇਸ ਕਰਕੇ ਜਲਦਾ ਬਲਦਾ ਤਪਤਾ ਰਹਿੰਦਾ ਹੈ। ਬੀਰਜ ਵੀ ਰੋਕਿਆ ਨਹੀਂ ਹੈ। ਗੁਰ ਸਬਦ ਵੀ ਤੂੰ ਨਹੀਂ ਜਪਿਆ ਹੈ। ਪਵਨ ਵੀ ਰੋਕਿਆ ਨਹੀਂ ਹੈ ਅਤੇ ਸੱਚ ਨੂੰ ਤੂੰ ਅਰਾਧਿਆ ਨਹੀਂ ਹੈ।

ਪਹਿਲਾਂ ਸਮਾਨ ਤੇ ਉੱਤਰ ਹੈ, ਕਥ ਕਬਾਲੇ ਇਹ ਹੀ ਅਤੇ ਵਿਸ਼ੇਸ਼ ਕਰਕੇ ਕਹਿੰਦੇ ਹਨ, ਕਿ ਗੁਰ ਕਿਰਪਾ ਕਰਕੇ ਮੈਂ ਪ੍ਰੇਮ ਵਿੱਚ ਰੱਤਾ ਹਾਂ ਅਤੇ ਮੈਂ ਜੋ ਨਾਮ ਅੰਮ੍ਰਿਤ ਪੀਤਾ ਹੈ ਇਉ ਸੱਚੇ ਅਨੰਦ ਵਿੱਚ ਮਸਤ ਹਾਂ। ਗੁਰਾਂ ਦੁਆਰੇ ਤੱਤ ਮਿਥਿਆ ਕੇ ਅਸੀ ਵੀਚਾਰੀ ਹੋਏ ਹਾਂ। ਇਉ ਤ੍ਰਿਸ਼ਨਾ ਅਗਨੀ ਨਿਵਰਤ ਕਰੀ ਹੈ।

ਇਸ ਨਾਲ ਸ਼ਾਂਤੀ ਨੂੰ ਪ੍ਰਾਪਤ ਹਾਂ ਅਤੇ ਅੰਮ੍ਰਿਤ ਨਾਮ ਨੂੰ ਪੀਤਾ ਹੈ ਭਾਵ ਨਾਮ ਦਾ ਸਬਦ ਉਚਾਰਨ ਕੀਤਾ ਹੈ। ਇਸ ਕਰਕੇ ਅਸੀਂ ਆਤਮ ਸੁਖ ਦੇ ਧਾਰਨ ਵਾਲੇ ਹੋਏ ਹਾਂ। ਇਉ ਬਿੰਦ ਨੂੰ ਰੋਕਿਆ, ਸਚ ਨੂੰ ਮੈਂ ਅਰਾਧਿਆ ਹੈ ਅਤੇ ਗੁਰਾਂ ਦੁਆਰੇ ਉਪਦੇਸ਼ ਰੂਪ (ਤਾਰੀ) ਦੇ ਨਉਕੇ ਉੱਤੇ ਸੰਸਾਰ ਸਮੁੰਦਰ ਤੋਂ ਤਰੇ ਹਾਂ। ਇਸ ਕਰਕੇ ਜਾਣੋ ਪਵਨ ਦੀ (ਮਾਧਿਆ) ਰੋਕਿਆ ਹੈ। ਗੁਰੂ ਜੀ ਕਹਿੰਦੇ ਹਨ, ਸਾਡੇ ਇਸ ਉੱਤਰਾਂ ਨੂੰ ਕੋਈ ਵੀਚਾਰਵਾਨ ਸਮਝਦਾ ਹੈ।

Answer No. 86: One who remembered the truth with Guru's sermons has tuned his life-force (pran).

Answer No. 87: Through Guru's sermon one remembers Almighty as Guru's sermons is the ship to ferry across the worldly materialistic ocean.

Guru Ji says that this fact is only discovered by the wise ones. Question;

Second meaning of the Pauri 63;

The sidhas raised an argument with Guru Ji by asking above questions (No. 81 to 87) disputing Guru Ji's wisdom as they could never believe that one in such a young age would be immersed in Almighty's Name, either engrossed in Almighty's Name and moreover without a physical Guru. The believed that it is impossible for one to attain wisdom without Guru's hymns and without which one is being burned and heated all the time. The sidhas also accussed Guru Ji for being married and never meditated on Guru's hymn either has tuned the life-forces nor has remembered Almighty.

As answers given earlier but precisely on the personal attack. Guru Ji explains that with Guru's blessing I am immersed in the principal (Tat-Almighty) love, I have drunk the nectar of Almighty's Name by which I am engrossed in the true bliss. I become the contemplator of the principal (Almighty) and false (world) by which the free of greed has been extinguished, whereby I have attained peace and drank the nectar of Almighty's Name which means I have uttered the hymn of Almighty's Name by which I become the inner-self (Atam- real-self) happiness embracer in this manner I have blocked the seed by remembering the true (Almighty) and through Guru's sermon form of ship I have acrossed the worldly ocean therefore know this as the method adopted to tune all the life-forces (pran). Guru Ji says that only the wise contemplators are able to understand all my answers;

ਇਹੁ ਮਨੁ ਮੈਗਲੁ ਕਹਾ ਬਸੀਅਲੇ ; ਕਹਾ ਬਸੈ ਇਹੁ ਪਵਨਾ ॥

ਪਦ ਅਰਥ:- ਮੈਗਲੁ- ਹਾਥੀ, elephant। **ਕਹਾ–ਕਿਥੇ,** where। **ਬਸੀਅਲੇ–ਵਸਦਾ,** resides। **ਬਸੈ–ਵਸਦਾ। ਪਵਨਾ–ਪੌਣ, ਪ੍ਰਾਣ,** air, breath, life force।

ਪ੍ਰਸ਼ਨ ੮੮ – ਇਹ ਮਨ ਹਾਥੀ ਕਿਥੇ ਵਸਦਾ ਹੈ?

ਪ੍ਰਸ਼ਨ ੮੯ – ਇਹ ਪਵਨ ਕਿਥੇ ਵਸਦਾ ਹੈ?

Question No. 88: Where do the elephant form of mind resides? (Mind is refered to as elephant because the pride and ego)

Question No. 89: Where do this life-forces resides?

ਕਹਾ ਬਸੈ ਸੁ ਸਬਦੁ ਅਉਧੂ ; ਤਾ ਕਉ ਚੂਕੈ ਮਨ ਕਾ ਭਵਨਾ ॥

ਪਦ ਅਰਥ:- ਕਹਾ–ਕਿਥੇ, where। **ਬਸੈ–ਵਸਦਾ,** resides। **ਸਬਦੁ–ਵਾਹਿਗੁਰੂ,** Almighty। **ਤਾ ਕਉ–ਜਿਸ ਨਾਲ,** with whom। **ਚੂਕੈ–ਚੁੱਕ ਜਾਵੇ, ਦੂਰ ਹੋ ਜਾਵੇ,** ends, ceases। **ਭਵਨਾ–ਫਿਰਨਾ, ਭਟਕਣਾ,** roaming, wandering।

ਪ੍ਰਸ਼ਨ ੯੦ – ਹੇ ਅਵਧੂਤ ਨਾਨਕ! ਉਹ ਵਾਹਿਗੁਰੂ (ਸਬਦੁ) ਕਿਥੇ ਵਸਦਾ ਹੈ?

ਪ੍ਰਸ਼ਨ ੯੧ – ਜਿਸ ਉਪਦੇਸ ਨੂੰ ਪਾ ਕੇ ਪੁਰਸ਼ ਦੇ ਮਨ ਦਾ ਭਟਕਣਾ (ਫਿਰਨਾ) ਚੁੱਕ ਜਾਵੇ, ਉਹ ਕਿਹੜਾ ਉਪਦੇਸ ਹੈ?

Question No. 90: Dear Ascetic (Avdut- beyond wordly attachments) Nanak, where do the Almighty reside?

Question No. 91: Which is the discourse upon listening to which the mind stops (cease) wandering

ਨਦਰਿ ਕਰੇ ਤਾ ਸਤਿਗੁਰੁ ਮੇਲੇ ; ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥

ਪਦ ਅਰਥ:- ਨਦਰਿ–ਮਿਹਰ, ਕ੍ਰਿਪਾ, blessing। **ਮੇਲੇ–ਮੇਲ ਦੇਵੇ,** unite। **ਨਿਜ ਘਰਿ–ਸ੍ਵੈ ਸਰੂਪ,** real-self। **ਵਾਸਾ–ਠਹਿਰਾਉ,** steadfulness। **ਪਾਏ–ਪਾਵੇ, ਪਾਉਂਦਾ ਹੈ,** attain।

ਉੱਤਰ ੮੮ – ਜੇ ਪ੍ਰਮੇਸ਼ਰ ਨਜਰ ਕਰੇ ਤਾਂ ਸਤਿਗੁਰਾਂ ਨੂੰ ਮੇਲੇ ਤਾਂ ਆਪਣੇ ਸਰੂਪ ਵਿੱਚ ਇਹ ਮਨ ਵਾਸਾ ਪਾਉਂਦਾ ਹੈ।

Answer No. 88: When Almighty blesses his vision of blessings only then one meets a True Guru thereafter mind (akin to Elephant due to its ego and pride) resides in its very own self means then the mind desolves by uniting in Almighty.

ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ; ਧਾਵਤੁ ਵਰਜਿ ਰਹਾਏ ॥

ਪਦ ਅਰਥ:– ਆਪੈ–ਆਪ ਹੀ, ownself। **ਆਪੁ–ਆਪਣਾ ਆਪ, ਹੰਕਾਰ,** ego, self। **ਖਾਇ–ਖਾ ਲਵੇ,** eat, consume। **ਨਿਰਮਲੁ–ਪਵਿੱਤਰ,** pure। **ਧਾਵਤੁ–ਦੌੜਦਾ,** run, roam। **ਵਰਜਿ–ਰੋਕਣਾ,** to stop। **ਰਹਾਏ–ਰੱਖੇ,** keep।

ਉੱਤਰ ੯੧. ਹੰਕਾਰ ਨੂੰ ਜੋ ਆਪ ਹੀ (ਆਪੈ ਆਪੁ) ਖਾ ਲਵੇ ਤਾਂ ਇਹ ਮਨ ਨਿਰਮਲ ਹੁੰਦਾ ਹੈ। ਧਾਵਦੇ ਮਨ ਨੂੰ ਸਿਖ ਰੋਕ ਰੱਖੇ, ਗੁਰ ਉਪਦੇਸ ਕਰਕੇ ਮਨ ਕਾ ਭੌਣਾ ਮਿਟਦਾ ਹੈ।

ਸਿਧ ਸਰੀਰ ਦੇ ਪ੍ਰਸ਼ਨ ਕਰਦੇ ਹਨ:–

Answer No. 91: The mind becomes pure once one who eats its own created ego and only then the mind stops wandering with the aid of Guru's discourse. Guru Ji answered the most mysterious fact the ego in true perspective do not have any existence just like darkness but it is created by the jeev (being) himself by self proclaimed subjects such as worldly materials, virtues, power of command, appereance, position, sect, caste, etc. therefore the ego can only be vanished by the being himself with the realisation of truth through Guru's sermons. The ego cannot be destroyed but can only be desolve in a greater form which the one and only Almighty.

Sidhas raised the questions pertaining to physical body;

ਕਿਉ ਮੂਲੁ ਪਛਾਣੈ , ਆਤਮੁ ਜਾਣੈ ; ਕਿਉ ਸਸਿ ਘਰਿ ਸੂਰੁ ਸਮਾਵੈ ॥

ਪਦ ਅਰਥ:– ਮੂਲ–ਮੁੱਢ, ਪ੍ਰਮਾਤਮਾ, primal। **ਪਛਾਣੈ–ਪਛਾਣ ਲਵੇ, ਜਾਣ ਲਵੇ,** recognise। **ਕਿਉ–ਕਿਵੇਂ,** how। **ਸਸਿ–ਚੰਦ੍ਰਮਾ,** moon। **ਸੂਰੁ–ਸੂਰਜ,** sun। **ਸਮਾਵੈ–ਸਮਾ ਜਾਵੇ,** immerse।

ਪ੍ਰਸ਼ਨ ੯੨. ਮੂਲ ਕਾਰਣ ਨੂੰ ਕਿਵੇਂ ਪਛਾਣੇ?

ਪ੍ਰਸ਼ਨ ੯੩. ਆਤਮਾ ਨੂੰ ਕਿਵੇਂ ਜਾਣੇ?

ਪ੍ਰਸ਼ਨ ੯੪. ਚੰਦਰਮਾ (ਸਸਿ) ਘਰ ਵਿੱਚ ਸੂਰਜ ਕਿਵੇਂ ਸਮਾਵੇ, ਭਾਵ ਸਾਂਤੀਵਾਨ (ਵੈਰਾਗਾਦੀ) ਸਾਧਨਾਂ ਵਾਲੇ ਰਿਦੇ ਵਿੱਚ ਗਿਆਨ ਕਿਵੇਂ ਹੋਵੇ?

Question No. 92: How would one recognise the principal cause (Almighty)?

Question No. 93: How would one know its real-self (Atma)?

Question No. 94: How would the sun immerse in the house of the moon means how would the peace and ascetic (vairagi – the ones who are free from worldly desires) ones who practices religion will attain knowledge.

Guru Ji answers the question no. 94;

ਗੁਰਮੁਖਿ ਹਉਮੈ ਵਿਚਹੁ ਖੋਵੈ ; ਤਉ ਨਾਨਕ ਸਹਜਿ ਸਮਾਵੈ ॥੬੪॥

ਪਦ ਅਰਥ:- ਹਉਮੈ-ਹੰਕਾਰ, ego। **ਵਿਚਹੁ-ਅੰਦਰੋ,** within। **ਖੋਵੈ-ਖੋਹ ਦੇਵੇ, ਮੁਕਾ ਦੇਵੇ,** losses। **ਤਉ-ਤਾਂ। ਸਹਿਜ-ਸਹਿਜ ਵਿੱਚ, ਅਡੋਲਤਾ ਵਿੱਚ,** consistent state।

ਉੱਤਰ ੯੪. ਗੁਰੂ ਜੀ ਕਹਿੰਦੇ ਹਨ, ਜੇ ਗੁਰਾਂ ਦੁਆਰੇ (ਗੁਰਮੁਖਿ) ਵਿਚਹੁ ਹਉਮੈ ਖੋਵੇ ਤਾਂ ਜੋ ਸਤੋਗਨੁ (ਸਸਿ ਘਰਿ) ਸਹਿਤ ਅੰਤਸਕਰਨ ਹੈ, ਉਸ ਵਿੱਚ ਗਿਆਨ (ਸਹਜਿ) ਰੂਪ ਸੂਰਜੁ ਸਮਾਵਦਾ ਹੈ। ਜਦ ਪ੍ਰਮੇਸ਼ਰ ਨਦਰਿ ਕਰੇ ਤਾਂ ਸਤਿਗੁਰ ਮੇਲੇ ਤਾਂ ਇਹ ਨਿਜ ਘਰ ਵਾਸਾ ਪਾਉਂਦਾ ਹੈ, ਇਉ ਆਤਮਾ ਨੂੰ ਜਾਣਦਾ ਹੈ॥੬੪॥

Answer No. 94: Guru Ji says that through a Guru who effaces (vanish) ego within therefore the knowledge (sun) immerses in the house of Antahkaran which has embraced the Satogun (moon) and when Almighty blesses his vision only then True Guru is met thereafter one abides in the own-self resident (Nij-ghar), this is how one knows the real-self. Guru Ji explains that in order for one to be enlightened, one must read, contemplate and practice Gurbani by which the ego is eradicated by the divine knowledge which illuminates in a calm mind, intellect, memory and self.

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ; ਗੁਰਮੁਖਿ ਮੂਲੁ ਪਛਾਣਿ ਰਹੈ ॥

ਪਦ ਅਰਥ:- ਨਿਹਚਲੁ-ਅਡੋਲ, ਭਟਕਣਾ ਰਹਿਤ, stable। **ਵਸੀਅਲੇ-ਵਸਦਾ ਹੈ,** resides। **ਮੂਲੁ-ਮੁੱਢ,** prime। **ਰਹੈ-ਰਹੇ ਹਨ।**

ਉੱਤਰ ੮੮. ਇਹ ਮਨੁ ਨਿਹਚਲ ਹੋ ਕੇ ਹਿਰਦੇ ਵਿੱਚ ਵੱਸਦਾ ਹੈ।

ਉੱਤਰ ੯੨. ਗੁਰਮੁਖ ਮੂਲ ਪ੍ਰਭੂ ਨੂੰ ਜਾਣਦੇ ਹਨ ਅਤੇ ਰਕਤ ਬੀਰਜ ਨਾਲ ਇਸ ਸਰੀਰ ਦੀ ਉਤਪਤੀ ਹੈ, ਇਸ ਤਰ੍ਹਾਂ ਪਛਾਣ ਰਹੇ ਹਨ॥੫॥

Answer No. 88: The mind resides in within the real-self (Atma) upon becoming thoughtless (stand still).

Answer No. 92: Gurmukh recognises the principal cause (Almighty) by acknowledging the fact of this physical body made from the combination of ovum and sperm whereas the life is Almighty himself.

ਨਾਭਿ ਪਵਨੁ ਘਰਿ ਆਸਣਿ ਬੈਸੈ ; ਗੁਰਮੁਖਿ ਖੋਜਤ ਤਤੁ ਲਹੈ ॥

ਪਦ ਅਰਥ:– ਨਾਭਿ–ਨਾਭੀ, belly button। **ਪਵਨੁ–ਪੌਣ,** air। **ਬੈਸੈ–ਬੈਠਦਾ ਹੈ,** sits। **ਖੋਜਤ–ਲੱਭਦੇ, ਜਾਣਦੇ,** search। **ਤਤੁ–ਮੂਲ, ਆਤਮ,** principal। **ਲਹੈ–ਲੈਂਦੇ ਹਨ,** obtain।

ਉੱਤਰ ੮੯ – ਨਾਭੀ ਘਰ ਵਿੱਚ ਪਵਨ ਆਸਨ ਕਰ ਬੈਠਦਾ ਹੈ, ਭਾਵ ਨਾਭੀ ਅਸਥਾਨ ਵਿੱਚ ਪਵਨ ਦੀ ਇਸਥਿਤੀ ਹੈ।

ਉੱਤਰ ੯੩ – ਗੁਰਮੁਖ ਖੋਜਤ ਤੱਤ ਲਹੇ ਇਉ ਆਤਮ ਜਾਣਦੇ ਹਨ।

Answer No. 89: The breath (life-force) reside in the belly button (Naabi).

Answer No. 93: Gurmukh explores and discovers the real-self (Atma) within which means that through a True Guru one becomes Gurmukh who follows Guru's instructions without any hesitation or doubts thereafter discovers Almighty within in form of real-self (Atma).

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ; ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥

ਪਦ ਅਰਥ:– ਸੁ ਸਬਦੁ–ਵਾਹਿਗੁਰੁ, Almighty। **ਨਿਰੰਤਰਿ–ਇਕ ਰਸ,** consistent state। **ਨਿਜ ਘਰਿ–ਆਪਣੇ ਘਰ,** real-self। **ਆਛੈ–ਹੈ।** **ਤ੍ਰਿਭਵਣ–ਤਿੰਨ ਭਵਣ,** three places। **ਜੋਤਿ–ਵਿਆਪਕ,** omnipresent। **ਲਹੈ–ਜਾਣਦਾ ਹੈ, ਦੇਖਦਾ ਹੈ,** knows।

ਉੱਤਰ ੯੦ – ਵਾਹਿਗੁਰੁ (ਸੁ ਸਬਦੁ) ਇਕ ਰਸ (ਨਿਰੰਤਰਿ) ਇਕ ਆਪਣੇ ਘਰ ਸੰਸਾਰ ਵਿੱਚ ਹੈ। ਤਿੰਨ ਭਵਨਾਂ ਵਿੱਚ ਉਹ ਪ੍ਰਮਾਤਮਾਂ (ਜੋਤਿ) ਵਿਆਪਕ ਹੈ। ਇਸ ਗੱਲ (ਸੁ) ਨੂੰ ਗੁਰ ਦੇ ਉਪਦੇਸ (ਸਬਦਿ) ਨਾਲ ਸਮਝਦਾ (ਲਹੈ) ਹੈ।

Answer No. 90: Almighty is omnipresent as his presence is everywhere as the whole creation is His residence; His presence is completely within three places (dimensions) but this reality can only be known through Guru's sermons.

ਖਾਵੈ ਦੂਖ ਭੂਖ ਸਾਚੇ ਕੀ ; ਸਾਚੇ ਹੀ ਤ੍ਰਿਪਤਾਸਿ ਰਹੈ ॥

ਪਦ ਅਰਥ:– ਦੂਖ–ਦੁੱਖ, pain। **ਭੂਖ–ਭੁੱਖ,** hunger। **ਸਾਚੇ–ਸੱਚੇ ਵਾਹਿਗੁਰੁ ਦੀ।** **ਤ੍ਰਿਪਤਾਸੇ–ਤ੍ਰਿਪਤ ਹੋਏ,** satisfied, contented। **ਰਹੈ–ਰਹਿੰਦੇ ਹਨ,** remain।

ਹੁਣ ਸਿਧਾਂਤ ਚਲਦਾ ਹੈ, ਜੇ ਸੱਚੇ ਵਾਹਿਗੁਰੁ ਦੀ ਭੁੱਖ ਹੋਵੇ ਤਾਂ ਦੁਖਾਂ ਨੂੰ ਖਾ ਜਾਂਦਾ ਹੈ। ਸੱਚੇ ਦੀ ਚਾਹ ਨਾਲ ਹੀ ਆਸਾਂ ਤੋਂ ਤ੍ਰਿਪਤ ਹੋ ਰਹਿੰਦਾ ਹੈ।

Now Guru Ji explains the principals; the hunger for the True Almighty eats all the being's (jeev) pains and with the desire for the True Almighty being (jeev) stays contented from all wishes.

ਅਨਹਦ ਬਾਣੀ ਗੁਰਮੁਖਿ ਜਾਣੀ ; ਬਿਰਲੋ ਕੋ ਅਰਥਾਵੈ ॥

ਪਦ ਅਰਥ:- ਅਨਹਤ-ਇਕ ਰਸ, consistent state। **ਬਾਣੀ-ਉਪਦੇਸ,** sermon। **ਜਾਣੀ-ਜਾਣੀ ਹੈ,** known। **ਬਿਰਲੋ-ਵਿਰਲਾ ਹੀ, ਵੱਖਰਾ-ਵੱਖਰਾ, ਕੋਈ-ਕੋਈ,** rare one। **ਅਰਥਾਵੈ-ਅਰਥ ਆਉਂਦਾ ਹੈ,** contemplate।

ਗੁਰਾਂ ਦੁਆਰੇ ਇੱਕ ਰਸ (ਅਨਹਦ) ਉਪਦੇਸ (ਬਾਣੀ) ਦੀ ਰੀਤੀ ਜਾਣੀ ਹੈ, ਕਿਉਂਕਿ ਇਹ ਅਰਥ ਕਿਸੇ ਵਿਰਲੇ ਨੂੰ ਆਉਂਦਾ ਹੈ।

Through a Guru, the limitless uninstrumented tune (Anhad-Bani) is heard within which attained through a consistent state and the practice of Guru's sermon however this fact as explained in this hymn (shabad) is only known by very few.

ਨਾਨਕੁ ਆਖੈ ਸਚੁ ਸੁਭਾਖੈ ; ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥

ਪਦ ਅਰਥ:- ਸਚੁ ਸੁਭਾਖੈ-ਸੱਚ ਕਹੇ, utterance of truth। **ਰਪੈ-ਰੰਗੇ,** immerse। **ਕਬਹੂ-ਕਦੇ ਵੀ,** never। **ਨ ਜਾਵੈ-ਨਹੀਂ ਜਾਂਦਾ,** never goes।

ਗੁਰੂ ਜੀ ਕਹਿੰਦੇ ਹਨ, ਸੱਚ ਹੀ ਜੋ ਕਹੇ ਅਤੇ ਸੱਚੇ ਨਾਮ ਵਿੱਚ ਮਨ ਨੂੰ ਰੰਗੇ (ਰਪੈ) ਤਾਂ ਇਹ ਰੰਗ ਕਦੀ ਵੀ ਨਹੀਂ ਜਾਦਾ ॥੬੫॥

Guru Ji says that one who speaks the truth and dyes the mind with the True Name (Almighty's Name) thereafter the colour of True Name never fades or disappears.

ਜਾ ਇਹੁ ਹਿਰਦਾ ਦੇਹ ਨ ਹੋਤੀ ; ਤਉ ਮਨੁ ਕੈਠੈ ਰਹਤਾ ॥

ਪਦ ਅਰਥ:- ਦੇਹ-ਸਰੀਰ, body। **ਨ ਹੋਤੀ-ਨਾ ਹੁੰਦੀ,** non-existence। **ਤਉ-ਤਾਂ,** then। **ਕੈਠੈ-ਕਿਥੇ,** where। **ਰਹਤਾ-ਰਹਿੰਦਾ,** dwells।

ਪ੍ਰਸ਼ਨ ੯੫ – ਜਦ ਇਹ ਹਿਰਦਾ ਅਤੇ ਦੇਹ ਨਹੀਂ ਹੁੰਦੀ ਸੀ, ਤਦ ਇਹ ਮਨ ਕਿਥੇ (ਕੈਠੈ) ਰਹਿੰਦਾ ਸੀ?

Question No. 95: Where did the mind reside when the real-self (Atma within the body) and body was not in existence?

ਨਾਭਿ ਕਮਲ ਅਸਥੰਭੁ ਨ ਹੋਤੋ ; ਤਾ ਪਵਨੁ ਕਵਨ ਘਰਿ ਸਹਤਾ ॥

ਪਦ ਅਰਥ:- ਨਾਭਿ ਕਮਲ-ਨਾਭੀ (belly button) **ਕਮਲ** (lotus)। **ਅਸਥੰਭੁ-ਆਸਰਾ,** support। **ਨ ਹੋਤੋ-ਨਾ ਹੁੰਦਾ। ਕਵਨ-ਕਿਥੇ। ਸਹਤਾ-ਸਹਾਰੇ, ਆਸਰੇ,** support।

ਪ੍ਰਸ਼ਨ ੯੬ – ਜਦ ਨਾਭੀ ਕਮਲ ਆਸਰਾ ਨਹੀਂ (ਅਸਥੰਭੁ) ਹੁੰਦਾ ਸੀ ਤਾਂ ਸਵਾਸ (ਪਵਨੁ) ਕਿਹੜੇ ਘਰ ਦੇ ਸਹਿਤ ਸੰਜੁਗਤ ਭਾਵ ਕਿਸ ਦੇ ਆਸਰੇ ਸੀ?

Question No. 96: When there was no support from mother's neval then where did the breath resided which means that what was the support for the breath at that time?

ਰੂਪੁ ਨ ਹੋਤੋ ਰੇਖ ਨ ਕਾਈ ; ਤਾ ਸਬਦਿ ਕਹਾ ਲਿਵ ਲਾਈ ॥

ਪਦ ਅਰਥ:- ਰੂਪੁ-ਅਕਾਰ, form। **ਰੇਖੁ-ਹੱਥ ਪੈਰ ਦੀਆਂ ਲਕੀਰਾਂ,** lines on the palm and feet। **ਕਾਈ-ਕੋਈ। ਸਬਦਿ-ਪ੍ਰਮਾਤਮਾ। ਕਹਾ-ਕਿਥੇ,** where। **ਲਿਵ-ਟੇਕ, ਬਿਰਤੀ,** concentration। **ਲਾਈ-ਲੱਗੀ, ਲਗਾਈ,** focused।

ਪ੍ਰਸ਼ਨ ੯੭ – ਰੂਪ ਨਹੀਂ ਸੀ ਫਿਰ ਰੇਖ ਵੀ ਕੋਈ (ਕਾਈ) ਨਹੀਂ ਸੀ ਤਾਂ ਪ੍ਰਮਾਤਮਾ ਦੀ ਕਿਥੇ ਲਿਵ ਲੱਗੀ ਸੀ, ਭਾਵ ਕਿਸ ਵਸਤੂ ਵਿੱਚ ਵਿਆਪਕ ਸੀ?

Question No. 97: When there was no form neither cause (Rekh-the line created based on previous deeds), then where was the Almighty's meditational focus concentrated means in which Almighty was immersed?

ਰਕਤੁ ਬਿੰਦੁ ਕੀ ਮੜੀ ਨ ਹੋਤੀ ; ਮਿਤਿ ਕੀਮਤਿ ਨਹੀ ਪਾਈ ॥

ਪਦ ਅਰਥ:- ਰਕਤੁ-ovum। **ਬਿੰਦੁ-ਵੀਰਜ,** sperm। **ਮੜੀ-ਦੇਹ, ਸਰੀਰ,** body। **ਨ ਹੋਤੀ-ਨਾ ਹੁੰਦੀ। ਮਿਤਿ-ਮਰਯਾਦਾ,** practice। **ਕੀਮਤਿ-ਮੁੱਲ,** value।

ਪ੍ਰਸਨ ੯੮ – ਰਕਤ ਬਿੰਦ ਦੀ ਮੜੀ ਜੋ ਦੇਹ ਹੈ, ਜਦ ਉਹ ਨਹੀਂ ਹੁੰਦੀ ਸੀ ਤਦ ਮਰਯਾਦਾ (ਮਿਤਿ) ਦੀ ਕੀਮਤ ਨਹੀਂ ਪਾਈ ਜਾਦੀ ਸੀ, ਭਾਵ ਤਦ ਗੁਰਮੁਖ ਕਿਸ ਦਾ ਮੂਲ ਪਛਾਣਦੇ ਸਨ?

Question No. 98: When the ovum and sperm's physical body was not in existence then the value of practice was not determined means that whose value was recognised by the Gurmukh?

ਵਰਨੁ ਭੇਖੁ ਅਸਰੂਪੁ ਨ ਜਾਪੀ ; ਕਿਉ ਕਰਿ ਜਾਪਸਿ ਸਾਚਾ ॥

ਪਦ ਅਰਥ:- ਵਰਨੁ-ਰੰਗ, caste। **ਭੇਖੁ-ਰੂਪ,** form। **ਅਸਰੂਪੁ-ਸਰੂਪ,** specific form। **ਨ ਜਾਪੀ-ਨਹੀਂ ਜਾਪਦਾ। ਕਿਉ-ਕਿਵੇਂ। ਜਾਪਸਿ-ਜਾਣਿਆ,** known। **ਸਾਚਾ-ਸੱਚਾ ਵਾਹਿਗੁਰੂ।**

ਪ੍ਰਸ਼ਨ ੯੯ – ਵਰਨ ਭੇਖ ਰੂਪ ਜਦ ਇਹ ਨਹੀਂ ਜਾਣੀਦੇ ਹਨ, ਤਾਂ ਕਿਸ ਪ੍ਰਕਾਰ ਪਰਮਾਤਮਾ (ਸਾਚਾ) ਜਾਣਿਆ ਜਾਂਦਾ ਸੀ, ਭਾਵ ਤਦ ਤਰਲੋਕੀ ਵਿੱਚ ਜੋਤਿ ਕਿਵੇਂ ਪਾਈਦੀ ਸੀ?

Question No. 99: When the caste, costume and form was unknown then how was Almighty being recognised means that how was then the light (Almighty) being obtained?

ਨਾਨਕ ਨਾਮਿ ਰਤੇ ਬੈਰਾਗੀ ; ਇਬ ਤਬ ਸਾਚੋ ਸਾਚਾ ॥੬੬॥

ਪਦ ਅਰਥ:– ਨਾਮਿ ਰਤੇ–ਨਾਮ ਵਿੱਚ ਰੰਗੇ। ਬੈਰਾਗੀ–ਵੈਰਾਗਵਾਨ, ਸਨਿਆਸੀ, ascetic। **ਇਬ–ਹੁਣ,** now। **ਤਦੋ–ਤਦ,** then।

ਗੁਰੂ ਜੀ ਕਹਿੰਦੇ ਹਨ, ਜੋ ਨਾਮੀ ਵਿੱਚ ਰੱਤੇ ਹਨ, ਉਹ ਬੈਰਾਗੀ ਬਿਰੱਕਤ ਹਨ। ਹੁਣ (ਇਬ) ਜਦ ਕੁਝ ਪ੍ਰਾਣਾਦਿ ਵਿਵਹਾਰ ਹੈ ਅਤੇ ਤਦ ਜਿਸ ਸਮੇਂ ਜਦ ਪ੍ਰਾਣਾਦਿ ਵਿਵਹਾਰ ਨਹੀਂ ਸੀ, ਉਹ ਉਸ ਦੇ ਨਿਸਚੇ ਵਿੱਚ ਤਾਂ ਸੱਚਾ ਹੀ ਸੱਚਾ ਹੈ॥੬੬॥

Guru Ji says that those who are immersed in Almighty's Name become ascetic (Vairagi – freedom from worldly desires) have ever consistent faith without any change during the materialisation of life-forces or without the life-forces as in their believe in truth (Truth ever exist before, during and after the creation). Guru Ji gave an ideological answer for the questions.

ਹਿਰਦਾ ਦੇਹ ਨ ਹੋਤੀ ਅਉਧੂ ; ਤਉ ਮਨੁ ਸੁੰਨਿ ਰਹੈ ਬੈਰਾਗੀ ॥

ਪਦ ਅਰਥ:– ਦੇਹ–ਸਰੀਰ, body। **ਤਉ–ਤਾਂ,** then। **ਸੁੰਨਿ–ਅਫੁਰ,** thoughtless state।

ਉੱਤਰ ੯੫ – ਹੇ ਅਵਧੂਤ! ਜਦ ਹਿਰਦਾ ਅਤੇ ਦੇਹ ਨਹੀਂ ਹੁੰਦੀ ਸੀ ਤਦ ਇਹ ਮਨ ਕਰਮਾਂ ਨਾਲ ਬਿਰਕਤ ਹੋ ਕੇ ਅਫੁਰ (ਸੁਨਿ) ਵਿੱਚ ਰਹਿੰਦਾ ਸੀ।

Answer No. 95: Dear Avdut, when the real-self (Atma within the body) and body was not in existence the mind remained in thoughtless form.

ਨਾਭਿ ਕਮਲੁ ਅਸਥੰਭੁ ਨ ਹੋਤੋ ; ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥

ਪਦ ਅਰਥ:– ਨਾਭਿ–ਨਾਭੀ। ਅਸਥੰਭੁ–ਆਸਰਾ, support। **ਨ ਹੋਤੋ–ਨਾ ਹੁੰਦਾ। ਨਿਜ ਘਰਿ–ਸ੍ਵੈ ਸਰੂਪ,** real-self। **ਬਸਤਉ–ਵਸਦਾ,** reside। **ਪਵਨੁ–ਸਵਾਸ,** breath। **ਅਨਰਾਗੀ–ਪ੍ਰੇਮੀ ਹੋ ਕੇ,** lover।

ਉੱਤਰ ੯੬ – ਜਦ ਨਾਭੀ ਕਮਲ ਆਸਰਾ ਨਹੀਂ ਹੁੰਦਾ ਸੀ ਤਾਂ ਸਵਾਸ ਆਪਣਾ ਜੋ ਕਾਰਣ ਹੈ (ਨਿਜ ਘਰਿ), ਪ੍ਰੇਮੀ (ਅਨਰਾਗੀ) ਹੋ ਕੇ ਵਸਦਾ ਹੈ।

Answer No. 96: When there was no support from mother's neval then the breath resided in its own-self (Nij-Ghar – Atma) by becoming the lover which means that the breath was supported by Almighty as He is the Primal Life of all therefore his Name itself is life.

ਰੂਪੁ ਨ ਰੇਖਿਆ ਜਾਤਿ ਨ ਹੋਤੀ ; ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥

ਪਦ ਅਰਥ:– ਤਉ–ਤਾਂ। ਅਕੁਲੀਣਿ–ਕੁਲ ਰਹਿਤ, without lineage। ਰਹਤਉ–ਰਹਿੰਦਾ ਹੈ।

ਉੱਤਰ ੯੭ – ਜਦ ਰੂਪ ਰੇਖ ਜਾਤੀ ਨਹੀਂ ਹੁੰਦੀ ਸੀ ਤਾਂ ਕੁਲ ਰਹਿਤ (ਅਕੁਲੀਣਿ) ਜੋ ਪ੍ਰਭੂ ਹੈ, ਉਹ ਹੀ ਸਾਰ ਰੂਪ ਹੋ ਕੇ ਰਹਿੰਦਾ ਸੀ।

Answer No. 97: When there was no form, cause (Rekh-the line based on previous deeds) and caste the Almighty who has no previous link with any generation lineages remain in His principal form (Sar Roop).

ਗਉਨੁ ਗਗਨੁ ਜਬ ਤਬਹਿ ਨ ਹੋਤਉ ; ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥

ਪਦ ਅਰਥ:– ਗਉਨੁ–ਪ੍ਰਿਥਵੀ, earth। ਗਗਨੁ–ਅਕਾਸ, sky। ਜਬ–ਜਦ, then। ਤ੍ਰਿਭਵਣ–ਤਿੰਨ ਭਵਣ, three dimensions। ਜੋਤਿ–ਪ੍ਰਕਾਸ਼, illumination। ਨਿਰੰਕਾਰ–ਪ੍ਰਮੇਸ਼ਰ, Formless (Almighty)।

ਉੱਤਰ ੯੮ – ਜਦ ਪ੍ਰਿਥਵੀ, ਪਵਨ ਅਤੇ ਅਕਾਸ (ਗਉਨੁ) ਨਹੀਂ ਹੁੰਦਾ ਸੀ, ਭਾਵ ਜਦ ਪੰਜ ਤੱਤ ਨਹੀਂ ਸੀ, ਤਦ ਤਿੰਨ ਭਵਨਾਂ ਦਾ ਪਤੀ ਜੋਤੀ ਪ੍ਰਕਾਸ ਜੋ ਨਿਰੰਕਾਰ ਹੈ, ਉਹ ਆਪੇ ਭਾਵ ਅਦੁਤੀ ਹੀ ਸੀ।

Answer No. 98: When the earth, air and sky was not in existence means when the five (5) principal elements were not in existence then Almighty the Master of three worlds (universe – Akash, Dharti & Pataal) and self-illuminated was all alone which means that when there was no creation at all, Almighty was there alone, whereby there was no practices as Gurmukhs were immersed in Almighty.

ਵਰਨੁ ਭੇਖੁ ਅਸਰੂਪੁ ਸੁ ਏਕੋ ; ਏਕੋ ਸਬਦੁ ਵਿਡਾਣੀ ॥

ਪਦ ਅਰਥ:– ਵਰਨੁ–ਰੰਗ, caste, creed। ਭੇਖੁ–ਭੇਸ, constume means school of thought। ਅਸਰੂਪ–ਸਰੂਪ। ਏਕੋ–ਇਕ ਪ੍ਰਮਾਤਮਾ। ਵਡਾਣੀ–ਅਸਚਰਜ, astonishing।

ਉੱਤਰ ੯੯ – ਵਰਨ ਭੇਖ ਭਾਵ ਅਕਾਰ (ਰੂਪ) ਜਦ ਉਹ ਇਕ ਹੀ ਸੀ (ਅਸ), ਉਹ ਅਸਚਰਜ ਰੂਪ ਇਕ ਬ੍ਰਹਮ ਹੀ ਥਾ ਭਾਵ ਉਥੇ ਧਿਆਨ ਕੌਣ ਕਿਸ ਦਾ ਕਰੇ।

Answer No.99: When the caste, costume and form were only One (Almighty) whose form is amazing then who shall meditate on whom means that Almighty was in His formless form and there were no other.

ਸਾਚ ਬਿਨਾ ਸੂਚਾ ਕੋ ਨਾਹੀ ; ਨਾਨਕ ਅਕਥ ਕਹਾਣੀ ॥੬੭॥

ਪਦ ਅਰਥ:– ਸੂਚਾ–ਸੁੱਚਾ। ਕੋ–ਕੋਈ। ਅਕਥ–ਕਥਨਾ ਤੋਂ ਰਹਿਤ।

ਸਚ ਧਾਰਨ ਬਿਨਾਂ ਸੁੱਚਾ ਕੋਈ ਵੀ ਨਹੀ ਹੈ। ਗੁਰੂ ਜੀ ਕਹਿੰਦੇ ਹਨ, ਇਹ ਅਕਥ ਕਹਾਣੀ ਹੈ ॥੬੭॥ ਸਿਧ ਪ੍ਰਸ਼ਨ ਕਰਦੇ ਹਨ:–

Without adopting the truth non is pure, Guru Ji says this is the undiscourseable (connot be completely described) description. Sidhas continues with their questions;

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ; ਕਿਤੁ ਕਿਤੁ ਦੁਖਿ ਬਿਨਸਿ ਜਾਈ ॥

ਪਦ ਅਰਥ:- ਕਿਤੁ-ਕਿਸ, by what। ਬਿਧਿ-ਬਿਧੀ, ਜੁਗਤ, method। ਉਪਜੈ-ਪੈਦਾ ਹੁੰਦਾ ਹੈ, initiates। ਬਿਨਸਿ-ਦੂਰ ਹੋ ਜਾਵੇ, ਨਾਸ ਹੋ ਜਾਵੇ, vanishes away।

ਪ੍ਰਸ਼ਨ ੧੦੦. ਹੇ ਪੁਰਖਾ! ਕਿਸ ਕਿਸ ਬਿਧੀ ਕਰਕੇ ਜਗਤ ਉਤਪੰਨ ਹੁੰਦਾ ਹੈ?

ਪ੍ਰਸ਼ਨ ੧੦੧. ਕਿਸ ਕਿਸ ਬਿਧੀ ਕਰਕੇ ਦੁਖ ਤੋਂ ਬਿਨਸ ਜਾਦਾ ਹੈ?

Question No. 100: Dear Purkha (Man) by which method the entire creation is brought into existence?

Question No. 101: By which method one perishes (vanishes) in pain?

ਹਉਮੈ ਵਿਚਿ ਜਗੁ ਉਪਜੈ ਪੁਰਖਾ ; ਨਾਮਿ ਵਿਸਰਿਐ ਦੁਖੁ ਪਾਈ ॥

ਪਦ ਅਰਥ:- ਉਪਜੈ-ਪੈਦਾ ਹੁੰਦਾ ਹੈ, ਉਪਜਦਾ ਹੈ, initiate। ਪੁਰਖਾ-ਹੇ ਪੁਰਖਾ! ਵਿਸਰਿਐ-ਭੁੱਲੇ ਤੋਂ। ਪਾਈ-ਪਾਉਂਦਾ ਹੈ, obtain।

ਉੱਤਰ ੧੦੦ – ਹੇ ਪੁਰਖਾ! ਹਉਮੈ ਵਿਚ ਜੱਗ ਉਪਜਦਾ ਹੈ।

ਉੱਤਰ ੧੦੧ – ਨਾਮ ਵਿਸਰਨ ਕਰਕੇ ਮਰ ਕੇ ਦੁਖ ਪਾਉਂਦਾ ਹੈ।

Answer No. 100: Dear Purkha (Man), the entire creation is brought into existence by ego.

Answer No. 101: Upon discarding the Almighty's Name one perishes in pains means that the entire materialistic worldly creation vanishes when one dies therefore pains are obtain after death.

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ; ਹਉਮੈ ਸਬਦਿ ਜਲਾਏ ॥

ਪਦ ਅਰਥ:- ਤਤੁ-ਮੁੱਢ, ਪ੍ਰਭੁ, principal (Almighty)। ਬੀਚਾਰੈ-ਵਿਚਾਰਦਾ ਹੈ, contemplate। ਹਉਮੈ-ਅਹੰਕਾਰ, ego। ਜਲਾਏ-ਜਲਾਉਂਦਾ ਹੈ, ਸਾੜਦਾ ਹੈ, burn।

ਜੋ ਗੁਰਮੁਖ ਹੁੰਦਾ ਹੈ, ਉਹ ਗਿਆਨ ਕਰਕੇ ਪ੍ਰਭੂ (ਤਤੁ) ਨੂੰ ਵਿਚਾਰਦਾ ਹੈ ਅਤੇ ਹਉਮੈ ਨੂੰ ਗੁਰ ਉਪਦੇਸ ਕਰਕੇ ਜਲਾਉਂਦਾ ਹੈ।

Through knowledge Gurmukh contemplates on Almighty, in this manner Gurmukh burns (vanishes) his ego within with Guru's sermons.

ਤਨੁ ਮਨੁ ਨਿਰਮਲੁ , ਨਿਰਮਲ ਬਾਣੀ ; ਸਾਚੈ ਰਹੈ ਸਮਾਏ ॥

ਪਦ ਅਰਥ:– ਤਨੁ–ਸਰੀਰ, ਦੇਹੀ, body। **ਨਿਰਮਲ–ਪਵਿੱਤਰ,** pure। **ਬਾਣੀ–ਬੋਲੀ,** speech। **ਸਾਚੈ–ਸੱਚੇ ਪ੍ਰਭੂ ਵਿੱਚ। ਸਮਾਏ–ਸਮਾਉਂਦੇ ਹਨ,** immersed।

ਜੋ ਸੱਚੇ ਪ੍ਰਭੂ ਵਿੱਚ ਸਮਾਏ ਹਨ, ਉਹ ਤਨ ਮਨ ਕਰਕੇ ਨਿਰਮਲ ਹਨ ਅਤੇ ਉਹਨਾਂ ਦੀ ਬਾਣੀ ਵੀ ਝੂਠ ਮੈਲ ਤੋਂ ਰਹਿਤ ਹੈ।

Those are pure whose body and mind is immersed in Almighty, their speech also becomes free from the dirt of false.

ਨਾਮੇ ਨਾਮਿ ਰਹੈ ਬੈਰਾਗੀ ; ਸਾਚੁ ਰਖਿਆ ਉਰਿ ਧਾਰੇ ॥

ਪਦ ਅਰਥ:– ਨਾਮੇ–ਨਾਮੀ ਪ੍ਰਮਾਤਮਾ। ਨਾਮਿ–ਨਾਮ ਵਿੱਚ। ਉਰਿ–ਹਿਰਦੇ ਅੰਦਰ, within heart। **ਧਾਰੇ–ਧਾਰਨ ਕਰਦਾ ਹੈ,** embraced।

ਨਾਮ ਸਿਮਰਨ ਕਰਕੇ ਬਿਰੱਕਤ ਹੋਇਆ ਨਾਮੀ ਪ੍ਰਮਾਤਮਾ ਵਿੱਚ ਇਸਥਿਰ ਹੋ ਕੇ ਰਹਿੰਦਾ ਹੈ। ਸਚ ਬੋਲਨ ਨੂੰ, ਭਾਵ ਸਤ ਰੂਪ ਹਰੀ ਨੂੰ ਹਿਰਦੇ ਵਿੱਚ ਧਾਰਨ ਕਰਕੇ ਰੱਖਦਾ ਹੈ।

By remembering Almighty's Name one becomes ascetic (Biraket – freedom from worldly desires) and remain attached to Almighty then through speaking the truth one adopts Almighty's form within.

ਨਾਨਕ, ਬਿਨੁ ਨਾਵੈ ਜੋਗੁ ਕਦੇ ਨ ਹੋਵੈ ; ਦੇਖਹੁ ਰਿਦੈ ਬੀਚਾਰੇ ॥੬੮॥

ਪਦ ਅਰਥ:– ਬਿਨੁ–ਬਿਨਾ, without। **ਨਾਵੈ–ਪ੍ਰਭੂ ਦੇ ਨਾਮ ਤੋਂ,** Almighty's Name। **ਜੋਗੁ–ਜੁੜਨਾ,** union। **ਰਿਦੈ–ਹਿਰਦੇ ਵਿੱਚ,** within heart। **ਬੀਚਾਰੇ–ਵਿਚਾਰ ਕਰਕੇ,** contemplate।

ਗੁਰੂ ਜੀ ਕਹਿੰਦੇ ਹਨ, ਹੇ ਸਿਧੋ! ਤੁਸੀ ਹਿਰਦੇ ਵਿੱਚ ਵਿਚਾਰ ਕਰਕੇ ਦੇਖੋ ਬਿਨਾਂ ਨਾਮ ਤੋਂ ਜੋਗ ਪ੍ਰਾਪਤਿ ਕਦੀ ਨਹੀਂ ਹੁੰਦਾ॥੬੮॥ ਹੁਣ ਸਿਧਾਂਤ ਕਹਿੰਦੇ ਹਨ:–

Guru Ji says that Dear Sidhas contemplate in your mind, you will know that without Almighty's Name Yog (the union with Almighty) can never be attained.

ਗੁਰਮੁਖਿ ; ਸਾਚੁ ਸਬਦੁ ਬੀਚਾਰੈ ਕੋਇ ॥

ਗੁਰਮੁਖਿ ; ਸਚੁ ਬਾਣੀ ਪਰਗਟੁ ਹੋਇ ॥

ਪਦ ਅਰਥ:– ਸਾਚਿ–ਸੱਚਾ, true। **ਸਬਦੁ–ਪ੍ਰਭੂ,** Almighty। **ਕੋਇ–ਕੋਈ। ਸਚੁ–ਸੱਚੀ।**

ਕੋਈ ਗੁਰਮੁਖ ਹੀ ਸੱਚੇ ਪ੍ਰਮਾਤਮਾ ਨੂੰ ਵਿਚਾਰਦਾ ਹੈ ਅਤੇ ਗੁਰਮੁਖਾਂ ਦੀ ਸੱਚੀ ਬਾਣੀ ਸੰਸਾਰ ਵਿੱਚ ਪਰਗਟ ਹੁੰਦੀ ਹੈ।

Gurmukh is the only rare one who contemplates on the True Almighty.

The words that are uttered by Guru from His mouth manifest as the True Hymn (Gurbani) in the entire universe.

ਗੁਰਮੁਖਿ ਮਨੁ ਭੀਜੈ ; ਵਿਰਲਾ ਬੂਝੈ ਕੋਇ ॥

ਗੁਰਮੁਖਿ , ਨਿਜ ਘਰਿ ਵਾਸਾ ਹੋਇ ॥

ਪਦ ਅਰਥ:- ਭੀਜੈ-ਭਿੱਜਦਾ ਹੈ, soaked means totally engrossed। **ਵਿਰਲਾ-ਕੋਈ ਕੋਈ ਹੀ,** rare one। **ਬੂਝੈ-ਬੁੱਝਦਾ ਹੈ,** understands। **ਨਿਜ ਘਰਿ-ਸ੍ਵੈ ਸਰੂਪ,** real-self। **ਵਾਸਾ-ਟਿਕਾਣਾ, ਠਹਿਰਦਾ,** dwell।

ਗੁਰਾਂ ਦੁਆਰੇ ਕਿਸੇ ਵਿਰਲੇ ਦਾ ਮਨ ਭਿੱਜਦਾ ਹੈ। ਜਿਸ ਦਾ ਭਿੱਜਦਾ ਹੈ, ਉਹ ਹੀ ਬੁੱਝਦਾ ਹੈ, ਭਾਵ ਸਮਝਦਾ ਹੈ। ਇਸ ਤਰ੍ਹਾਂ ਗੁਰਮੁਖਾਂ ਦਾ ਸ੍ਵੈ ਸਰੂਪ (ਨਿਜ ਘਰਿ) ਵਿੱਚ ਵਾਸਾ ਹੁੰਦਾ ਹੈ।

Through Guru only the very rare one's mind engrosses in Almighty and only those discovers means that only those understand the truth.

Such Gurmukh abides (resides) in their true form (Atma – real-self)

ਗੁਰਮੁਖਿ ; ਜੋਗੀ ਜੁਗਤਿ ਪਛਾਣੈ ॥

ਗੁਰਮੁਖਿ ਨਾਨਕ ; ਏਕੋ ਜਾਣੈ ॥੬੯॥

ਪਦ ਅਰਥ:- ਜੁਗਤਿ-ਜਾਂਚ, method। **ਪਛਾਣੈ-ਪਛਾਣਦਾ ਹੈ,** recognises। **ਏਕੋ-ਇਕ ਪ੍ਰਭੂ,** One Almighty।

ਗੁਰਮੁਖ ਜੋ ਜੋਗੀ ਹਨ, ਉਹ ਜੋਗ ਦੀ ਜੁਗਤ ਪਹਿਚਾਣਦੇ ਹਨ। ਗੁਰੂ ਜੀ ਕਹਿੰਦੇ ਹਨ, ਗੁਰਮੁਖ ਇਕ ਵਾਹਿਗੁਰੂ ਨੂੰ ਹੀ ਜਾਣਦੇ ਹਨ॥੬੯॥

ਦੋ ਪ੍ਰਕਾਰ ਦੀ ਦ੍ਰਿਸ਼ਟੀ:-

੧. ਕੁੱਤਾ ਦ੍ਰਿਸ਼ਟੀ : ਜਦ ਕੁੱਤੇ ਨੂੰ ਲਾਠੀ ਨਾਲ ਮਾਰੇ ਤਦ ਉਹ ਲਾਠੀ ਉਪਰ ਆਪਣੀ ਨਿਗਾਹ ਨੂੰ ਟਿਕਾਉਂਦਾ ਹੈ। ਇਸੇ ਤਰਾਂ ਮਨਮੁਖ ਅਪੁਨੇ ਆਪ ਨੂੰ ਹੀ ਕਰਤਾ ਅਤੇ ਕਾਰਨ ਮਨਦੇ ਹਨ।

੨. ਸ਼ੇਰ ਦ੍ਰਿਸ਼ਟੀ : ਜਦ ਸ਼ੇਰ ਨੂੰ ਲਾਠੀ ਨਾਲ ਮਾਰੇ ਤਦ ਉਹ ਲਾਠੀ ਮਾਰਨ ਵਾਲੇ ਉੱਪਰ ਆਪਣੀ ਨਿਗਾਹ ਨੂੰ ਟਿਕਾਉਂਦਾ ਹੈ। ਇਸੇ ਸਰਾਂ ਗੁਰਮੁਖ ਵਾਹਿਗੁਰੂ ਨੂੰ ਹੀ ਕਰਤਾ ਅਤੇ ਕਾਰਨ ਮਨਦੇ ਹਨ।

Gurmukh is a true Yogi, who recognises the method to be in union with Almighty.

Guru Ji says that Gurmukh knows the Almighty alone means that they recognises Almighty within the entire creation as the physical form of mammon (maya) made by the five principal elements appears as false and they see Almighty equally in all.

There are two types of perception;

1. Dog's Preception – Whenever dog is beaten by a stick, the dog keeps the sight on the stick and tries to overpower the stick to avoid the harm. In the same manner some people with such perception only recognises the physical forms as their cause of happiness and sorrow therefore they blames others for all the matters which goes against them.

2. Lion's Perception – When a stick beats a lion, the lion keeps the sight on the person who is holding the stick and attacks the person without giving much concern to the stick. In the same manner some fortunate ones with such vision only recognises Almighty behind all the causes and despite of blaming other beings or Almighty they accepts the reality that whatsoever is in favour or against them is all due to them as the law of Karma.

ਬਿਨੁ ਸਤਿਗੁਰ ਸੇਵੇ ; ਜੋਗੁ ਨ ਹੋਈ ॥

ਬਿਨੁ ਸਤਿਗੁਰ ਭੇਟੇ ; ਮੁਕਤਿ ਨ ਕੋਈ ॥

ਪਦ ਅਰਥ:– ਸੇਵੇ–ਸਿਮਰੇ, remember। **ਭੇਟੇ–ਮਿਲੇ,** meet। **ਮੁਕਤਿ–ਮੁਕਤੀ,** liberate।

ਸਤਿਗੁਰੂ ਦੀ ਸੇਵਾ ਬਿਨਾਂ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਸਤਿਗੁਰਾਂ ਨੂੰ ਮਿਲੇ ਬਿਨਾ ਮੁਕਤੀ ਨੂੰ ਕੋਈ ਪ੍ਰਾਪਤ ਨਹੀਂ ਹੁੰਦਾ।

Without performing selfless service (Niskaam) for the True Guru (Satguru) Yog (the union with Almighty) can never be attained.

Without meeting the True Guru (Satguru) no one is able to attain salvation.

ਬਿਨੁ ਸਤਿਗੁਰ ਭੇਟੇ ; ਨਾਮੁ ਪਾਇਆ ਨ ਜਾਇ ॥

ਬਿਨੁ ਸਤਿਗੁਰ ਭੇਟੇ ; ਮਹਾ ਦੁਖੁ ਪਾਇ ॥

ਪਦ ਅਰਥ:– ਭੇਟੇ–ਮਿਲੇ, meet। **ਮਹਾ–ਬੜਾ,** great।

ਬਿਨਾਂ ਸਤਿਗੁਰੂ ਮਿਲੇ ਨਾਮ ਵੀ ਨਹੀਂ ਪਾਇਆ ਜਾਂਦਾ ਅਤੇ ਸਤਿਗੁਰਾਂ ਨੂੰ ਮਿਲਿਆਂ ਬਿਨਾਂ ਬੜਾ ਦੁਖ ਪਾਉਂਦਾ ਹੈ।

Without meeting the True Guru, Almighty's name cannot be obtained.

Without meeting the True Guru, jeev (being) obtains great pains.

ਬਿਨੁ ਸਤਿਗੁਰ ਭੇਟੇ ; ਮਹਾ ਗਰਬਿ ਗੁਬਾਰਿ ॥

ਪਦ ਅਰਥ:– ਭੇਟੇ–ਮਿਲੇ। ਮਹਾ–ਬੜਾ। ਗਰਬਿ–ਹੰਕਾਰ, ego। **ਗੁਬਾਰਿ–ਹਨੇਰੇ ਵਿੱਚ,** darkness।

ਬਿਨਾ ਸਤਿਗੁਰੂ ਮਿਲੇ ਵੱਡਾ ਹੰਕਾਰੀ (ਮਹਾ ਗਰਬਿ) ਹੋ ਜਾਂਦਾ ਹੈ। ਇਸ ਕਰਕੇ ਐਸੇ ਮਨ ਦੇ ਹਨੇਰੇ (ਗੁਬਾਰਿ) ਵਿੱਚ ਰਹਿੰਦਾ ਹੈ।

Without meeting the Guru, one becomes greatly egoistic and in such state of mind one remains in darkness (ignorance).

ਨਾਨਕ , ਬਿਨੁ ਗੁਰ ; ਮੁਆ ਜਨਮੁ ਹਾਰਿ ॥੭੦॥

ਪਦ ਅਰਥ:- ਮੁਆ–ਮਰਿਆ, dead। **ਹਾਰਿ–ਹਾਰ ਕੇ, ਗਵਾ ਕੇ,** lose।

ਗੁਰੂ ਜੀ ਕਹਿੰਦੇ ਹਨ, ਗੁਰਾਂ ਤੋਂ ਬਿਨਾ ਅਮੋਲਕ ਜਨਮ ਨੂੰ ਸੰਸਾਰ ਜੂਏ ਵਿੱਚ ਹਾਰ ਕੇ ਮਰਿਆ ਹੈ॥੭੦॥

Guru Ji says that without Guru one losses his precious life in worldly gamble and dies. Guru explained that till the predetermined death one has a chance to attain salvation therefore one gambles this precious life in worldly desires and misses the chance to attain salvation because one did not embrace a Guru in his lifetime in order to realise the reality and be knowledgeable about the reality thereafter the true mission of life.

ਗੁਰਮੁਖਿ ; ਮਨੁ ਜੀਤਾ , ਹਉਮੈ ਮਾਰਿ ॥

ਗੁਰਮੁਖਿ ; ਸਾਚੁ ਰਖਿਆ ਉਰ ਧਾਰਿ ॥

ਪਦ ਅਰਥ:- ਜੀਤਾ–ਜਿੱਤਿਆ ਹੈ, victories। **ਮਾਰਿ–ਮਾਰ ਕੇ, ਖਤਮ ਕਰਕੇ,** kill। **ਉਰ–ਹਿਰਦੇ,** heart। **ਧਾਰਿ–ਧਾਰ ਕੇ,** embrace।

ਗੁਰਮੁਖਾਂ ਨੇ ਹਉਮੈ ਨੂੰ ਮਾਰ ਕੇ ਮਨ ਨੂੰ ਜਿੱਤਿਆ ਹੈ ਅਤੇ ਗੁਰਮੁਖਾਂ ਨੇ ਹੀ ਸੱਚ ਨੂੰ ਹਿਰਦੇ ਵਿੱਚ ਧਾਰ ਰੱਖਿਆ ਹੈ।

Gurmukh with the Guru's grace succeeded in killing his ego within and win over the mind.

Gurmukh has embraced the truth (Almighty) within his heart.

ਗੁਰਮੁਖਿ ਜਗੁ ਜੀਤਾ ; ਜਮਕਾਲੁ ਮਾਰਿ ਬਿਦਾਰਿ ॥

ਗੁਰਮੁਖਿ ; ਦਰਗਹ ਨ ਆਵੈ ਹਾਰਿ ॥

ਪਦ ਅਰਥ:- ਜੀਤਾ–ਜਿੱਤਿਆ, win over। **ਜਮਕਾਲੁ–ਜਮਾਂ ਦਾ ਕਾਲ,** the angel of death who kills। **ਬਿਦਾਰਿ–ਪਾੜਨਾ, ਨਾਸ ਕਰਨਾ,** smash। **ਦਰਗਹ–ਪ੍ਰਭੂ ਦੀ ਦਰਗਾਹ,** Almighty's Court। **ਨ ਆਵੈ–ਨਹੀਂ ਆਉਂਦੀ,** never comes। **ਹਾਰਿ–ਹਾਰ,** defeat।

ਗੁਰਮੁਖਾਂ ਨੇ ਜੱਗ ਜਿੱਤਿਆ ਹੈ ਅਤੇ ਜਮ ਜੋ ਕਾਲ ਕਰਦਾ ਹੈ, ਉਸ ਨੂੰ ਮਾਰ ਦਿੱਤਾ ਹੈ। ਗੁਰਮੁਖਾਂ ਨੂੰ ਦਰਗਾਹ ਵਿੱਚ ਹਾਰਦੇ ਨਹੀਂ ਹਨ।

Gurmukh has obtained victory over the world, also killed and smashed the angel of death who brings death for all beings (jeev)

Gurmukh never faces defect in the Almighty's court.

ਗੁਰਮੁਖਿ ; ਮੇਲਿ ਮਿਲਾਏ , ਸੁੋ ਜਾਣੈ ॥

ਨਾਨਕ , ਗੁਰਮੁਖਿ ; ਸਬਦਿ ਪਛਾਣੈ ॥੭੧॥

ਪਦ ਅਰਥ:- ਮੇਲਿ–ਪ੍ਰਭੂ ਦੇ ਮੇਲ ਵਿੱਚ, unite। ਮਿਲਾਏ–ਮਿਲਾਉਂਦਾ ਹੈ, in union। ਸੁੋ–ਉਹ। ਜਾਣੈ–ਜਾਣਦਾ ਹੈ, knows। ਸਬਦਿ–ਪ੍ਰਭੂ, Almighty। ਪਛਾਣੈ–ਪਛਾਣਦਾ ਹੈ, ਜਾਣਦਾ ਹੈ, recognise।

ਜੋ ਗੁਰਮੁਖ ਦੇ ਮੇਲ ਵਿੱਚ ਆਪਣੇ ਆਪ ਨੂੰ ਮਿਲਾਉਂਦਾ ਹੈ, ਉਹ ਰਸ ਨੂੰ ਜਾਣਦਾ ਹੈ। ਗੁਰੂ ਜੀ ਕਹਿੰਦੇ ਹਨ, ਉਹ ਹੀ ਗੁਰਮੁਖ ਪ੍ਰਭੂ (ਸਬਦਿ) ਨੂੰ ਪਛਾਣਦੇ ਹਨ॥੭੧॥

Those who unite themselves in the congreagation of Gurmukh (Guru's word) shall know the taste of Almighty's bliss.

Guru Ji says that only such Gurmukh recognises Almighty in His hymn (Shabad) form.

ਸਬਦੈ ਕਾ ਨਿਬੇੜਾ ਸੁਣਿ ਤੂ ; ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥

ਪਦ ਅਰਥ:- ਨਿਬੇੜਾ–ਸਿਧਾਂਤ, principal। ਅਉਧੂ–ਅਵਧੂਤ, ascetic। !

ਹੇ ਅਵਧੂਤ ਸਿਧ! ਪ੍ਰਸ਼ਨ ਉੱਤਰ (ਸਬਦੈ ਕਾ) ਦਾ ਸਿਧਾਂਤ ਤੂੰ ਸੁਣ। ਨਾਮ ਬਿਨਾ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ, ਭਾਵ ਪ੍ਰਮੇਸ਼ਰ ਵਿੱਚ ਬਿਰਤੀ ਨਹੀਂ ਲੱਗਦੀ ਹੈ।

Dear Avdut (ascetic) Sidhas, now listen to the principals of the questions and answers, which is that without Almighty's Name the union (Yog) with Almighty can never be attained means that concentration of mind in Almighty cannot be achieved.

ਨਾਮੇ ਰਾਤੇ ਅਨਦਿਨੁ ਮਾਤੇ ; ਨਾਮੈ ਤੇ ਸੁਖੁ ਹੋਈ ॥

ਪਦ ਅਰਥ:- ਨਾਮੇ–ਨਾਮ ਵਿੱਚ, Almighty's Name। ਰਾਤੇ–ਰੰਗੇ। ਅਨਦਿਨੁ–ਰਾਤ (night) ਦਿਨ (day)। ਮਾਤੇ–ਮਸਤ। ਨਾਮੈ–ਨਾਮ ਵਿੱਚ। ਹੋਈ–ਹੁੰਦਾ ਹੈ।

ਜੋ ਨਾਮ ਵਿੱਚ ਰੰਗੇ ਹਨ, ਉਹ ਰਾਤ ਦਿਨ ਮਸਤ ਰਹਿੰਦੇ ਹਨ ਅਤੇ ਨਾਮ ਨਾਲ ਹੀ ਸਰਬ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

Those who are immersed in Almighty's love remains immersed in Almighty all times during day and night, all happiness can only be obtained from Almighty's Name.

ਨਾਮੈ ਹੀ ਤੇ ਸਭੁ ਪਰਗਟੁ ਹੋਵੈ ; ਨਾਮੇ ਸੋਝੀ ਪਾਈ ॥

ਪਦ ਅਰਥ:- ਨਾਮੈ–ਨਾਮ ਵਿੱਚ। ਪਰਗਟੁ–ਜਾਹਰ, manifest**। ਸੋਝੀ–ਗਿਆਨ, ਜਾਣਕਾਰੀ,** enlightment**। ਪਾਈ–ਪਾਈਦੀ ਹੈ,** attain**।**

ਨਾਮ ਨਾਲ ਹੀ ਸਭ ਗੁਣ ਪ੍ਰਗਟ ਹੁੰਦੇ ਹਨ। ਨਾਮ ਨਾਲ ਹੀ ਸਭ ਵਿਵਹਾਰਾਂ ਦੀ ਸੋਝੀ ਪਾਈਦੀ ਹੈ।

All virtues are manifested from Almighty's Name and through Almighty's Name the awareness of all worldly affairs are obtained means that the realisation of Almighty's existence within the entire universe and His Will in all the activities is obtained.

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ; ਸਚੈ ਆਪਿ ਖੁਆਈ ॥

ਪਦ ਅਰਥ:- ਬਿਨੁ ਨਾਵੈ–ਨਾਮ ਤੋਂ ਬਿਨਾ, without Almighty' Name **। ਭੇਖ–ਭੇਸ,** costume means school of thought**। ਬਹੁਤੇਰੇ–ਬਹੁਤ ਹਨ,** many**। ਸਚੈ–ਸੱਚੇ ਪ੍ਰਭੂ ਨੇ,** True means Almighty**। ਖੁਆਈ–ਗਵਾਈ, ਭੁਲਾਈ,** drift**।**

ਬਿਨਾ ਨਾਮ ਤੋਂ ਜੋ ਬਹੁਤ ਹੀ ਭੇਖ ਧਾਰਨ ਕਰਦੇ ਹਨ, ਸੱਚੇ ਨੇ ਆਪਣੇ ਸਰੂਪ ਤੋਂ ਉਹਨਾਂ ਦੀ ਬੁੱਧੀ ਭੁਲਾਈ ਹੋਈ ਹੈ।

Those who are without Almighty's Name those who adopts various costumes reflecting man-made faiths, their intellect is being drift by Almighty Himself. Guru Ji explains that without having faith on Almighty alone one wanders in various fake believes which are created by human for their own benefits and misguides ignorant people however Guru Ji reveals the ultimate truth that all are within Almighty's will.

ਸਤਿਗੁਰ ਤੇ ਨਾਮੁ ਪਾਈਐ ਅਉਧੂ ; ਜੋਗ ਜੁਗਤਿ ਤਾ ਹੋਈ ॥

ਹੇ ਅਵਧੂਤ ਗੋਰਖ ਜੀ! ਜੇ ਸਤਿਗੁਰਾਂ ਤੋਂ ਨਾਮ ਪ੍ਰਾਪਤ ਹੋਵੈ ਤਾਂ ਜੋਗ ਦੀ ਜੁਗਤੀ ਪ੍ਰਾਪਤ ਹੁੰਦੀ ਹੈ।

Dear Ascetic (Avdut- beyond wordly attachments) Gurakh Ji, the method of union (Yog) can only be obtained upon the attainment of Almighty's Name from the True Guru.

ਕਰਿ ਬੀਚਾਰੁ ਮਨਿ ਦੇਖਹੁ ਨਾਨਕ ; ਬਿਨੁ ਨਾਵੈ ਮੁਕਤਿ ਨ ਹੋਈ ॥੭੨॥

ਪਦ ਅਰਥ:- ਕਰਿ ਬੀਚਾਰੁ–ਵਿਚਾਰ ਕਰਕੇ, upon contemplating**। ਬਿਨੁ ਵਾਵੈ–ਨਾਮ ਤੋਂ ਬਿਨਾ,** without Almighty's Name**।**

ਗੁਰੂ ਜੀ ਕਹਿੰਦੇ ਹਨ, ਵਿਚਾਰ ਕਰਕੇ ਮਨ ਵਿੱਚ ਦੇਖੋ ਬਿਨਾ ਨਾਮ ਤੋਂ ਮੁਕਤੀ ਦੀ ਪ੍ਰਾਪਤੀ ਕਦੀ ਨਹੀਂ ਹੋਵੇਗੀ॥੭੨॥

ਬਾਣੀ ਦੀ ਸਮਾਪਤੀ ਕਰਦੇ ਹੋਏ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ:-

Guru Ji says that contemplates in your mind and you shall conclude that without Almighty's Name, salvation can never be obtained.

On the completion of Sidh Gost hymn Guru Ji presents his request before Almighty in the following Pauri.

ਤੇਰੀ ਗਤਿ ਮਿਤਿ ਤੂਹੈ ਜਾਣਹਿ ; ਕਿਆ ਕੋ ਆਖਿ ਵਖਾਣੈ ॥

ਪਦ ਅਰਥ:- ਗਤਿ–ਗਤੀ, limit। **ਮਿਤਿ–ਮਰਯਾਦਾ,** practice । **ਤੂਹੈ–ਤੂੰ ਹੀ,** You। **ਜਾਣਹਿ–ਜਾਣਦਾ ਹੈਂ,** knows। **ਕਿਆ–ਕੀ। ਕੋ–ਕੋਈ। ਵਖਾਣੈ–ਵਖਿਆਨ ਕਰੇ,** elaborate।

ਹੇ ਭਗਵਨ ਤੇਰੀ ਗਤੀ ਦੀ ਮਰਯਾਦਾ ਤੂੰ ਹੀ ਜਾਣਦਾ ਹੈਂ। ਤੇਰੀ ਮਰਯਾਦਾ ਕੋਈ ਕੀ ਕਹਿ ਕੇ ਵਖਿਆਨ ਕਰੇ।

Dear Almighty, only you know your limits of practice, as there is no one else who can completely utter or elaborate your way.

ਤੂ ਆਪੇ ਗੁਪਤਾ ਆਪੇ ਪਰਗਟੁ ; ਆਪੇ ਸਭਿ ਰੰਗ ਮਾਣੈ ॥

ਪਦ ਅਰਥ:- ਗੁਪਤਾ–ਨਿਰਗੁਣ ਰੂਪ, formless। **ਪਰਗਟ–ਜਾਹਰ,** evident। **ਮਾਣੈ–ਮਾਣਦਾ ਹੈਂ,** cherish।

ਤੂੰ ਆਪੇ ਨਿਰਗੁਣ (ਗੁਪਤਾ) ਰੂਪ ਹੈਂ ਅਤੇ ਆਪ ਹੀ ਸਰਗੁਨ (ਪਰਗਟੁ) ਹੈ। ਆਪ ਹੀ ਤੂੰ ਸਭ ਅਨੰਦਾਂ ਨੂੰ ਮਾਣਦਾ ਹੈਂ।

You are the hidden (Nirgun-the formless form of Almighty which is invisible) and you are evident (Sargun-manifested form of Almighty); you enjoy all the bliss.

ਸਾਧਿਕ ਸਿਧ ਗੁਰੂ ਬਹੁ ਚੇਲੇ ; ਖੋਜਤ ਫਿਰਹਿ ਫੁਰਮਾਣੈ ॥

ਪਦ ਅਰਥ:- ਸਾਧਿਕ–ਜਗਿਆਸੀ, prcticer, seeker। **ਬਹੁ–ਬਹੁਤ,** many। **ਖੋਜਤ–ਭਾਲਦੇ,** search। **ਫਿਰਹਿ–ਫਿਰਦੇ ਹਨ,** wander। **ਫੁਰਮਾਣੈ–ਹੁਕਮ,** command, Will।

ਜਗਿਆਸੀ (ਸਾਧਿਕ) ਅਤੇ ਸਿਧ ਭਾਵ ਗੁਰੂ ਅਤੇ ਬਹੁਤ ਚੇਲੇ ਤੇਰੇ ਹੁਕਮ ਨੂੰ ਖੋਜਦੇ ਫਿਰਦੇ ਹਨ।

The Practicers (or Seeker-Jagiasu), Sidhas, Guru and alots of disciple roams in the search for your command (hukam).

ਮਾਗਹਿ ਨਾਮੁ ਪਾਇ ਇਹ ਭਿਖਿਆ ; ਤੇਰੇ ਦਰਸਨ ਕਉ ਕੁਰਬਾਣੈ ॥

ਪਦ ਅਰਥ:- ਮਾਗਹਿ–ਮੰਗਦੇ ਹਨ, yearn। **ਪਾਇ–ਪਾਵੋ,** attain। **ਭਿਖਿਆ–ਨਾਮ ਰੂਪ ਭੀਖ,** charity। **ਕਉ–ਨੂੰ,** upon। **ਕੁਰਬਾਣੈ–ਬਲਿਹਾਰ,** sacrifice।

ਨਾਮ ਨੂੰ ਮੰਗਦੇ ਹਨ, ਕਹਿੰਦੇ ਹਨ ਜੇ ਸਾਨੂੰ ਇਹ ਭਿਖਿਆ ਪਾਵੋ ਅਸੀਂ ਤੇਰੇ ਦਰਸਨ ਤੋਂ ਕੁਰਬਾਨ ਜਾਂਦੇ ਹਾਂ।

All of them ask for your (Almighty) name as donation by praying before you ‘please bless us with such a donation for which we will sacrifice upon your glimpse (Darshan)’.

ਅਬਿਨਾਸੀ ਪ੍ਰਭਿ ਖੇਲੁ ਰਚਾਇਆ ; ਗੁਰਮੁਖਿ ਸੋਝੀ ਹੋਈ ॥

ਪਦ ਅਰਥ:- ਅਬਿਨਾਸੀ-ਵਿਨਾਸ਼ ਰਹਿਤ, beyond death, undestructive। **ਖੇਲੁ-ਖੇਡ,** play। **ਰਚਾਇਆ-ਰਚਿਆ ਹੈ,** created। **ਸੋਝੀ-ਗਿਆਨ, ਖਬਰ,** enlightment।

ਹੇ ਅਬਨਾਸੀ ਪ੍ਰਭੂ ! ਤੂੰ ਇਹ ਸਭ ਖੇਲ ਰਚਾਇਆ ਹੋਇਆ ਹੈ। ਇਹ ਖਬਰ (ਸੋਝੀ) ਗੁਰਾਂ ਤੋਂ ਹੀ ਪ੍ਰਾਪਤ ਹੋਈ ਹੈ।

Dear Eternal (Abnasi – Imperishable) Almighty, you have created the complete worldly game however the relisation of such fact can only be attained through a Guru.

ਨਾਨਕ ਸਭਿ ਜੁਗ ਆਪੇ ਵਰਤੈ ; ਦੂਜਾ ਅਵਰੁ ਨ ਕੋਈ ॥੭੩॥੧॥

ਪਦ ਅਰਥ:- ਸਭਿ ਜੁਗ-ਸਾਰੇ ਜੁਗਾਂ ਵਿੱਚ, all ages। **ਵਰਤੈ-ਵਰਤਦਾ ਹੈ,** existed। **ਅਵਰੁ-ਹੋਰ,** other।

ਗੁਰੂ ਜੀ ਕਹਿੰਦੇ ਹਨ, ਤੂੰ ਸਭ ਜੁਗਾਂ ਵਿੱਚ ਆਪ ਹੀ ਵਰਤਦਾ ਹੈ। ਤੇਰੇ ਤੋਂ ਬਿਨਾਂ ਦੂਸਰਾ ਹੋਰ ਕੋਈ ਵੀ ਨਹੀਂ ਹੈ॥੭੩॥੧॥

ਇਸ ਉਪਦੇਸ ਨੂੰ ਸ੍ਰਵਣ ਕਰਕੇ ਫਿਰ ਸਭ ਸਿਧਾਂ ਦੇ ਹਿਰਦੇ ਵਿੱਚ ਸਾਂਤ ਹੋਈ ਅਤੇ ਫਿਰ ਚਰਚਾ ਕਰਨਾ ਛੱਡ ਕੇ ਨਿਮਰਤਾ ਪੂਰਵਕ ਨਮਸਕਾਰ ਕਰਕੇ ਗੁਰੂ ਨਾਨਕ ਦੇਵ ਜੀ ਦੇ ਗੁਣ ਕਥਨ ਕਰਦੇ ਹੋਏ ਆਪਣੇ ਆਪਣੇ ਅਸਥਾਨਾਂ ਨੂੰ ਚਲੇ ਗਏ।

Guru Ji says that Almighty himself has lived through all ages and there is no one else other then You (Almighty) alone.

Upon listening to Guru Nanak Dev ji's sermons the sidhas obtained peace in their heart thereafter they stopped their discussion and bow to Guru Ji in humbleness and return to their respective places which uttering the praises of Guru Ji.